ਸੰਪਾਦਕ

# ਸਿਰਜਣਾ

★ ਸੰਤ ਸਿੰਘ ਸੇਖੋਂ
★ ਮੋਹਨ ਸਿੰਘ
★ ਬਾਵਾ ਬਲਵੰਤ
★ ਫ਼ੈਜ਼ ਅਹਿਮਦ ਫ਼ੈਜ਼
★ ਸੁਖਬੀਰ
★ ਸ. ਸ. ਮੀਸ਼ਾ
★ ਪਿਆਰਾ ਸਿੰਘ ਭੋਗਲ
★ ਸੁਰਜਨ ਜ਼ੀਰਵੀ
★ ਆੜ੍ਹਾ ਛੱਛਾ

# ਸਿਰਜਣਾ

ਪੰਜਾਬੀ ਸਾਹਿੱਤਕ ਤ੍ਰੈਮਾਸਿਕ

ਅੰਕ : 1
ਜੁਲਾਈ-ਅਗਸਤ-ਸਬਤੰਰ
1965

ਸੰਪਾਦਕ

ਰਘਬੀਰ ਸਿੰਘ

ਮੁਲ

ਇਕ ਪ੍ਰਤੀ-ਡੇਢ ਰੁਪਿਆ
ਵਾਰਸ਼ਕ ਦੇਸ-ਪੰਜ ਰੁਪਏ
ਪਰਦੇਸ-ਇਕ ਪੌਂਡ

ਸੰਪਾਦਕੀ ਤੇ ਪ੍ਰਬੰਧਕੀ ਪਤਾ:

345,R ਮਾਡਲ ਟਾਊਨ
ਜਲੰਧਰ

ਨਿਬੰਧ :

2. ਸੰਪਾਦਕੀ — ਪ੍ਰਗਤਿਵਾਦੀ ਧਾਰਾ ਦਾ ਪੁਨਰ ਸੰਗਠਨ
49. ਸੰਤ ਸਿੰਘ ਸੇਖੋਂ — ਬੁਧੀਜੀਵੀ ਵਰਗ ਤੇ ਰਾਜਸੱਤਾ
53. ਆਜ਼ਾ. ਛੱਛਾ — ਦੇਸ ਭਗਤੀ
58. ਫ਼ੈਜ਼ ਅਹਿਮਦ ਫ਼ੈਜ਼ — ਕਲਾਕਾਰ ਤੇ ਅੱਗੇ ਵਧੂ ਸਮਾਜਿਕ ਪ੍ਰਬੰਧ

ਕਵਿਤਾ :

7. ਮੋਹਨ ਸਿੰਘ — ਗ਼ਜ਼ਲ
8. ਬਾਵਾ ਬਲਵੰਤ — ਕੰਵਲ-ਸਰ
11. ਸ. ਸ. ਮੀਸ਼ਾ — ਅੱਟਣ
12. ਮੋਹਨਜੀਤ — ਬਣਦੀਆਂ ਮਿਟਦੀਆਂ ਰੇਖਾਵਾਂ
15. ਸੁਰਿੰਦਰ ਗਿੱਲ — ਇਕ ਦੁਖਾਂਤ
16. ਜੋਗਾ ਸਿੰਘ — ਪੰਛੀ ਤੇ ਭਾਂਬੜ
17. ਅਮਰਜੀਤ ਸਿੰਘ — ਬਾਰੂਦ ਪਨੀਰੀ
18. ਅਮਰ ਚਿਤਰਕਾਰ — ਸੰਕੇਤ
19. ਸੁਰਜੀਤ ਹਾਂਸ — ਦਰਦਾਂ ਵਾਲੇ ਹੰਝੂ
22. ਫ਼ਤਿਹਜੀਤ — ਪੰਛੀ ਜਿਸ ਦਾ ਚਾਅ ਬਾਕੀ ਹੈ
23. ਪ੍ਰੀਤਮ ਸਿੰਘ ਰਾਹੀ — ਮਜ਼ਬੂਰੀਆਂ
24. ਸੁਰਿੰਦਰਜੀਤ — ਲਾਸ਼
25. ਸਰਬੰਸ — ਭੁੱਖ
26. ਹਮਦਰਦਵੀਰ — ਹੱਡੀਆਂ ਤੇ ਪਾਣੀ
27. ਸੁਰਜੀਤ ਰਾਮਪੁਰੀ — ਮਹਿਕ ਦੀ ਮੌਤ
28. ਗੁਰਦੀਪ — ਹਿਜਰ ਦੀ ਰਾਤ ਹੈ ਰੱਜ ਕੇ ਮੌਣ ਨੂੰ

ਕਹਾਣੀ :

29. ਸੁਖਬੀਰ — ਸੜਕਾਂ ਦਾ ਤਿਰਸ਼ੂਲ
34. ਪਿਆਰਾ ਸਿੰਘ ਭੋਗਲ — ਕਸੁੰਭੜੇ ਦਾ ਰੰਗ
41. ਗ. ਸ. ਸਹਿੰਸਰਾ — ਮੌਤ ਦੇ ਗਲਿਉਂ ਪਾਰ

ਪੁਸਤਕ ਪੜਚੋਲ

62. ਸੁਰਜਨ ਜ਼ੀਰਵੀ — ਪੰਜਾਬੀ ਕਵਿਤਾ ਵਿਚ 'ਕਾਗਜ਼ ਦਾ ਰਾਵ
68. ਨ. ਕ. ਜੋਸ਼ੀ — ਦਰਦ ਦਾ ਮਾਰਗ
73. ਰਘਬੀਰ ਸਿੰਘ — ਮੜ੍ਹੀ ਤੇ ਮਿੱਟੀ

ਚਿੱਤਰ ਕਲਾ ;

78. ਜਰਮਨ ਚਿੱਤਰਕਾਰ — ਕੇਟ ਕੋਲਵਿਟਜ਼

ਚੱਲਦੇ ਚੱਲਦੇ :

81. ਜਗੀਰ ਸਿੰਘ ਜਗਤਾਰ — ਡਾਇਰੀ ਦੀ ਡਾਇਰੀ

ਾਦਕੀ

# ਪ੍ਰਗਤਿਵਾਦੀ ਧਾਰਾ ਦਾ ਪੁਨਰ ਸੰਗਠਨ

"ਪ੍ਰਗਤਿਵਾਦੀ ਧਾਰਾ ਦਾ ਪੁਨਰ ਸੰਗਠਨ" ਉਕਤੀ ਦੀ ਵਰਤੋਂ ਉਤੇ ਅੱਗੇਵਧੂ ਾਜਿਕ ਕਦਰਾਂ ਵਿਚ ਵਿਸ਼ਵਾਸ਼ ਰੱਖਣ ਵਾਲੇ ਕਈ ਇਕ ਸੁਹਿਰਦ ਮਿੱਤਰ ਕੁਝ ਕਿੰਤੂ ਕਰਦੇ । ਉਹਨਾਂ ਦਾ ਕਹਿਣਾ ਹੈ ਕਿ ਪ੍ਰਗਤਿਵਾਦੀ ਧਾਰਾ ਪੰਜਾਬੀ ਸਾਹਿਤ ਵਿਚ ਉਵੇਂ ਕਿਵੇਂ ਾਪਤ ਹੈ, ਜਿਵੇਂ ਇਹ ਪਿਛਲੇ ਕੁਝ ਵਰ੍ਹੇ ਪਹਿਲਾਂ ਸੀ। ਪਰੰਤੂ ਥੋੜ੍ਹਾ ਜਿੰਨਾਂ ਯਥਾਰਥਕ ਏਆਂ ਇਹ ਜਾਣਿਆ ਜਾ ਸਕਦਾ ਹੈ ਕਿ ਅਜਿਹੇ ਵਿਚਾਰ ਰੱਖਣ ਵਿਚ ਯਥਾਰਥ ਨੂੰ ਪਰਵਾਨ ਨ ਨਾਲੋਂ ਸਾਡੇ ਸੁਹਿਰਦ ਮਿੱਤਰਾਂ ਦੀ ਅੰਤਰ ਭਾਵਨਾ ਵਧੇਰੇ ਕੰਮ ਕਰ ਰਹੀ ਹੁੰਦੀ ਹੈ।

ਕਿਸੇ ਵੀ ਸਮੇਂ, ਜੀਵਨ ਦੇ ਕਿਸੇ ਵੀ ਖੇਤਰ ਵਿਚ ਪ੍ਰਗਤਿਵਾਦੀ ਕੀਮਤਾਂ ਦਾ ਵਿਨਾਸ਼ ੀਂ ਹੁੰਦਾ। ਸਮਾਜਿਕ ਪ੍ਰਗਤੀ ਦਾ ਸਿਧਾਂਤ ਕੁਝ ਅਜਿਹਾ ਹੈ ਕਿ ਇਸਦੇ ਪ੍ਰੀਵਰਤਨ ਦਾ ਅਧਾਰ ਸਮੇਂ ਦੀਆਂ ਕੀਮਤਾਂ ਦਾ ਮਿਫਤੀ ਪ੍ਰੀਵਰਤਣ ਹੈ। ਇਸ ਲਈ ਇਹ ਤਾਂ ਸੰਭਵ ਹੈ ਕਿ ਜਿਹਨਾਂ ਅਸੀਂ ਅੱਜ ਪ੍ਰਗਤਿਵਾਦੀ ਕੀਮਤਾਂ ਪਰਵਾਨ ਕਰਦੇ ਹਾਂ, ਉਹ ਕੱਲ ਨੂੰ ਆਪਣੇ ਮਾਪ ਤੇ ਪੂਰੀਆਂ ਉਤਰਨ, ਪਰੰਤੂ ਇਹ ਸਚਾਈ ਹੈ ਕਿ ਸਮਾਜਿਕ ਤੋਰ ਨੂੰ ਅੱਗੇ ਖੜਨ ਵਾਲੀਆਂ ਕੀਮਤਾਂ ।ਵਿਆਪਕ ਰਹਿੰਦੀਆਂ ਹਨ।

ਇਸ ਦ੍ਰਿਸ਼ਟੀ ਤੋਂ ਵੇਖਿਆਂ ਸਾਨੂੰ ਆਪਣੇ ਸੁਹਿਰਦ ਮਿੱਤਰਾਂ ਨਾਲ ਸਹਿਮਤ ਹੋਣ (ਜਿਸ ਹੱਦ ਤਕ ਇਸ ਦੀ ਸੰਭਾਵਨਾ ਹੈ) ਕੋਈ ਕਿੰਤੂ ਨਹੀਂ, ਪਰੰਤੂ ਪੰਜਾਬੀ ਸਾਹਿਤ ਰ ਦੀ ਵਿਸ਼ੇਸ਼ ਪ੍ਰਸਿਥਿਤੀ ਦੇ ਪਰਸੰਗ ਵਿਚ ਸ਼ਾਇਦ ਇਹ ਵਿਸ਼ਵਾਸ਼ ਬਹੁਤਾ ਯਥਾਰਥਕ । ਕਿਉਂ ਜੁ ਅਸੀਂ ਭਾਵੇਂ ਪਰਵਾਨ ਕਰੀਏ ਜਾਂ ਨਾਂ, ਸਾਡੀ ਇੱਛਾ ਭਾਵੇਂ ਕਿਹੋ ਜਿਹੀ ਵੀ ਨਾ ਹੋਵੇ, ਇਹ ਇਕ ਸਚਾਈ ਹੈ ਕਿ ਪਿਛਲੇ ਕੁਝ ਵਰ੍ਹਿਆਂ ਵਿਚ ਅਖੌਤੀ ਪਰਯੋਗ- ੀਆਂ ਤੇ ਹੋਰ ਕਿੰਨੇ ਹੀ ਨਿੱਤ ਬਦਲਦੇ ਨਵੇਂ ਤੋਂ ਨਵੇਂ "ਵਾਦੀਆਂ" ਨੇ ਆਪਣਾ ਢੋਲ ਕੁਝ ੇ ਹੀ ਪਿਟਿਆ ਹੈ। ਭਾਵੇਂ ਇਹਨਾਂ ਦੀ ਝੋਲੀ ਵਿਚ ਢੋਲ ਦੇ ਅੰਦਰਲੇ ਖੋਲ ਵਾਂਗ ਹੈ ਤਾਂ ਨਹੀਂ ਸੀ, ਪਰ ਕੁਝ ਸਮਾਂ ਆਪਣੀ ਇਕ ਨਵੀਂ ਤਾਣ ਦੇ ਨਾਂ ਹੇਠ ਇਹ ਸੱਜਣ ਸਾਹਿਤ ਦਿਲਚਸਪੀ ਰੱਖਣ ਵਾਲਿਆਂ ਦਾ ਧਿਆਨ ਆਪਣੇ ਵਲ ਖਿੱਚਣ ਵਿਚ ਸਫਲ ਜ਼ਰੂਰ ਹੋਏ।

ਇਹਨਾਂ ਰੌਲਾ ਪਾਉਣ ਵਾਲਿਆਂ ਦੀ ਮੰਡਲੀ ਵਿਚ ਨਾਂ ਤਾਂ ਕਿਸੇ ਪਾਸ ਯੋਗ ਭਾਂਤ ਕਲਾ ਨ ਸੀ ਤੇ ਨਾਂ ਹੀ ਸਾਰਥਕ ਵਿਚਾਰ ਪ੍ਰਬੰਧ। ਇਸ ਲਈ ਆਪਣੀਆਂ ਬੇਤਾਲ ਕਲਾਬਾਜ਼ੀਆਂ ਇਹਨਾਂ ਨਵੀਨ ਸਿਰਜਣਾਤਮਕ ਕਲਾ ਦਾ ਨਾਂ ਦਿੱਤਾ ਅਤੇ ਆਪਣੇ ਬੌਧਿਕ ਦੀਵਾਲੀਆਪਨ ਨੂੰ

ਲੁਕਾਉਣ ਲਈ ਸਿੱਧੀ ਤੇ ਸੌਖੀ ਡੰਡੀ ਵਜੋਂ ਸਥਾਪਤ ਵਿਚਾਰ ਪਰਬੰਧ, ਜੋ ਨਿਸਚੇ ਹੀ ਪ੍ਰ
ਵਾਦੀ ਤੇ ਆਪਣੇ ਸਮੇਂ ਅਨੁਸਾਰ ਕ੍ਰਾਂਤੀਕਾਰੀ ਵੀ ਸੀ, ਦੇ ਵਿਰੋਧ ਵਿਚ ਆਪਣੀ ਵਿਡੱਣ
ਸਥਾਪਤ ਹੋਣ ਦਾ ਰਾਹ ਵੇਖਿਆ ।

ਸੁਖਪਾਲਵੀਰ ਸਿੰਘ ਹਸਰਤ ਸੱਚ ਮੁੱਚ ਆਪਣੀ ਕਰਨੀ ਤੇ ਮਾਣ ਕਰ ਸਕਦਾ ਹੈ
ਉਸ ਨੇ, ਸਭ ਤੋਂ ਪਹਿਲਾਂ, ਆਪਣੇ ਆਪ ਨੂੰ ਸਪਸ਼ਟ ਰੂਪ ਵਿਚ ਵਿਚਾਰਧਾਰਕ
ਤੋਂ ਪ੍ਰਗਤਿਵਾਦੀ ਧਾਰਾ ਦੇ ਵਿਰੋਧ ਵਿਚ ਹੀ ਖੜਾ ਨਹੀਂ ਕੀਤਾ, ਸਗੋਂ ਸਾਹਿਤ ਸੰਸਾਰ
ਛੇਤੀ ਸਥਾਪਤ ਹੋਣ ਦੀ ਨੀਤੀ ਨਾਲ ਸਭ ਪਾਸਿਆਂ ਤੋਂ ਆਉਂਦੀਆਂ ਵਿਰੋਧ ਤੇ ਲਾਅ
ਦੀਆਂ ਆਵਾਜ਼ਾਂ ਤੋਂ ਵਿਮੁੱਕਤ ਹੋ ਕੇ ਆਪਣਾ ਢੋਲ ਆਪ ਹੀ ਪਿੱਟੀ ਜਾਣ ਦਾ
ਦੱਸਿਆ। ਪੰਜਾਬੀ ਸਾਹਿਤ ਦੇ ਇਸ ਅਜੋਕੇ "ਸ਼ਕਤੀਵਾਦੀ" (!) ਭੁਲਵਾਨ ਤੋਂ ਮ
ਆਉਣ ਵਾਲੇ ਸੱਜਣ ਸ਼ਾਇਦ ਏਨੇ ਬਲਵਾਨ ਨਹੀਂ ਸਨ, ਜਾਂ ਉਹਨਾਂ ਵਿਚ ਸਾਹਸ ਦੀ
ਘਾਟ ਸੀ ਕਿ ਉਹ ਬਹੁਤਾ ਚਿਰ ਤੱਗ ਨਹੀਂ ਸਕੇ। ਉਹ ਜਾਂ ਤਾਂ ਆਪਣੀ ਸੁਹਿਰਦ ਅੰਤ
ਪਰੇਰਣਾ ਤੋਂ ਪਰੇਰਤ ਹੋ ਕੇ ਅਖਾੜੇ ਵਿਚੋਂ ਨਿਕਲ ਜਾਂਦੇ ਰਹੇ ਹਨ ਤੇ ਜਾਂ ਵਿਚਾਰੇ ਅ
ਜਹਾਦ ਦੀ ਨਿਰਾਰਥਕਤਾ ਦੇ ਸਨਮੁਖ ਢੇਰੀ ਢਾਹ ਜਾਂਦੇ ਰਹੇ ਹਨ ।

ਅੱਜ ਦੀ ਸਥਿਤੀ ਵਿਚ ਇਹ ਪਰਸੰਨਤਾ ਨਾਲ ਆਖਿਆ ਜਾ ਸਕਦਾ ਹੈ ਕਿ
"ਪਰਯੋਗਵਾਦੀ ਸੱਜਣ" ਹੁਣ ਮਰਨ ਅਵਸਥਾ ਵਿਚ ਹਨ, ਤੇ ਬਹੁਤ ਛੇਤੀ ਹੀ ਉਸ ਅੰ
ਪਹੁੰਚ ਗਏ ਹਨ, ਜਿਥੇ ਇਹਨਾਂ ਦਾ ਪਹੁੰਚਣਾ ਆਵਸ਼ਕ ਸੀ ।

ਪਰੰਤੂ ਪੰਜਾਬੀ ਸਾਹਿੱਤ ਤੇ ਕਲਾ ਨੂੰ ਇਕ ਨਿਸਚਤ ਯੋਜਨਾ ਅਧੀਨ ਪ੍ਰਤਿ
ਰਾਹ ਉਪਰ ਪਾਉਣ ਵਾਲੇ ਇਹਨਾਂ ਸੱਜਣਾਂ ਦਾ ਜ਼ਵਾਲ ਇਹ ਪ੍ਰਸ਼ਨ ਹੱਲ ਨਹੀਂ ਕਰਦ
ਪ੍ਰਗਤਿਵਾਦੀ ਧਾਰਾ, ਜੋ ਪੰਜਾਬੀ ਸਾਹਿਤ ਵਿਚ ਏਨੀ ਬਲਵਾਨ ਸੀ, ਕਿਉਂ (ਅਸੀਂ ਵਿ
ਕਰ ਗਈ ਨਹੀਂ ਆਖਾਂਗੇ) ਪਿਛੇ ਰਹਿ ਗਈ, ਜਾਂ, ਹੋਰ ਵਧੇਰੇ ਦਰੁਸਤ ਹੋਣ ਲਈ, ਖੜੋਤ
ਆ ਗਈ। ਇਹ ਪ੍ਰਸ਼ਨ ਅੱਜ ਵੀ ਉਵੇਂ ਕਿਵੇਂ ਕਾਇਮ ਹੈ, ਤੇ ਸਾਹਿਤ ਵਿਚ ਉਸਾਰੂ
ਦੇ ਝੰਡੇ ਬਰਦਾਰਾਂ ਲਈ ਇਹ ਅਵਸ਼ਕ ਹੈ ਕਿ ਜੇ ਪ੍ਰਗਤਿਵਾਦੀ ਧਾਰਾ ਨੂੰ ਉਹਨਾਂ
ਇਸ ਦਾ ਸ਼ਰੋਮਣੀ ਸਥਾਨ ਦਿਵਾਉਣਾ ਹੈ, ਤਾਂ ਉਹ ਇਸ ਦਾ ਗੰਭੀਰਤਾ
ਉੱਤਰ ਲੱਭਣ ।

ਇਸ ਸਬੰਧ ਵਿਚ ਡੂੰਘੇ ਅਧਿਅਨ ਤੋਂ ਬਿਨਾਂ ਵਿਸਥਾਰ ਪੂਰਵਕ ਚਰਚਾ ਦੀ
ਤਾਂ ਹੈ ਹੀ, ਪਰੰਤੂ ਕੁਝ ਕਾਰਨ ਏਨੇ ਪਰਗਟ ਹਨ ਕਿ ਉਹਨਾਂ ਸਬੰਧੀ ਕਿਸੇ ਬਹੁਤੇ ਸੰ
ਸੰਭਾਵਨਾ ਨਹੀਂ। ਤੇ ਉਹਨਾਂ ਅਨੁਸਾਰ ਪ੍ਰਗਤਿਵਾਦੀ ਧਾਰਾ ਦੇ ਬਹੁਸੰਮਤੀ ਲੇਖਕਾਂ ਦੇ ਕਿ
ਤਲ ਦੀ ਨਿਵਾਣ, ਤੇ ਫਲ ਸਰੂਪ ਉਹਨਾਂ ਦੀਆਂ ਰਚਨਾਵਾਂ ਵਿਚ ਉਪਭਾਵੁਕਤਾ, ਅਖ਼ਬਾਰੀ
ਸੰਕੀਰਣਤਾ ਤੇ ਕਲਾ ਸਾਧਨਾ ਦੀ ਅਣਹੋਂਦ ਆਦਿ ਕੁਝ ਮੁਖੀ ਔਗੁਣ ਇਸ ਸਥਿਤੀ ਲਈ
ਜ਼ਿਮੇਵਾਰ ਸਨ ।

ਸੁਤੰਤਰਤਾ ਸੰਗਰਾਮ ਦੇ ਦਿਨਾਂ ਵਿਚ ਅਕਤੂਬਰ ਇਨਕਲਾਬ ਦੇ ਸੰਸਾਰ ਕਿ

ਪ੍ਰਭਾਵ ਅਧੀਨ ਭਾਰਤ ਵਿਚ ਉਠੀਆਂ ਕਿਰਤੀ ਕਿਸਾਨ ਲਹਿਰਾਂ ਨੇ ਪੰਜਾਬੀ ਸਾਹਿਤ ਦੀ ਅੱਜ ਮੰਨੀ ਜਾਂਦੀ ਪ੍ਰਗਤਿਵਾਦੀ ਧਾਰਾ ਵਿਚ ਦੋ ਭਾਂਤ ਦੇ ਲੇਖਕਾਂ ਨੂੰ ਲਿਆਂਦਾ। ਇਕ ਤਾਂ ਉਹ ਜਿਹੜੇ ਸ਼੍ਰੇਣੀ ਪੱਖ ਤੋਂ ਕਿਰਤੀ ਕਿਸਾਨ ਤਾਂ ਭਾਵੇਂ ਨਹੀਂ ਸਨ ਪਰੰਤੂ ਮਧ ਸ਼੍ਰੇਣਿਕ ਸੰਸਕਾਰਾਂ ਅਨੁਸਾਰ ਉਹ ਬੌਧਿਕ ਪੱਧਰ ਉਪਰ ਪ੍ਰਗਤਿਵਾਦੀ ਤੇ ਸਮਾਜਵਾਦੀ ਭਾਵਾਂ ਨੂੰ ਅਪਨਾਉਂਦੇ ਸਨ, ਦੂਜੇ ਉਹ ਜੋ ਕਿਰਤੀ ਕਿਸਾਨਾਂ ਦੀਆਂ ਹੇਠਲੀਆਂ ਸ਼੍ਰੇਣੀਆਂ ਵਿਚੋਂ ਹੋਣ ਕਾਰਨ ਬਹੁਤਾ ਬੌਧਿਕ ਪੱਧਰ ਉਪਰ ਨਹੀਂ, ਸਗੋਂ ਭਾਵੁਕ ਪੱਧਰ ਉਤੇ ਸਮਾਜਵਾਦ ਤੇ ਪ੍ਰਗਤਿਵਾਦ ਦੇ ਅਨੁਆਈ ਬਣੇ ਸਨ।

ਸੁਤੰਤਰਤਾ ਪ੍ਰਾਪਤੀ ਤਕ ਤੇ ਉਸ ਦੇ ਮਗਰੋਂ ਦੇ ਕੁਝ ਵਰ੍ਹਿਆਂ ਵਿਚ ਸਾਮਰਾਜਵਾਦ ਤੇ ਪੂੰਜੀਵਾਦ ਦੇ ਨਾਲ ਸਿੱਧੀ ਤੇ ਸਪਸ਼ਟ ਟੱਕਰ ਦੇ ਪਿਛੋਕੜ ਵਿਚ ਇਹ ਕਲਾਕਾਰ ਆਪਣੇ ਵਿਕਾਸ ਪੱਥ ਤੇ ਠੀਕ ਸੇਧੇ ਤੁਰਦੇ ਗਏ, ਪਰੰਤੂ ਇਸਤੋਂ ਮਗਰੋਂ ਸੰਤ ਸਿੰਘ ਸੇਖੋਂ ਦੇ ਕਹਿਣ ਅਨੁਸਾਰ ਪੰਜਵਰਸ਼ੀ ਯੋਜਨਾਵਾਂ ਅਧੀਨ ਮਧ ਸ਼੍ਰੇਣੀ ਨੂੰ ਵਿਕਾਸ ਦੀਆਂ ਵਧੇਰੇ ਸੰਭਾਵਨਾਵਾਂ ਮਿਲਣ ਕਾਰਨ ਅਤੇ ਰਾਜਸੀ ਖੇਤਰ ਵਿਚ ਸੰਘਰਸ਼ ਦੇ ਸੰਚਾਲਕ ਰਾਜਸੀ ਦੋਲ ਦੀਆਂ ਸਰਗਰਮੀਆਂ ਵਿਚ ਕੁਝ ਠਹਿਰਾ ਆਉਣ ਉਪਰੰਤ, ਜਨਤਕ ਲਹਿਰ ਵਿਚ ਜੋ ਖੜੋਤ ਆਈ, ਉਸਦੇ ਫਲ ਸਰਪ ਸਾਡੇ ਪ੍ਰਗਤਿਵਾਦੀ ਸਾਹਿਤਕਾਰ ਵੀ ਆਪਣੇ ਘੁਰਨਿਆਂ ਵਿਚ ਸੁੰਗੜਦੇ ਗਏ।

ਸਮਾਜ ਵਿਚ ਆ ਰਹੇ ਨਵੇਂ ਪ੍ਰੀਵਰਤਣ ਪਰਯੋਗਵਾਦੀਆਂ ਤੇ ਹੋਰ ਕਈ ਇਸੇ ਪਰ-ਕਾਰ ਦੇ ਲੋਕਾਂ ਨੂੰ ਚਾਰ ਦਿਨ ਆਪਣਾ ਢੋਲ ਪਿੱਟਣ ਦਾ ਮੌਕਾ ਤਾਂ ਦਿੰਦੇ ਸਨ ਹੀ, ਇਸ ਲਈ ਉਸ ਖੜਕੇ ਦੜਕੇ ਦੀ ਅਵਾਜ਼ ਵਿਚ ਇਹ ਹੋਰ ਵੀ ਕੁਝ ਸਹਿਮਕੇ ਬੈਠ ਗਏ, ਭਾਵੇਂ ਇਹ ਵੀ ਸੱਚ ਹੈ ਕਿ ਆਪਣੇ ਵਿਚਾਰ ਦੀ ਸਚਿਆਈ ਤੋਂ ਬਹੁਤਿਆਂ ਦਾ ਵਿਸ਼ਵਾਸ਼ ਡੋਲਿਆ ਨਹੀਂ।

ਇਸ ਤਰ੍ਹਾਂ ਸੋਚਿਆਂ ਸਾਡੇ ਕੋਲ ਆਪਣੇ ਸਥਾਪਤ ਪ੍ਰਗਤਿਵਾਦੀ ਸਾਹਿਤਕਾਰਾਂ ਤੇ ਕਲਾਕਾਰਾਂ ਉਪਰ ਵੀ ਬਹੁਤੇ ਔਖੇ ਹੋਣ ਦੀ ਗੁੰਜਾਇਸ਼ ਨਹੀਂ, ਕਿਉਂ ਜੁ ਸਮੇਂ ਦੀ ਬਦਲਦੀ ਸਥਿਤੀ ਅਨੁਸਾਰ ਉਹਨਾਂ ਦੀ ਤੋਰ ਵਿਚ ਇਕ ਹੱਦ ਤਕ ਖੜੋਤ ਆ ਜਾਣੀ ਸੁਭਾਵਕ ਹੀ ਸੀ। ਜਿਵੇਂ ਕਿ ਅਸੀਂ ਸਭ ਪਰਵਾਨ ਕਰਦੇ ਹਾਂ, ਮਹਾਨ ਸਮਿਆਂ ਵਿਚ ਹੀ ਮਹਾਨ ਕਲਾ ਦੀ ਸਿਰਜਣਾ ਹੁੰਦੀ ਤੇ ਮਹਾਨ ਕਲਾਕਾਰ ਜਨਮ ਲੈਂਦੇ ਹਨ। ਸਮੇਂ ਦੀ ਇਹ ਮਹਾਨਤਾ ਸਮਾਜਿਕ ਖੇਤਰ ਵਿਚ ਪ੍ਰਗਤੀ ਦੀ ਤੋਰ ਤੇ ਉਭਰ ਰਹੀਆਂ ਸ਼ਕਤੀਆਂ ਦੇ ਸੰਘਰਸ਼ ਦੀ ਸਫਲਤਾ ਤੋਂ ਮਾਪੀ ਜਾ ਸਕਦੀ ਹੈ। ਗੁਰੂ ਨਾਨਕ ਦਾ ਸਮਾਂ ਵੀ ਇਕ ਹੱਦ ਤਕ ਅਜਿਹੀ ਮਹਾਨ ਕਵੀ ਆਤਮਾ ਦੀ ਉਪਜ ਦਾ ਕਾਰਨ ਹੈ। ਇਸੇ ਤਰ੍ਹਾਂ ਵਾਲਟੇਅਰ, ਰੂਸੋ, ਗੋਰਕੀ ਤੇ ਲੂਹ ਸੂਂਹ ਆਦਿ ਬਦੇਸ਼ੀ ਸਾਹਿਤ ਵਿਚੋਂ ਕੁਝ ਅਜਿਹੀਆਂ ਉਦਾਹਰਨਾਂ ਹਨ। ਇਸ ਪਰਕਾਰ ਪ੍ਰਗਤਿਵਾਦੀ ਸਾਹਿਤਕਾਰਾਂ ਦੇ ਪਿਛੇ ਹਟ ਜਾਣ ਵਿਚ ਉਹਨਾਂ ਦੀਆਂ ਆਪਣੀਆਂ ਕੁਝ ਕਮਜ਼ੋਰੀਆਂ ਤੋਂ ਬਿਨਾਂ ਸਾਡੇ ਸਮਾਜ ਦੀ ਅਜੋਕੀ ਖੜੋਤ ਵਿਚ ਆਈ ਸਥਿਤੀ ਵੀ ਤਾਂ ਜ਼ਿਮੇਵਾਰ ਹੈ।

ਪਰੰਤੂ ਕੁਝ ਨੌਜੁਆਨ ਕਲਾਕਾਰਾਂ, ਜਿਨ੍ਹਾਂ ਅਜੇ ਆਪਣੇ ਖੇਤਰ ਵਿਚ ਕੋਈ ਵਰਨਣਯੋਗ ਪ੍ਰਾਪਤੀ ਨਹੀਂ ਸੀ ਕੀਤੀ, ਪਰ ਜੋ ਜੀਵਨ ਦੀਆਂ ਪ੍ਰਗਤਿਵਾਦੀ ਕੀਮਤਾਂ ਵਿਚ ਵਿਸ਼ਵਾਸ਼ ਰੱਖਦੇ ਸਨ, ਨੂੰ ਪਰਯੋਗਵਾਦੀਆਂ ਆਦਿ ਦੇ ਰੌਲੇ ਨੇ ਕੁਝ ਭੰਬਲ-ਭੂਸਿਆਂ ਵਿਚ ਪਾ ਦਿਤਾ। ਉਹਨਾਂ

ਅਜੇ ਕੋਈ ਸਾਰਥਕ ਬੁਨਿਆਦ ਤਾਂ ਬਣਾਈ ਨਹੀਂ ਸੀ। ਇਸ ਲਈ ਸਾਹਿਤੱਕ ਪਿੜ ਵਿਚ ਦਾਖ਼ਲ ਹੋਣ ਸਮੇਂ ਪਰਯੋਗਵਾਦੀਆਂ ਦੇ ਰੌਲੇ ਦੇ ਸਨਮੁਖ ਉਹਨਾਂ ਆਪਣਾ ਰਾਹ ਇਸ ਨੀਤੀ ਵਿਚ ਵੇਖਿਆ ਕਿ ਉਹ ਵੀ ਸਥਾਪਤ ਪ੍ਰਗਤਿਵਾਦੀਆਂ ਤੋਂ ਨਿਰਾਸ਼ਤਾ ਦਾ ਪ੍ਰਗਟਾਵਾ ਕਰਨ ਤੇ ਆਪਣੇ ਆਪ ਨੂੰ ਵਧੇਰੇ ਨਵੀਨ ਸਿੱਧ ਕਰਨ। ਇਸ ਤਰ੍ਹਾਂ ਇਹ ਨੌਜੁਆਨ ਵੀ, ਇਕ ਬਹੁਤ ਵੱਡੇ ਭੁਲੇਖੇ ਅਧੀਨ, ਉਸੇ ਭਾਂਤ ਹੀ ਪ੍ਰਗਤਿਵਾਦੀ ਲੇਖਕਾਂ ਨੂੰ ਛੁਟਿਆਉਣ ਲਗੇ, ਜਿਸ ਤਰ੍ਹਾਂ ਕਿ ਸਾਡੇ ਵਿਰੋਧੀ ਖੇਤਰ ਦੇ ਮਿੱਤਰ ਕਰਦੇ ਸਨ। ਪਰੰਤੂ ਇਹ ਸੋਚ ਨਾ ਹੀ ਵਿਗਿਆਨਕ ਸੀ ਤੇ ਨਾ ਹੀ ਯਥਾਰਥਕ।

ਸਾਡੇ ਪ੍ਰਗਤਿਵਾਦੀ ਲੇਖਕਾਂ ਦੀਆਂ ਕਿਸੇ ਹਾਲਤ ਵਿਚ ਬੌਧਿਕ ਪੱਖ ਤੋਂ, ਤੇ ਕਿਸੇ ਹਾਲਤ ਵਿਚ ਸ਼੍ਰੇਣੀ ਸੰਸਕਾਰਾਂ ਅਧੀਨ, ਸੀਮਾਵਾਂ ਤਾਂ ਹਨ, ਪਰ ਸਾਰੇ ਰੌਲੇ-ਗੌਲੇ ਦੇ ਉਪਰੰਤ ਵੀ, ਜੋ ਤਸਵੀਰ ਬਣਦੀ ਹੈ, ਉਸ ਅਨੁਸਾਰ ਅੱਜ ਵੀ ਅਗਵਾਈ ਸੰਤ ਸਿੰਘ ਸੇਖੋਂ ਤੇ ਮੋਹਨ ਸਿੰਘ ਆਦਿ ਦੇ ਹੱਥਾਂ ਵਿਚ ਹੀ ਹੈ। ਇਹਨਾਂ ਦੀ ਪੀੜ੍ਹੀ ਦੇ ਕਲਾਕਾਰਾਂ ਦਾ ਮੁਲ ਕੇਵਲ ਇਤਿਹਾਸਕ ਹੀ ਨਹੀਂ, ਸਗੋਂ ਨਿਰਾਰਥਕ ਰੌਲਾ ਪਾਉਣ ਵਾਲੇ ਪਰਯੋਗਵਾਦੀਆਂ ਤੇ ਆਪਣੇ ਵਿਸ਼ਵਾਸ਼ ਤੋਂ ਡੋਲੇ ਕੁਝ ਨੌਜੁਆਨਾਂ ਦੇ ਟਾਕਰੇ ਅੱਜ ਵੀ ਇਹਨਾਂ ਦੀ ਪ੍ਰਾਪਤੀ ਵਧੇਰੇ ਸਾਰਥਕ ਹੈ।

ਤ੍ਰੈਮਾਸਿਕ ਸਿਰਜਣਾ ਦੀ ਉਤਪਤੀ ਦੀ ਇਸ ਤੋਂ ਵੱਡੀ ਉਚਿਤਤਾ ਹੋਰ ਕੋਈ ਨਹੀਂ ਕਿ ਇਸ ਰਾਹੀਂ ਪ੍ਰਗਤਿਵਾਦੀ ਧਾਰਾ ਦੇ ਟਾਵੇਂ ਟਾਵੇਂ ਰਹਿ ਗਏ ਵਿਰੋਧੀਆਂ ਨਾਲ ਬੌਧਿਕ ਪੱਧਰ ਉਤੇ ਨਿਪਟਣ ਤੇ ਖੁਦ ਇਸ ਧਾਰਾ ਨੂੰ ਸਮੇਂ ਦੇ ਹਾਣ ਦਾ ਬਣਾਈ ਰੱਖਣ ਲਈ ਸਮੇਂ ਸਮੇਂ ਆਉਂਦੀਆਂ ਕਮਜ਼ੋਰੀਆਂ ਤੋਂ ਸੁਚੇਤ ਰੱਖਣ ਦੇ ਯਤਨ ਕਰਦੇ ਰਹਿਣ ਦਾ ਸੰਕਲਪ ਹੈ।

—ਰਘਬੀਰ ਸਿੰਘ

---

ਸ਼ਰਧਾਂਜਲੀ :

# ਗਿ: ਦਰਦ—ਪੰਜਾਬੀ ਸਾਹਿੱਤ ਦੀ ਅੱਧੀ ਸਦੀ

ਪੰਜਾਬੀ ਦੇ ਉਘੇ ਸਾਹਿੱਤਕਾਰ ਗਿਆਨੀ ਹੀਰਾ ਸਿੰਘ ਦਰਦ ਦੀ 22 ਜੂਨ 1965 ਨੂੰ ਮਿਰਤੂ ਹੋ ਗਈ। ਆਪ ਪਿਛਲੇ ਦੋ ਸਾਲਾਂ ਤੋਂ ਅਧਰੰਗ ਦੀ ਬੀਮਾਰੀ ਕਾਰਨ ਮੰਜੇ ਉਤੇ ਪਏ ਸਨ।

'ਦਰਦ' ਜੀ ਅਜੇ ਤੀਸਰੀ ਜਮਾਤ ਵਿਚ ਹੀ ਪੜ੍ਹਦੇ ਸਨ ਜਦ ਆਪ ਨੇ ਕਵਿਤਾ ਲਿਖਣੀ ਅਰੰਭ ਦਿਤੀ ਸੀ। ਪਹਿਲੀਆਂ ਲਿਖਤਾਂ "ਦੁਖੀਆ" ਉਪਨਾਮ ਹੇਠ ਲਿਖੀਆਂ ਤੇ 1908 ਤੋਂ ਧਾਰਮਿਕ ਤੇ ਵਿਦਿਅਕ ਸਟੇਜਾਂ ਉਤੇ ਕਵਿਤਾਵਾਂ ਪੜ੍ਹਣੀਆਂ ਅਰੰਭੀਆਂ। "ਦਰਦ" ਉਪਨਾਉਂ 1918 ਵਿਚ ਅਪਨਾਇਆ ਸੀ।

ਆਪ ਹਰ ਸਮੇਂ ਵਿਚਾਰਧਾਰਾ ਪਖੋਂ ਮੂਹਰਲੀਆਂ ਸਫਾਂ ਵਿੱਚ ਰਹੇ। ਜਿਉਂ ਜਿਉਂ ਦੇਸ ਵਿਚ ਰਾਜਸੀ ਸੋਝੀ ਵੱਧਦੀ ਗਈ, ਆਪ ਵੀ ਅੱਗੇ ਤੁਰਦੇ ਗਏ। ਅਕਾਲੀ ਪਾਰਟੀ ਤੋਂ ਰਾਜਸੀ ਜੀਵਨ ਅਰੰਭ ਕੇ ਕਮਿਊਨਿਸਟ ਪਾਰਟੀ ਤੱਕ ਅੱਪੜੇ। ਆਪ ਦੀਆਂ ਲਿਖਤਾਂ ਵਿੱਚ ਵੀ ਇਸ ਤਰ੍ਹਾਂ ਹੀ ਵਿਕਾਸ ਹੋਇਆ। ਆਪਦੀ ਹਰ ਸਮੇਂ ਦੀ ਲਿਖਤ ਲੋਕ ਪੱਖੀ ਰਹੀ ਹੈ।

ਆਪ ਨੇ "ਦਰਦ ਸੁਨੇਹੇ", "ਹੋਰ ਅਗੇਰੇ", "ਚੋਣਵੇਂ ਦਰਦ ਸੁਨੇਹੇ" ਤੇ "ਕਿਸਾਨਾਂ ਦੀਆਂ ਆਹੀਂ" ਉਘੀਆਂ ਪੁਸਤਕਾਂ ਪੰਜਾਬੀ ਸਾਹਿੱਤ ਨੂੰ ਦਿਤੀਆਂ ਹਨ। ਆਪ ਦੀ ਕਵਿਤਾ ਰੂਪ ਵਜੋਂ ਰਵਾਇਤੀ ਨਿਯਮ ਬੱਧ ਲੀਹਾਂ ਉਤੇ ਚੱਲੀ ਹੈ ਪਰ ਖਿਆਲ ਵਿੱਚ ਨਵੀਨਤਾ ਦਾ ਨਰੋਆ ਪੱਖ ਹੈ। ਇਸ ਤਰ੍ਹਾਂ ਹੀ ਕਹਾਣੀਆਂ ਤੇ ਨਿਬੰਧਾਂ ਵਿੱਚ ਵੀ ਨਰੋਏ ਵਿਚਾਰ ਦਿਤੇ ਹਨ।

ਦਰਦ ਜੀ ਦੀ ਸਾਹਿੱਤ ਖੇਤਰ ਵਿਚ ਲੇਖਕ ਵਜੋਂ ਆਪਣੀ ਥਾਂ ਹੈ ਹੀ। ਪਰ ਬਹੁਤੀ ਦੇਣ ਜਥੇਬੰਦ ਸਾਹਿੱਤਕ ਲਹਿਰ ਉਸਾਰਨ ਵਿਚ ਹੈ। ਸਭ ਤੋਂ ਪਹਿਲਾਂ 1925 ਵਿੱਚ ਸਰਬ ਸ੍ਰੀ ਧਨੀ ਰਾਮ ਚਾਤ੍ਰਿਕ, ਮੌਲਾ ਬਖਸ਼ ਕੁਸ਼ਤਾ ਤੇ ਮੁਸ਼ਤਾਕ ਆਦਿ ਨਾਲ ਮਿਲਕੇ 'ਪੰਜਾਬੀ ਸਭਾ' ਦੀ ਸਥਾਪਨਾ ਕੀਤੀ। ਪਹਿਲੀ ਵਾਰ ਲੋਕਾਂ ਸਾਹਮਣੇ ਹਰ ਮਜ਼ਹਬ ਦੇ ਪੰਜਾਬੀਆਂ ਨੂੰ ਮਾਂ ਬੋਲੀ ਵਿੱਚ ਲਿਖੀਆਂ ਕਵਿਤਾਵਾਂ ਸਟੇਜਾਂ ਉਤੇ ਇਕੱਠੇ ਪੜ੍ਹਦੇ ਵਿਖਾਇਆ। ਇਸ ਲਹਿਰ ਨੇ ਜਿਥੇ ਪੰਜਾਬੀ ਬੋਲੀ ਪ੍ਰਤਿ ਘਟੀਆ ਵਿਚਾਰਾਂ ਨੂੰ ਗਲਤ ਸਾਬਤ ਕਰਨ ਵਿੱਚ ਹਿੱਸਾ ਪਾਇਆ, ਉਥੇ ਦੇਸ ਅਜ਼ਾਦੀ ਲਈ ਜਜ਼ਬੇ ਉਭਾਰਨ ਤੇ ਭਾਵ-ਆਤਮਕ ਏਕਤਾ ਲਿਆਉਣ ਵਿਚ ਚੰਗਾ ਕੰਮ ਕੀਤਾ।

ਫਿਰ 1956 ਵਿਚ "ਕੇਂਦਰੀ ਪੰਜਾਬੀ ਲੇਖਕ ਸਭਾ" ਦੀ ਨੀਂਹ ਰਖੀ ਜੋ ਆਪ ਦੇ ਸਰਗਰਮ ਜੀਵਨ ਤਕ ਬਹੁਤ ਸਰਗਰਮ ਰਹੀ।

ਆਪ ਦੇਸ ਸੰਗਰਾਮੀਏਂ ਤੇ ਲੇਖਕ ਹੋਣ ਦੇ ਨਾਲ ਨਾਲ ਇਕ ਚੰਗੇ ਪੱਤਰਕਾਰ ਵੀ ਸਨ। 1920 ਵਿੱਚ ਰੋਜ਼ਾਨਾ "ਅਕਾਲੀ" ਦੀ ਸੰਪਾਦਨਾ ਅਰੰਭੀ। ਸੰਨ 1924 ਵਿੱਚ "ਫੁਲਵਾੜੀ" ਸਾਹਿੱਤਕ ਮਾਸਿਕ ਜਾਰੀ ਕੀਤਾ ਜੋ ਦੇਸ ਦੀ ਵੰਡ ਤੱਕ ਲਗਾਤਾਰ ਜਾਰੀ ਰਿਹਾ ਤੇ ਪਿਛੋਂ ਵੀ ਕੁਝ ਵਰ੍ਹੇ ਛਪਦਾ ਰਿਹਾ। "ਫੁਲਵਾੜੀ" ਨੇ ਪੰਜਾਬੀ ਪੱਤਰਕਾਰੀ ਨੂੰ ਅੱਗੇ ਵਧਾਉਣ ਵਿੱਚ ਚੋਖਾ ਹਿੱਸਾ ਪਾਇਆ ਹੈ।

ਇਸ ਤਰ੍ਹਾਂ ਗਿਆਨੀ ਹੀਰਾ ਸਿੰਘ ਦਰਦ ਨੇ ਆਪਣੀ ਉਮਰ ਵਿਚੋਂ 50 ਸਾਲ ਦੇਸ ਦੀ ਅਜ਼ਾਦੀ, ਲੋਕ ਹੱਕਾਂ ਦੀ ਪ੍ਰਾਪਤੀ, ਪੰਜਾਬੀ ਬੋਲੀ ਤੇ ਇਸ ਦੇ ਸਾਹਿੱਤ ਦੀ ਉਨਤੀ ਲਈ ਲਾਏ।

ਪੰਜਾਬੀ ਬੋਲੀ ਤੇ ਇਸ ਦੇ ਸਾਹਿੱਤ ਨੂੰ ਆਪਦੀ ਦੇਣ ਸਦਾ ਯਾਦ ਰਹੇਗੀ।

# ਗ਼ਜ਼ਲ

ਮੋਹਨ ਸਿੰਘ

ਹੈ ਦਿਲ ਦੇ ਪੰਛੀ ਨੇ ਗਗਨਾਂ ਤੇ ਆਲ੍ਹਣਾ ਪਾਇਆ।
ਮਨੁੱਖ ਬਣ ਗਿਆ ਚੰਨ ਸੂਰਜਾਂ ਦਾ ਹਮਸਾਇਆ।

ਰਹੱਸ ਸੁਰਗਾਂ ਦਾ ਆਦਮ ਦੇ ਪੁਤ ਨੇ ਲਭਿਆ,
ਨਕਾਬ ਕਹਿਕਸ਼ਾਂ ਦਾ ਪਲਟਿਆ ਤੇ ਮੁਸਕਾਇਆ।

ਜੋ ਛੰਡ ਕੇ ਕੁਤਬ ਦੀ ਕਿੱਲੀ ਨੂੰ ਲੰਘ ਗਿਆ ਅੱਗੇ
ਫ਼ਲਕ ਤੇ ਦੋਸਤੋ ਇਹ ਕਿਹੜਾ ਸ਼ਾਹ ਸਵਾਰ ਆਇਆ?

ਜ਼ਿਮੀਂ ਤੋਂ ਪਹੁੰਚ ਗਿਆ ਕਿਹੜਾ ਏਥੇ ਖ਼ੁਮ-ਆਸ਼ਾਮ
ਖ਼ੁਮ ਆਸਮਾਨ ਦਾ ਜਿਸ ਆਣ ਸਾਰ ਉਲਟਾਇਆ?

ਸ਼ਰਾਬ ਰਿੰਦ ਨੇ ਪੀਤੀ ਹੈ ਕਿਹੜੇ ਠੇਕੇ ਤੋਂ
ਕਿ ਧੁੱਸ ਦੇ ਕੇ ਬਹਿਸ਼ਤਾਂ ਦੇ ਵਿੱਚ ਲੰਘ ਆਇਆ?

ਹੈ ਛਾਈ ਜਾਂਵਦੀ ਅਜ ਸੱਤਾਂ ਆਸਮਾਨਾਂ ਤੇ
ਹੈ ਕਿਸ ਆਦਰਸ਼ ਨੇ ਧਰਤੀ ਦਾ ਖ਼ੂਨ ਗਰਮਾਇਆ?

# ਕੰਵਲ-ਸਰ

ਬਾਵਾ ਬਲਵੰਤ

('ਦਸੂਹੇ' ਦੇ ਬਾਹਰਵਾਰ ਇੱਕ ਪੁਰਾਣਾ ਕੰਵਲ-ਸਰੋਵਰ ਹੈ। ਇਹ ਕਵਿਤਾ ਉਸ ਤੋਂ ਪ੍ਰਭਾਵਿਤ ਹੋ ਕੇ ਲਿਖੀ ਗਈ। ਕਵਿਤਾ ਦੀ ਤੇਹਰਵੀਂ (੧੩) ਸਤਰ ਵਿਚ ਲਿਖਿਆ ਹੈ—

"ਕੰਵਲ-ਸਰ ਜਨਤਾ ਵਿਚ ਅਪਣੀ ਤਾਕਤ ਦਾ ਹੈ ਜੋ ਪਾਣੀ" ਇਥੋਂ ਕੰਵਲ-ਸਰ ਦਾ ਪਹਿਲਾ ਭਾਵ ਬਦਲ ਜਾਂਦਾ ਹੈ ਤੇ ਇਸ ਸਤਰ ਤੋਂ, ਇਸ ਦਾ ਨਵਾਂ ਭਾਵ ਸ਼ੁਰੂ ਹੁੰਦਾ ਹੈ। ਕੰਵਲ—'ਜਨਤਾ' ਤੇ ਸਰ—'ਭਾਰਤ'। ਅਗੇ ਸਾਰੀ ਕਵਿਤਾ ਵਿਚ ਇਹੋ ਭਾਵ ਚਲਦਾ ਹੈ।)

ਕੰਵਲ-ਸਰ ਦੇ ਕਿਨਾਰੇ ਤੇ,
ਗੁਲਾਬੀ-ਠੰਡ ਜੀਵਨ ਦੀ,
ਪਿਆਜ਼ੀ ਹੁਸਨ ਦੀ ਗਰਮੀ;
ਕਲਾਕਾਰਾਂ ਨੂੰ ਮਿਲਦੀ ਏ।
ਕਲਾਕਾਰਾਂ ਨੂੰ ਮਿਲਦਾ ਏ ਸੁਨੇਹਾ ਅਪਣੀ ਤਾਕਤ ਦਾ,
ਕਿ ਕੰਵਲਾਂ ਕੋਲ ਹੈ ਜਦ ਤਕ—
ਸ੍ਵੈ-ਜੀਵਨ ਲਈ ਪਾਣੀ,
ਤਦੋਂ ਤਕ ਆਇਗਾ ਸੂਰਜ,
ਨਵੇਂ ਖੇੜੇ ਨਵੇਂ ਹਾਸੇ ਲਈ ਨਿੱਤ ਇਸ ਦੁਵਾਰੇ ਤੇ—
ਕੰਵਲ-ਸਰ ਦੇ ਕਿਨਾਰੇ ਤੇ।

ਕੰਵਲ-ਸਰ ਦੇ ਕਿਨਾਰੇ ਤੇ,
ਇਹ ਪਾਣੀ ਦਾ ਇਸ਼ਾਰਾ ਏ;—
ਕੰਵਲ ਹਿਰਦੇ 'ਚ ਸ਼ਕਤੀ-ਅਮਲ ਦਾ ਜੇਕਰ ਨਹੀਂ ਪਾਣੀ
ਕੋਈ ਸੂਰਜ ਬਚਾ ਸਕਦਾ ਨਹੀਂ ਏ, ਜ਼ਿੰਦਗੀ ਐਸੀ,
ਕੰਵਲ-ਸਰ ਜਨਤਾ ਵਿਚ ਅਪਣੀ ਤਾਕਤ ਦਾ ਹੈ ਜੋ ਪਾਣੀ,

ਖਿੜੇਗਾ ਦਿਨ ਬਦਿਨ ਜੀਵਨ,
ਬਦਲ ਜਾਏਗੀ, ਜ਼ਿੰਦਗਾਨੀ !
ਜੇ ਅਪਣੇ ਪਾਸ ਹੀ ਸ਼ਕਤੀ ਨਹੀਂ ਹੋਰਾਂ ਤੋਂ ਲੈਣਾ ਕੀ ?
ਕਲਾਕਾਰਾਂ ਨੂੰ ਮਿਲਦਾ ਏ ਸੁਨੇਹਾ ਅਪਣੀ ਤਾਕਤ ਦਾ,
ਕੰਵਲ-ਸਰ ਦੇ ਕਿਨਾਰੇ ਤੇ ।

ਕੰਵਲ-ਸਰ ਦੇ ਕਿਨਾਰੇ ਤੇ ਜੋ ਹਰ ਪਾਸੇ ਗ਼ਰੀਬੀ ਏ,
ਨਾ ਇਹ ਕਰਮਾਂ ਦਾ ਫਲ ਕੋਈ—
ਨਾ ਕੋਈ ਬਦਨਸੀਬੀ ਏ ।
ਇਹ ਉਸ ਮੰਦਰ ਦਾ ਕਾਰਾ ਏ,
ਖੜਾ ਹੈ ਜੋ ਨਵੇਂ ਲੋਹੇ ਤੇ ਚੰਦੀ ਦੇ ਸਹਾਰੇ ਤੇ,
ਇਹ ਇੱਕ ਮੰਦਰ ਏ, ਪਰ ਖੰਡਰ ਨਜ਼ਰ ਆਉਂਦੇ ਨੇ ਹਰ ਪਾਸੇ—
ਕੰਵਲ-ਸਰ ਦੇ ਕਿਨਾਰੇ ਤੇ ।

ਕੰਵਲ-ਸਰ ਦੇ ਕਿਨਾਰੇ ਤੇ,
ਨਵੇਂ ਫ਼ਾਕੇ ਦੀ ਇਸ ਦੁਨੀਆਂ 'ਚ 'ਮਿਹਨਤ ਦੇ ਸਿਤਾਰੇ' ਤੇ,
ਜਵਾਰਾਂ ਕੱਟ ਰਹੇ ਨੇ ਜੋ
ਉਰੇ ਮੂੰਜੀ ਜੋ ਲਾਉਂਦੇ ਨੇ,
ਪਰੇ ਜੋ ਹਲ ਚਲਾਉਂਦੇ ਨੇ,
ਖ਼ਿਜ਼ਾਂ ਦੀ ਸਖ਼ਤੀਆਂ ਦੇ ਨਾਲ ਇਹ ਲੜਦੇ ਹੀ ਆਏ ਨੇ—
ਇਨ੍ਹਾਂ, ਬੰਜਰ ਸਵਾਰੇ ਨੇ
ਇਨ੍ਹਾਂ ਕੱਲਰ ਉਗਾਏ ਨੇ
ਇਨ੍ਹਾਂ ਜਲ-ਥਲ ਵਸਾਏ ਨੇ ।

ਕਲਾਕਾਰਾਂ ਦਾ ਇਨ੍ਹਾਂ ਨਾਲ ਹੋ ਜਾਣਾ ਜ਼ਰੂਰੀ ਏ,
ਕਲਾ ਇਨ੍ਹਾਂ ਲਈ ਹੈ ਇਹ ਕਲਾਕਾਰੀ ਦਾ ਸੋਮਾ ਨੇ,
ਕਲਾ ਜੋ ਜ਼ਿੰਦਗਾਨੀ ਨੂੰ ਸੁਖਾਲਾ ਕਰਦੀ ਆਈ ਏ,
ਕਲਾ ਜੋ ਹਰ ਹਨੇਰੇ ਨੂੰ ਉਜਾਲਾ ਕਰਦੀ ਆਈ ਏ;
ਕਲਾ ਹੁਣ ਦੀ ਖ਼ਿਜ਼ਾਂ ਨੂੰ ਵੀ ਬਣਾਏਗੀ ਬਹਾਰ ਅਪਣੀ ।

ਕੰਵਲ-ਸਰ ਦੇ ਕਿਨਾਰੇ ਤੇ,
ਅਨੋਖਾ ਇਕ ਕਾਂਬਾ ਏ,—
ਕੰਵਲ ਦੇ ਹਰ ਮੁਨਾਰੇ ਤੇ ।

ਭੁਚਾਲ ਆਇਆ ਨਹੀਂ, ਮਾਲੂਮ ਹੁੰਦਾ ਏ ਭੁਚਾਲ ਆਇਆ,
ਅਸਰ ਇਹ ਜਾਪਦਾ ਏ ਉਸ "ਤਿਲੰਗਾਨਾ" ਦੇ ਲਾਵੇ ਦਾ
ਦਬਾਇਆ ਹੀ ਗਿਆ ਸੀ ਜੋ।
ਅਸਰ ਇਹ ਹੈ "ਤ੍ਰਿਭਾਗਾ" ਦਾ ਜਾਂ "ਬਲੀਆ" ਦੀ ਜਵਾਲਾ ਦਾ,
ਜਵਾਲਾ ਤੋਂ ਨਵਾਂ ਏਥੇ ਉਜਾਲਾ ਹੋਣ ਵਾਲਾ ਏ,
ਨਜ਼ਰ ਪੰਜਾਬ ਦੀ ਹੈ ਇਸ ਦਵੰਦਵ ਦੇ ਇਸ਼ਾਰੇ ਤੇ,
ਜ਼ਮਾਨਾ ਹੋਰ ਹੋਵੇਗਾ,
ਕੰਵਲ-ਸਰ ਦੇ ਕਿਨਾਰੇ ਤੇ।

ਜ਼ਰੂਰਤ ਕਾਮਿਆਂ ਨੂੰ ਹੈ ਜ਼ਰਾ ਇੱਕ ਜਾਨ ਹੋਵਣ ਦੀ,
ਜ਼ਰਾ ਰਲ ਮਿਲ ਕੇ ਜੂਝਣ ਦੀ, ਜ਼ਰਾ ਮਿਲ ਕੇ ਖਲੋਵਣ ਦੀ,
ਬਹਾਰ ਉਹ ਆ ਰਹੀ ਹੈ, ਆਏਗੀ ਸੰਸਾਰ ਸਾਰੇ ਤੇ,
ਬਹਾਰ ਆਏਗੀ ਜੋ ਆਈ, 'ਸਮਰਕੰਦ' ਤੇ 'ਬੁਖਾਰੇ' ਤੇ—
ਕੰਵਲ-ਸਰ ਦੇ ਕਿਨਾਰੇ ਤੇ।

●

ਕਾਰਲ ਮਾਰਕਸ ਦੀਆਂ ਦੋਨੋਂ ਪੁਤਰੀਆਂ—ਜੈਨੀ ਤੇ ਲਾਰਾ ਆਪਣੇ ਪਿਤਾ ਨੂੰ ਵੱਖ ਵੱਖ ਵਿਸ਼ਿਆਂ ਬਾਰੇ ਪੁਛਾਂ ਕਰਦੀਆਂ ਤੇ ਉਹ ਉਹਨਾਂ ਦਾ ਸੰਖੇਪ ਉਤਰ ਦਿੰਦਾ। ਉਹਨਾਂ ਵਿਚੋਂ ਕੁਝ ਹਨ :

ਤੁਹਾਨੂੰ ਕਿਹੜੇ ਕਵੀ ਪਿਆਰੇ ਹਨ ?
ਸ਼ੇਕਸਪੀਅਰ, ਐਸਕਾਈਲੈਸ ਤੇ ਗੇਟੇ।
ਤੁਹਾਡੀ ਪਿਆਰੀ ਨਾਇਕਾ ਕਿਹੜੀ ਹੈ ?
ਗ੍ਰੇਚੇਨ।
ਤੁਹਾਡੇ ਆਦਰਸ਼ਕ ਬੀਰ ਕਿਹੜੇ ਹਨ ?
ਸਪਾਰਟੇਕਸ ਤੇ ਕੈਪਲਰ।
ਤੁਹਾਨੂੰ ਕਿਹੜਾ ਕੰਮ ਪਿਆਰਾ ਹੈ ?
ਪੁਸਤਕ ਦਾ ਕੀੜਾ ਬਣਨਾ।
ਤੁਹਾਡੀ ਵਿਸ਼ੇਸ਼ਤਾ ਕੀ ਹੈ ?
ਉਦੇਸ਼ ਲਈ ਇਕਾਗਰ ਮਨ ਹੋਣਾ।

——0——

# ਅੱਟਣ

ਸ. ਸ. ਮੀਸ਼ਾ

ਜ਼ੰਜੀਰਾਂ ਤਾਂ ਚਿਰ ਤੋਂ ਲਹਿ ਚੁੱਕੀਆਂ ਨੇ,
ਅਜੇ ਵੀ ਅੰਗਾਂ ਉਤੇ ਅੱਟਣ
ਤੇ ਜ਼ੰਜੀਰਾਂ ਦਾ ਜ਼ੰਗ ਬਾਕੀ।
ਅਜੇ ਸਰਾਪ ਨਾ ਪੂਰਾ ਟੁੱਟਾ
ਅਜੇ ਸੁਰਖਰੂ ਹੋਇਆ ਸੁਪਨਾ ਟਾਵਾਂ ਟਾਵਾਂ
ਅਜੇ ਵੀ ਭੁੱਖੇ ਚਿਹਰਿਆਂ ਉਤੇ,
ਗ਼ਮ ਦੀ ਮੈਲੀ ਧੂੜ ਪਈ ਹੈ।
ਅਜੇ ਪਿਆ ਹੈ,
ਲੋਚਾਂ ਤੇ ਸੋਚਾਂ ਵਿਚਕਾਰ,
ਇਕ ਸੰਕੋਚ ਜਿਹਾ ਪ੍ਰਛਾਵਾਂ।
ਅਜੇ ਤਾਂ ਆਪੋ ਵਿਚ ਰੁੱਠੇ ਨੇ,
ਕਰਤਵ ਅਤੇ ਵਿਚਾਰ
ਧੁਰ ਅੰਦਰ ਦੀ ਸੂਖਮ ਇੱਛਾ
ਕਰਨੀ ਵਾਲੇ ਹੱਥਾਂ ਤੋਂ ਵਰ ਲੈ ਨਹੀਂ ਸਕੀ।
ਅਜੇ ਤਾਂ ਤਕਰੀਰਾਂ ਦੀ ਆਪੋ ਧਾਪ ਮੱਚੀ ਹੈ
ਆਦਰਸ਼ਾਂ ਦੀਆਂ ਧੂੜਾਂ ਉਡਣ,
ਨਿਮੋਝੂਣੀ,
ਹੈ ਤਦਬੀਰ ਭਟਕਦੀ ਫਿਰਦੀ
ਏਸ ਭੀੜ ਵਿਚ ਹੱਕੀ ਬੱਕੀ
ਸੱਚੇ ਸੁਚੇ ਕਥਨ ਅਸਾਡੇ
ਨਾਚਕ ਡਾਹਡੇ
ਕਰਮਾਂ ਵਾਲੇ ਔਖੇ ਰਾਹ ਤੋਂ ਝਿਜਕ ਰਹੇ ਨੇ
ਅਜੇ ਨਾਂ ਜਸ਼ਨ ਮਨਾਵਣ ਦਾ ਵੇਲਾ
ਜ਼ੰਜੀਰਾਂ ਤਾਂ ਭਾਵੇਂ ਚਿਰ ਤੋਂ ਲਹਿ ਚੁਕੀਆਂ ਨੇ
ਅਜੇ ਵੀ ਅੰਗਾਂ ਉਤੇ ਅੱਟਣ
ਤੇ ਜ਼ੰਜੀਰਾਂ ਦਾ ਜ਼ੰਗ ਬਾਕੀ।

# ਬਣਦੀਆਂ ਮਿਟਦੀਆਂ ਰੇਖਾਵਾਂ

ਮੋਹਨਜੀਤ

—ਤੇ ਫਿਰ ਮੈਂ ਵਿਸ਼ਵਿਦਿਆਲੇ ਦੀਆਂ ਸੜਕਾਂ ਤੇ ਜਦ ਤੁਰਿਆ
ਕਿਰਮਚੀ ਫੁੱਲ, ਰਾਤਾਂ-ਰੰਗੀਆਂ ਸੜਕਾਂ
ਤੇ ਭੀੜਾਂ 'ਚ ਗੁਆਚਾ ਜਦ
ਤਾਂ ਮੇਰੇ ਮਨ 'ਚ ਇਹ ਆਇਆ—
ਕਿ ਇਸ ਦੁਨੀਆਂ 'ਚ
ਕੋਈ ਵੀ ਸਦੀਵੀ ਲੀਕ ਮੇਰੇ ਵਾਸਤੇ ਹੈ ਨਾ
ਕਿ ਮੈਂ ਤੁਰਨਾ, ਤੇ ਬਸ ਤੁਰਨਾ, ਹੈ ਬਸ ਤੁਰਨਾ।

—ਤੇ ਹੁਣ ਮੈਂ ਕਾਵਿ ਨੂੰ ਸਾਥਣ ਬਣਾਇਆ ਹੈ
ਜੋ ਮੇਰੀ ਮੁਸਕ੍ਰਾਹਟ ਦੀ ਉਵੇਂ ਸਾਥਣ
ਜਿਵੇਂ-ਅੱਥਰੂ 'ਚ ਦਮ ਭਰਦੀ
(ਤੇ ਮੇਰੇ ਮਨ 'ਚ ਆਉਂਦਾ ਹੈ :)
ਮੇਰੀ ਜਿੰਦ ਏਸ ਬਿਨ ਕਰਦੀ ਤੇ ਕੀ ਕਰਦੀ ?
ਇਹ ਉਹ ਰੇਖਾ ਨਹੀਂ
ਜੋ ਬਣ ਕੇ ਮਿਟ ਜਾਏਗੀ, ਮੈਨੂੰ
ਤਪਦੀ ਚਿਮਨੀ ਤੇ ਖੜਾ ਕਰਕੇ
ਜਾਂ ਮੇਰੇ ਪੈਰ ਨੂੰ ਬਿਜਲੀ ਦੀ ਨੰਗੀ ਤਾਰ 'ਤੇ ਧਰ ਕੇ।
ਮੈਂ ਜਦ ਯੋਧੇ ★'ਵਿਊਚਕ' ਦੀ ਤਰ੍ਹਾਂ
ਸੂਲੀ ਤੇ ਲਟਕਾਂਗਾ
ਇਹ ਮੇਰਾ ਗੀਤ ਗਾਏਗੀ,
ਮੈਂ ਜਦ *'ਨਾਜ਼ਮ' ਬਣਾਂਗਾ
ਇਹ ਮੇਰੀ ਪੀੜਾ ਹੰਡਾਏਗੀ
'ਤੇ ਮੈਨੂੰ ਮੌਤ ਦੀ ਭੌਂਅ

---

★ਸਪੇਨ ਦਾ ਦੇਸ ਭਗਤ। *ਨਾਜ਼ਮ ਹਿਕਮਤ—ਤੁਰਕੀ ਦਾ ਕਵੀ।

ਮਖਮਲੀ ਸੋਫੇ ਦੀ ਕੂਲੀ ਸੀਟ ਜਾਪੇਗੀ
ਮੈਂ ਇਸ ਨੂੰ ਭਖਦੀਆਂ ਘੜੀਆਂ
ਤੇ ਸੀਤਲ ਸਾਹ ਪਿਆਉਂਦਾ ਹਾਂ
ਮੈਂ ਚਾਹੁੰਦਾ ਹਾਂ—
ਮੈਂ ਇਸ ਨੂੰ ਇਸ ਤਰ੍ਹਾਂ ਚੁੰਮਾਂ,
ਕਿ ਮੇਰੇ ਮਨ 'ਚ *'ਵਿਨਸੈਂਟ' ਦਾ ਖਬਤ ਉਭਰੇ
ਇਹ ਮੇਰਾ ਸਾਥ ਦੇਵੇ
ਅਰਬ ਧਰਤੀ 'ਤੇ ਹਨੋਈ ਵਿੱਚ
ਇਹ ਮੇਰਾ ਸਾਥ ਦੇਵੇ ਵਿਹੁਲੀਆਂ ਗੈਸਾਂ 'ਚ
ਤੇ ਬੰਬਾਂ ਦੀ ਬੁੱਕਲ ਪਾੜ ਦੇਵਣ ਲਈ
ਇਹ ਮੇਰਾ ਸਾਥ ਦੇਵੇ
ਕਿ ਮੈਂ ਰੰਗਤ ਆਪਣੇ ਵਿਚ ਭਰ ਸਕਾਂ
ਸੁਹਣੇ ਲਮੁੰਬਾ ਦੀ।

—ਤੇ ਜਦ ਥੀਏਟਰ ਕਿਸੇ, ਰਮਣੀਕ ਪਾਰਕ
ਬੱਸ ਜਾਂ ਭੀੜਾਂ ਭਰੇ ਬਾਜ਼ਾਰ ਚੋਂ ਲੰਘਾਂ
ਤੇ ਮੈਨੂੰ ਉੱਚੀਆਂ ਛੱਤਾਂ, ਤੇ ਲਾਈਟਾਂ 'ਚੋਂ
ਜਦੋਂ ਸਭ ਓਪਰਾ ਜਾਪੇ
ਜਦੋਂ ਮੈਂ ਇਸ ਤਰ੍ਹਾਂ ਸੋਚਾਂ :
ਮੈਂ ਕੱਲਾ ਹਾਂ, ਮੈਂ ਜੀਕਣ ਸਿਫਰ ਹਾਂ
ਕਿਸੇ ਬਿਜਲੀ ਦੇ ਖੰਭੇ ਦਾ ਕੋਈ ਤਪਦਾ ਬਲਬ
ਜਾਂ ਕੋਈ ਘੁੰਮ ਰਿਹਾ ਪਹੀਆ;
ਤਾਂ ਸਮਝਾਂ :
ਨਾਲ ਮੇਰੇ ਹੋਰ ਵੀ ਕੋਈ ਹੈ
ਜੋ ਮੇਰੀ ਹੋਂਦ ਦਾ ਇੱਕ ਨਕਸ਼ ਹੈ
ਇੱਕ ਅੰਗ ਜਾਂ ਮੇਰੀ ਨਜ਼ਰ ਹੈ
ਜੋ ਮੇਰੇ ਰਾਹ ਦਾ ਹਰ ਕੰਡਾ ਚੁਕੇਗਾ।
ਰਾਤ ਮੇਰੀ ਨੂੰ ਪਿਆਰੇਗਾ
ਮੈਂ ਜਦ ਰੋਟੀ ਲਈ ਵਿਦਰੋਹ ਕਰਾਂਗਾ
ਉਹ ਮੇਰਾ ਮੱਥਾ ਸ਼ਿੰਗਾਰੇ ਗਾ—

---

* ਵਿਨਸੈਂਟ ਵਾਨਗਾਗ—ਡੱਚ ਚਿਤਰਕਾਰ

—ਤੇ ਹੁਣ ਮੈਂ ਲੰਘਦਾ ਹਾਂ
ਉੱਚੀਆਂ 'ਵਾਜਾਂ ਚੋਂ, ਭੀੜਾਂ ਚੋਂ
ਟਿਊਬਾਂ ਦੀ ਰੌਸ਼ਨੀ 'ਚ ਨਹਾਉਂਦੇ
ਨੰਗਿਆਂ ਅੰਗਾਂ ਦੀ ਮਹਿਫ਼ਲ 'ਚੋਂ
ਤਿਹਾਈਆਂ ਅੱਖੀਆਂ 'ਚੋਂ
ਖੱਟੀਆਂ ਚੀਜ਼ਾਂ ਦੇ ਝੁਰਮਟ 'ਚੋਂ
ਪਹਿਰਾਵੇ ਦੀ ਬਨਾਵਟ 'ਚੋਂ
ਤੇ ਚੁੱਪ ਕੀਤੇ ਹੋਏ ਗਾਂਧੀ ਦੇ ਬੁੱਤ ਹੇਠੋਂ
ਮੈਂ ਹੁਣ, ਕੱਲਾ ਨਹੀਂ—

—ਮੈਂ ਹੁਣ ਲੰਘਦਾਂ ਸ਼ਿਲਪਕਾਰਾਂ ਦੀਆਂ
ਦੁਖੀਆਂ ਆਵਾਜ਼ਾਂ 'ਚੋਂ
ਕਲਰਕਾਂ ਦੇ ਜਲੂਸਾਂ 'ਚੋਂ
ਕਲਮਕਾਰਾਂ ਦੀ ਦੁਬਿਧਾ 'ਚੋਂ
ਡਾਕਟਰਾਂ, ਟੀਚਰਾਂ ਦੇ ਰੋਹ ਭਰੇ ਹੱਕੀ ਵਿਖਾਵੇ 'ਚੋਂ
ਮੈਂ ਨਿੱਤ ਭੁੱਖੇ ਇਕੱਠਾਂ 'ਚੋਂ ਗੁਜ਼ਰਦਾ ਹਾਂ
ਜਾਂ ਨਾਪਾਲੱਮ ਦੀ ਵਹਿਸ਼ਤ ਚੋਂ
ਮੈਂ ਲੰਘਦਾ ਹਾਂ
ਮੈਂ ਹੁਣ 'ਕੱਲਾ ਨਹੀਂ
ਪਿਕਾਸੋ ਦੀ ਕਲਾ
ਤੇ ਲੋਰਕਾ ਦੇ ਗੀਤ ਨੂੰ ਲੈ ਕੇ
ਮੈਂ ਭੀੜਾਂ ਚੋਂ ਗੁਜ਼ਰਦਾ ਹਾਂ
ਮੈਂ ਹੁਣ 'ਕੱਲਾ ਨਹੀਂ ।

(ਲੰਬੀ ਕਵਿਤਾ ਦਾ ਇਕ ਹਿੱਸਾ)

# ਇੱਕ ਦੁਖਾਂਤ

ਸੁਰਿੰਦਰ ਗਿੱਲ

ਲਾਲਸਾ ਦੇ ਸੇਕ ਸੰਗ ਪੰਘਰੀ ਹੋਈ ਖ਼ਾਹਿਸ਼
ਜਦੋਂ ਜਾਗੇ, ਕਹੇ :

"ਅੱਜ ਜਦ ਸਭ ਕੁਝ ਤੇਰੇ ਹੱਥਾਂ 'ਚ ਹੈ
ਅੱਜ ਕਿਉਂ ਸੋਚਾਂ 'ਚ ਹੈਂ ?

ਕੱਲ੍ਹ ਇਹ ਸੂਰਜ ਚੜ੍ਹੇ ਜਾਂ ਨ ਚੜ੍ਹੇ !
ਪੀੜ ਪਛਤਾਵੇ ਦੀ ਸਾਰੀ ਉਮਰ ਸਹਿਣੀ ਪਵੇਗੀ।
ਤੂੰ ਜੋ ਅੱਜ ਇਸ ਛਿਨ ਤੋਂ ਚੇਤਨ ਨਹੀਂ
ਤੂੰ ਸਦਾ ਬੀਤੇ 'ਤੇ ਰੋਂਦਾ ਰਹੇਂਗਾ।"

ਪਿਆਸ ਬੁਲ੍ਹਾਂ ਦੀ ਤੇ ਭੁੱਖ
ਫਿਰ ਅੱਗ ਵਾਂਙੂ ਭੜਕਦੀ।
ਅਤੇ ਹੱਥਾਂ ਵਿੱਚ ਹਰਕਤ ਤੜਪਦੀ।

ਫੇਰ ਇਕ ਭਾਰੀ ਆਵਾਜ਼ :

"ਠਹਿਰ !
ਇਸ ਚੰਚਲ ਕੁੜੀ ਦੇ ਮਗਰ ਲੱਗ ਕੇ
ਘਰ ਨੂੰ ਅੱਗ ਨਾ ਲਾ ਲਵੀਂ।
ਇਸ ਦਾ ਕੀ ਹੈ
ਇਹ ਤਾਂ ਅਜ਼ਲਾਂ ਤੋਂ
ਤਮਾਸ਼ਾ ਦੇਖਦੀ ਹੈ।

ਫਰਜ਼ ਹਾਂ ਮੈਂ, ਫਰਜ਼
ਮੈਨੂੰ ਵੀ ਪਛਾਣ।"

# ਪੰਛੀ ਤੇ ਭਾਂਬੜ

ਜੋਗਾ ਸਿੰਘ

ਮੈਂ ਡਾਰੋਂ ਨਿੱਖੜਕੇ ਰਹਿਆ
ਪੰਛੀ ਨਹੀਂ ਹਾਂ
ਜਿਸ ਦਾ ਨਾ ਕੋਈ ਠੌਰ ਠਿਕਾਣਾ
ਕਿਸੇ ਹਵੇਲੀ ਦੀ ਬਰਸਾਤੀ
ਜਾਂ ਕਿਸੇ ਕੋਠੀ ਦਾ ਜੰਗਲਾ
ਜਾਂ ਕਿਸੇ ਖੋਲੇ ਦੀ ਟੀਸੀ
ਇੱਕੋ ਇੱਕ ਆਸ ਹੈ ਜਿਸ ਦੀ
ਜਿੱਥੋਂ ਉੱਡ ਕੇ
ਪਤਾ ਨਹੀਂ ਉਸ ਕਿੱਥੇ ਜਾਣਾ
ਪਤਾ ਨਹੀਂ ਉਸ ਕਿੱਥੇ ਜੀਣਾ
ਪਤਾ ਨਹੀਂ ਉਸ ਕਿੱਥੇ ਮਰਨਾ।

ਮੈਂ ਤਾਂ ਭਾਂਬੜ ਹਾਂ
ਜਿੱਥੇ ਜਾਵਾਂ ਅੱਗ ਲਾ ਦੇਵਾਂ
ਜਿੱਥੋਂ ਤੁਰਦਾਂ
ਸਭ ਕੁਝ ਸਾੜ ਫੂਕ ਕੇ ਤੁਰਦਾਂ
ਮੇਰਾ ਗੁਣ ਬੱਸ ਅੱਗ ਲਾ ਦੇਣਾ
ਡਾਰੋਂ ਨਿੱਖੜੇ ਪੰਛੀ ਵਾਂਗੂੰ
ਮੇਰਾ ਅੰਤ ਅਨਿਸ਼ਚਿਤ ਨਹੀਂ ਹੈ

ਆਪਣੇ ਵਰਗੇ ਲੱਖਾਂ ਭਾਂਬੜ ਬਾਲ ਬਾਲ ਕੇ
ਮਚਦਾ ਮਚਦਾ
ਬੁਝ ਜਾਵਾਂਗਾ ।

# ਬਾਰੂਦ ਪਨੀਰੀ

ਅਮਰਜੀਤ ਸਿੰਘ

ਇਕ ਅਮਰੀਕੀ ਹਵਾਬਾਜ਼ ਦਖਣੀ ਵੀਤਨਾਮ ਦੇ ਗੁਰੀਲਿਆਂ ਉਤੇ ਬੰਬਾਰੀ ਕਰਨ ਗਿਆ ਵਿਚਾਰ ਕਰਦਾ ਹੈ

ਬਹਿ ਬੰਬਾਰ ਦੀ ਵਲਗਣ ਅੰਦਰ
ਦਿਸਦੇ ਧਰਤੀ ਦੇ ਟੁਕੜੇ ਨੂੰ
ਬੰਬਾਂ ਦੀ ਬਾਰੂਦ ਪਨੀਰੀ
ਨਾਲ ਸਜਾ ਸਕਦਾ ਹਾਂ ਇਹਨੂੰ ।

ਕੌਣ ਹੈ ਮਰਦਾ, ਕੌਣ ਹੈ ਜੀਂਦਾ
ਨਾ ਕੋਈ ਖੁਸ਼ੀ ਨਾ ਦੁਖ ਹੈ ਮੈਨੂੰ
ਹਰ ਜਿਉਂਦੀ ਵਸਤੂ ਨੂੰ ਢੂੰਡਾਂ
ਜਾਂ ਕੁਝ ਖਿਲਰੀਆਂ ਝੁਗੀਆਂ ਉਤੇ
ਆਪਣੀ ਗਿਣਤੀ ਦੇ ਬੰਬ ਸੁਟ ਕੇ
ਕਹਿ ਸਕਦਾ ਹਾਂ ਸੌ ਚੋਂ ਨੱਬੇ
ਟੀਚੇ ਮੇਰੇ ਹੋਏ ਨੇ ਪੂਰੇ।
ਰਾਤ ਗੁਜ਼ਰਸੀ ਬਾਰਕ ਅੰਦਰ
ਦੂਰ ਉਥੇ ਭੈ ਦੀ ਵੇਦੀ ਤੋਂ ।
(ਭੈ ਓਥੇ ਵੀ ਬਣਿਆ ਰਹਿੰਦਾ)

ਹਰ ਫੀਨ੍ਹੇ ਨੂੰ ਢੂੰਡਣਾ ਮੇਰਾ ਟੀਚਾ
ਹੋਵੇ ਸਾਡਾ ਸੰਗੀ ਜਾਂ 'ਓਨ੍ਹਾਂ' ਦਾ
ਕੋਈ ਫਰਕ ਨਹੀਂ, ਮਰਨਾ ਬੜਾ ਜ਼ਰੂਰੀ ।
ਅਸੀਂ ਤਾਂ ਤਵਾਰੀਖ ਦੇ ਪੰਨਿਆਂ ਦੀ
ਗਿਣਤੀ ਹੀ ਕਰਨੀ ਹੈ ਪੂਰੀ ।

ਕੋਈ ਨਹੀਂ ਜੋ ਆਏ ਮੇਰੇ ਸਾਹਵੇਂ
ਬੁਜ਼ਦਿਲ ਕਿਵੇਂ ਕਰੇਗਾ ਸਾਹਸ ?
ਚਿੜੀਆਂ ਕੀ ਉਡਣਾ ਏ ਬਾਜ਼ ਦੇ ਸਾਹਵੇਂ ।

ਦਿਨ ਦਾ ਕਰਮ ਹੋਇਆ ਹੁਣ ਪੂਰਾ
ਮੈਂ ਪਟੜੀ ਵਲ ਸੇਧ ਧਰਾਂਗਾ ।

ਬਾਜ਼ ਦੇ ਪਰ ਕਿਉਂ ਡੋਲ ਰਹੇ ਨੇ
(ਕੀੜੀ ਹਾਥੀ ਦੇ ਕੰਨ ਵਿੱਚ ਵੜ ਬੈਠੀ ਏ ?)
ਪੈਟਰੋਲ ਦੀ ਟੈਂਕੀ ਸ਼ਾਇਦ ਫਟ ਜਾਏਗੀ
ਰੱਬ ਨਾ ਫੀਨ੍ਹਿਆਂ ਦੇ ਵਸ ਪਾਏ
ਕਿਉਂ ਅਸੀਂ ਇਸ ਦੇਸ ਚਲ ਆਏ ?

●

## ਸੰਕੇਤ

ਅਮਰ ਚਿਤਰਕਾਰ

ਨਾ ਕਰ ਏਨੀਆਂ
ਲੰਮੀਆਂ ਬਾਹਾਂ
ਨ ਏਨੇ ਤੂੰ ਪੈਰ ਫੈਲਾ
ਬਹੁਤੀ ਭੁੱਖ ਚੰਗੀ ਨਹੀਂ ਹੁੰਦੀ,
ਸੂਰਜ ਜਦ ਡੁੱਬਣ ਤੇ ਆਵੇ
ਅਕਸਰ ਓਦੋਂ
ਪਰਛਾਵੇਂ ਲੰਮੇ ਹੋ ਜਾਂਦੇ
ਅੰਤ ਹਨੇਰੇ ਵਿੱਚ ਖੋ ਜਾਂਦੇ ।

●

# ਦਰਦਾਂ ਵਾਲੇ ਹੰਝੂ

ਸੁਰਜੀਤ ਹਾਂਸ

(ਸੁਰਗਵਾਸੀ ਸਾਥੀ ਸੁਰਿੰਦਰ ਥਾਂਦੀ ਦੇ ਨਾਂ)

ਇੱਕ ਦਿਨ ਕੋਈ ਖਬਰ ਲਿਆਇਆ,
"ਗੱਲ ਮਾੜੀ"
ਕਹਿ, ਸੀ ਤੁਰ ਚੱਲਿਆ,
"ਉਹ ਮਿੱਤਰ ਹੈ ਚਲਦਾ ਲੱਗਾ"
ਹਾਉਕਾ ਹੀ ਸੀ
ਇਹ ਕੀ ਭਲਿਆ !
ਕੰਢਾ ਹੀ ਜਿਉਂ ਭੁਰਿਆ
ਜਿਹੜਾ ਜਿੰਦ ਪਿਆਲਾ ਸਾਂਝਾਂ ਭਰਿਆ
ਰੱਖਣ ਨੂੰ ਹੁਣ ਥਾਂ ਨਾ ਕੋਈ,
ਚੁਪ ਚਪੀਤੇ ਹੋ ਹੀ ਸਰਿਆ
ਆਪਣੇ ਸਾਹਾਂ ਨੂੰ ਮੈਂ ਪੀਂਦਾ—
ਮਿੱਤਰ ਜਿਹੜਾ ਮਿੱਤਰ ਹੈ ਨਹੀਂ—
ਉੱਠਦੀ ਕਰਦੀ
ਸੋਚ ਖਰਾਬੀ ਧੀਰਜ ਵਾਲੀ ਕੋਈ ਸ਼ੈ ਨਹੀਂ,
ਮੁੜ ਮੁੜ
ਯਾਦਾਂ ਦੇ ਭਰਵਾਸੇ
ਹੱਥ ਕੰਡੇ ਨੇ ਹੋਈ ਜਾਂਦੇ
ਮੈਥੋਂ ਵੀ ਦੁਖਿਆਰੇ ਕਿੰਨੇ ਦੁੱਖਾਂ ਵਾਂਗੂੰ ਰੋਈ ਜਾਂਦੇ;
ਕਿੱਥੇ ਕਿੱਥੇ
ਉਹ ਹੋਣੇ ਹਨ,
ਰੋਂਦੇ ਨੇ ਰਾਹ ਗੱਲਾਂ
ਬਾਤਾਂ ਵਾਲੇ ਜੋ ਸੀ
ਸੋਗੀ ਬਣ ਕੇ ਜਾ ਨਾ ਹੋਇਆ

ਨ੍ਹੇਰੀ ਰਾਤਾਂ ਵਾਂਗੂੰ
ਦੁਖੜੇ ਦਿਲ ਵਿੱਚ ਪਾਈ ਤੁਰਦੇ ਫਿਰਨਾ
ਕਾਰ-ਵਿਹਾਰੀਂ
ਸਾਨੂੰ ਕਿਹੜਾ ਸਮਝ ਨਹੀਂ ਸੀ ?
ਜੋ ਮਿਲਦੇ ਸੀ ਕੌਲ-ਕਰਾਰੀਂ
ਇੱਕ ਦਿਨ ਜਾ ਕੇ ਉਹਨਾਂ ਨਾਲ ਨਭਾਉਣੀ ਪੈਣੀ,
ਇਹੀ ਹੋਇਆ
ਖਬਰ ਜਹੀ ਕਰ ਦੱਸ ਸੱਕਾਂ ਨਾ
ਮੇਰੇ 'ਚੋਂ ਕੁਝ ਲਗਦਾ ਮੋਇਆ,
ਦਰਦਮੰਦਾਂ
ਨੂੰ ਸਮਝ ਹੈ ਹੁੰਦੀ
ਕਾਹਨੂੰ ਰਹਿੰਦੀ ਕਦਰ ਗੁਆਉਣੀ ਜਣੇ ਖਣੇ ਨਾ,
ਦਰਦ ਵੰਡਾ ਕੇ,
ਪਰਦੇਸੀਂ ਜੋ ਆਖ ਸਨਾਉਣੀ
ਮਿੱਤਰਾਂ ਨੂੰ ਮੈਂ—
ਲਿਖੀ ਖੁਸ਼ੀ ਜੋ ਇੱਸੇ ਗਲ ਦੀ ਬੜੀ ਖੁਸ਼ੀ ਹੈ
ਮੈਂ ਸਹਿਮਾਂ ਦੀ ਬੁਰਕੀ
ਪਾਵਾਂ,
ਕੱਲ ਭਾਗਾਂ ਦੀ ਕੌਣ ਰੁਚੀ ਹੈ
ਅੱਗੇ ਵਰਗੇ ਹੀ ਹੋਣੇ ਹਨ !

ਇਹ ਅੰਬਰ ਦੀ
ਚੱਲਦੀ ਚੱਕੀ
ਸਾਨੂੰ ਪੀਹਣਾ-ਕਾਰ ਬਣਾਈ
ਕੀ ਉੱਡਣੀ ਜੀਵਨ ਦੀ ਥੱਕੀ ?
ਰਾਹ ਕਿਹੜੇ ਮੈਂ
ਤੁਰਦਾ ਲੱਗਾਂ ?
ਸੰਗੀ ਸਾਥੀ ਦੂਰ ਗਏ ਹਨ
ਰੰਜ ਪੜਾਵਾਂ ਦੀ ਗਿਣਤੀ ਕਰ ਜਿਹੜੇ ਸੁਪਨੇ ਪੂਰ ਗਏ ਹਨ
ਹੁਣ ਪਰਛਾਵਾਂ
ਸਾਥ ਮੇਰਾ ਹੈ
ਰੰਜਸ਼ ਵਿਚ ਜਿਉਂ ਘਟਦਾ ਜਾਵੇ
ਜਿਸ ਦੇ ਪੱਲੇ ਸਭ ਕੁਝ

ਪਾਇਆ
ਮੰਦ-ਭਾਗਾਂ ਦਾ ਹਾਥ ਨ ਆਵੇ
ਉਮਰਾਂ ਨਾ, ਜੋ ਵਧਦੇ ਲਗਦੇ ।
ਅੱਜ ਮਿੱਤਰ
ਫਿਰ ਆ ਲੱਗੇ ਹਨ
ਦਿਨ-ਸੁਧ ਵਾਂਗੂੰ ਅੱਗੇ ਵਾਲੀ ਬਾਤ ਨਹੀਂ ਹੈ
ਕੀ ਰੰਗੇ ਹਨ
ਦੁਨੀਆਦਾਰੀ ਦੇ ਮੂੰਹ
ਤਾਹੀਂ ਖੁਲ੍ਹਦੀ ਬਾਤ ਨਹੀਂ ਕੀ
ਸੌਦੇ ਵਾਂਗੂੰ
ਹੋ ਚੱਲੀ ਹੈ ਪਰ ਤੇਰੀ ਜੋ ਜ਼ਾਤ ਨਹੀਂ ਸੀ,
ਗਿਆ ਵਾਜ਼ਗੂੰ ਜਦੋਂ
ਪਿਆਲਾ !
ਗੈਬਾਂ ਵਾਲੀ ਖਾਮੋਸ਼ੀ
ਹੀ ਮਿੱਟੀ ਵਾਂਗੂੰ ਡਿਗਦੀ ਹੋਈ
ਚੜ੍ਹਦੇ ਗ਼ਮ ਦੀ ਬੇਹੋਸ਼ੀ ਸੀ
ਖਾਲੀ ਅੱਖਾਂ
ਵਾਲਾ ਖੋਪਰ ਜਿਉਂ ਹੈ
ਪਿੱਛੇ ਹੱਸਦਾ ਹੋਇਆ,
ਸੁੱਖ ਦਾ ਸਾਹ
ਮੈਂ ਸਹਿਜ ਸਭਾ ਹੀ ਸੱਭ ਦੇ ਸਾਹਵੇਂ ਰੱਜ ਕੇ ਰੋਇਆ
ਮੈਨੂੰ ਕੀ ?
ਜੋ ਮਰਜ਼ੀ ਆਖਣ
ਤੁਛ ਵੀ ਨਾਂ ਮੈਂ ਲਖ ਲਖ ਸੋਚਣ
ਦਰਦਾਂ ਵਾਲੇ ਹੰਝੂ
ਵਗਦੇ ਮਿੱਤਰਾਂ ਜੋਗੇ ਹੋਏ ਲੋਚਨ ।

# ਪੰਛੀ ਜਿਸ ਦਾ ਚਾਅ ਬਾਕੀ ਹੈ

ਫ਼ਤਹਿਜੀਤ

ਮੈਂ ਇਕ ਫੱਟੜ
ਇਕ ਘਾਇਲ ਪੰਛੀ ਹਾਂ
ਜਿਸ ਨੂੰ, ਅੱਗ ਦੇ ਅੰਗ ਵੀ
ਸਾੜਨ ਤੋਂ ਸੰਕੋਚ ਕਰਨਗੇ
ਸ਼ਰਮਾਵਣਗੇ ।

ਜੋ ਹੁਣ ਸ਼ਾਇਦ
ਕੱਖਾਂ ਦੀ ਕੁੱਲੀ ਦੇ ਵਿੱਚ
ਸਾਂਭਣ ਦੇ ਵੀ ਯੋਗ ਨਹੀਂ ਹੈ
ਜਾਂ ਫਿਰ ਜਿਸ ਨੂੰ
ਵਿਲਕ ਵਿਲਕ ਕੇ
ਤੜਪ ਤੜਪ ਕੇ
ਮਰ ਜਾਵਣ ਦਾ ਵਰ ਮਿਲਿਆ ਹੈ,
ਜੋ ਆਪਣੀ ਮੰਜ਼ਲ ਦੇ ਰਾਹ ਤੇ—
ਤੜਪ ਰਿਹਾ ਹੈ ।

ਜਿਸ ਨੂੰ ਬਿਓਪਾਰੀ ਲੋਕਾਂ ਦੀ
ਭੀੜ 'ਚ ਡਿਗਣਾ ਤੰਗ ਕਰਦਾ ਹੈ
ਤੇ ਜੋ ਹਾਲੀਂ ਵੀ ਚਾਹੁੰਦਾ ਹੈ
ਆਪਣੀ ਮੰਜ਼ਲ ਨੂੰ ਅਪਨਾਣਾ
ਖੰਭ ਕਟਦੇ ਲੋਕਾਂ ਨੂੰ ਸ਼ਰਮਿੰਦਿਆਂ ਕਰਨਾ
ਟੁੱਟੇ ਖੰਭੀਂ ਉੱਡਦੇ ਜਾਣਾ, ਉੱਡਦੇ ਜਾਣਾ ।

# ਮਜਬੂਰੀਆਂ

ਪ੍ਰੀਤਮ ਸਿੰਘ ਰਾਹੀ

ਜ਼ਿੰਦਗੀ ਡਰਾਂ ਨਾਲ ਲੱਦੀ
ਕੁੱਬ ਪਏ ਆਦਮੀ ਵਾਂਗ
ਟੁਰੀ ਜਾ ਰਹੀ ਹੈ।
ਦਮਯੰਤੀ ਵਾਂਗ
ਦੁਬਿੱਧਾ ਵਿੱਚ ਫਸੀ
ਕੁਝ ਸੋਚ ਨਹੀਂ ਸਕਦੀ।

ਵਿਸਾਖਦੱਤ ਦੇ
ਮੁਦਰਾ-ਰਾਕਸ਼ਸ਼ ਵਾਂਗ
ਮੇਰੀ ਹਰ ਇੱਕ ਨੀਤੀ
ਅਸਫਲ ਰਹਿ ਜਾਂਦੀ ਹੈ।
ਮਹਾਂ ਨੀਤੀਵਾਨ
ਕੂਟ-ਕੌਟਲਯ ਦੇ ਇਹ ਬੰਧਨ
ਜਕੜੀ ਹੀ ਜਾ ਰਹੇ ਹਨ।

ਜ਼ਿੰਦਗੀ ਸਥਿਰ ਨਹੀਂ ਰਹਿੰਦੀ
ਟੁਰ ਪੈਂਦੀ ਹੈ ਉਧਰ ਨੂੰ
ਲੈ ਜਾਂਦੀ ਹੈ ਪੌਣ ਪਰਸਥਿਤੀਆਂ ਦੀ-
ਜਿੱਧਰ ਨੂੰ।

# ਲਾਸ਼

ਸੁਰਿੰਦਰਜੀਤ

ਜੇਠ ਦੀ ਢਲਦੀ ਸ਼ਾਮ ਦੇ ਵੇਲੇ
ਪਿੰਗਲਵਾੜੇ ਦੀ ਇੱਕ ਰੇੜ੍ਹੀ
ਇਕ ਲਾਵਾਰਿਸ ਲਾਸ਼ ਨੂੰ ਆਪਣੀ ਹਿੱਕ ’ਤੇ ਪਾ ਕੇ
ਮੜ੍ਹੀਆਂ ਦੇ ਵਲ ਤੁਰਦੀ ਜਾਵੇ—
ਨ ਕੋਈ ਅੱਖ ਹੈ ਇਸ ਨੂੰ ਰੋਂਦੀ
ਨ ਕੋਈ ਸਾਂਝ ਹੈ ਹੌਕੇ ਭਰਦੀ
ਇੰਨੀ ਵੱਡੀ ਦੁਨੀਆਂ ਅੰਦਰ
ਕੀ ਇਸ ਦਾ ਕੋਈ ਸਾਕ ਨਹੀਂ ਹੈ ?
ਕੀ ਇਸ ਦਾ ਕੋਈ ਯਾਰ ਨਹੀਂ ਹੈ,
ਜੋ ਇਸ ਅੰਤਮ ਸਫ਼ਰ ਦੇ ਵੇਲੇ,
ਲਾਸ਼ ਇਹਦੀ ਨੂੰ ਮੋਢਾ ਦੇਂਦਾ ?

—ਰੇੜ੍ਹੀ ਖਿੱਚਣ ਵਾਲੇ ਦੇ ਮੂੰਹ ’ਤੇ ਵੀ
ਗ਼ੱਮ ਦਾ ਕੋਈ ਚਿੱਨ੍ਹ ਨਹੀਂ ਹੈ
—ਦਿਨ ਢਲਦੇ ਨਾਲ
ਜਿਹਨਾਂ ਰਾਹਾਂ ’ਤੇ ਇਹ ਤੁਰਿਆ
ਉਹਨਾਂ ਰਾਹਾਂ ’ਤੇ ਦੂਰ ਦੂਰ ਤਕ
ਬਿਨਾਂ ਉਜਾੜਾਂ ਦੇ ਕੁਝ ਵੀ ਨ

—ਕਿਸੇ ਨਹੀਂ ਪਰ ਕਿਹਾ ਇਸ ਨੂੰ :
ਇਸ ਵੇਲੇ ਤੁਰਨਾ ਨਹੀਂ ਚੰਗਾ

—ਤੇ ਏਸੇ ਹੀ ਸੜਕ ਦੇ ਕੰਢੇ
ਇੱਕ ਬਿਜਲੀ ਦੇ ਖੰਭੇ ’ਲਾਗੇ
ਇੱਕ ਮੋਏ ਹੋਏ ਕਾਂ ਦੁਆਲੇ
ਕਿੰਨੇ ਹੀ ਕਾਂ ’ਕੱਠੇ ਹੋਏ ।

# ਭੁੱਖ

ਸਰਬੰਸ

ਤੇਰੇ ਮੂੰਹ ਤੇ
ਮੇਰੇ ਮੂੰਹ ਤੇ
ਏਸ ਹਲੀਮੀ ਦੇ ਪ੍ਰਛਾਵੇਂ
ਰੋਮ ਰੋਮ ਜਕੜ ਫੜ ਲੀਤੀ ਹੈ,
ਜਿਵੇਂ ਕਿਸੇ, ਜਾਬਰ,
ਕੂਚੀ ਲੈ
ਹੋਠਾਂ ਤੇ ਮੁਸਕਾਨ-ਲਿਪਸਟਿਕ-
ਦਾ ਇੱਕ ਗੂੜ੍ਹਾ
ਲੇਪ ਛੱਡਿਆ
ਤੇਰੇ ਮੂੰਹ ਤੋਂ
ਮੇਰੇ ਮੂੰਹ ਤੋਂ
ਅਵਿਸ਼ਕਤਾ-ਅਣਹੋਂਦ-ਕਹਾਣੀ
ਸਿੰਮ ਦੀ ਤ੍ਰਿਪ ਤ੍ਰਿਪ
ਡਿੱਗਦੀ,
ਇਸ ਯੁਗ ਵਿੱਚ—
(64 ਕਹਾਣੀ ਡਾਢੀ ਬੀਵੇ)
ਇਸ ਆਪਣੇ ਪੈਰੀਂ
ਜਕੜ-ਸੰਗਲ ਪਾ ਲੀਤੇ ਹੋਏ
ਮਿਟ ਜਾਵਣ ਦੀ ਅਭਿਲਾਸ਼ਾ ਛੱਡ
ਇਸ ਧਰਤੀ ਤੇ ਧਰਨਾਂ ਲਾਇਆ
ਜਿਵੇਂ—
ਸਦੀਵੀ ਹੋ ਬੈਠੀ ਹੈ
ਟੁਰ ਜਾਵਣ ਲਈ
ਪੈਰ ਨਾ ਪੁੱਟੇ,
ਤੇਰੇ ਮੂੰਹ ਵਿੱਚ
ਮੇਰੇ ਮੂੰਹ ਵਿੱਚ
ਸ਼ੀਸ਼ੇ ਦੇ ਦਾਣੇ-ਪਾਏ ਹਨ,

ਨਾ ਇਹ ਖੁਰਦੇ
ਨਾ ਇਹ ਮੁੱਕਦੇ
ਨਾ ਭੁੱਖ ਮਿਟਦੀ,
ਤੈਂ ਤੇ ਮੈਂ—
ਦੋਹਾਂ ਨੇ ਏਥੇ ਪੈਰ ਪਸਾਰੇ,
ਮੋਟਾ ਨੱਕ ਕਰੀ ਬੈਠੇ ਹਾਂ
ਮਰਨੋਂ ਵੀ ਤੇ ਨਾਂਹ ਕਰਦੇ ਹਾਂ!

## ਹੱਡੀਆਂ ਤੇ ਪਾਣੀ

ਹਮਦਰਦਵੀਰ ਨੌਸ਼ਹਿਰਵੀ

ਆਜ਼ਾਦੀ,
ਪਲਾਨਿੰਗ
ਉਧਾਰੇ ਡਾਲਰ
ਮੂੰਹ ਮੂੰਹ ਤਕ
ਚੜ੍ਹਦਾ ਆਉਂਦਾ
ਕਰਜ਼-ਸੂਦ
ਘਾਟਾ-ਬਜਟ
ਟੈਕਸ
ਹੋਰ ਟੈਕਸ
ਮਟਮੈਲੇ ਦੁਰਬਲ ਜਹੇ ਹੱਥਾਂ ਵਿੱਚ
ਦੋ ਪੈਸੇ
ਨਿਤ ਜੀਵਨ ਦੀਆਂ ਵਸਤਾਂ ਦੀ
ਅਸਮਾਨ 'ਚ ਉਡਾਰੀ
ਕਮਜ਼ੋਰ ਭੁਖੇ ਹੱਥ
ਆਜ਼ਾਦ ਭੂਮੀ ਤੇ ਵਿਲਕ ਰਹੇ
ਜਨ-ਜੀਵਨ ਦੀਆਂ ਹੱਡੀਆਂ
ਖੁਰ ਕੇ
ਹੁਣ ਤਾਂ ਪਾਣੀ ਬਣ ਗਈਆਂ ਨੇ।

# ਮਹਿਕ ਦੀ ਮੌਤ

ਸੁਰਜੀਤ ਰਾਮਪੁਰੀ

ਤੇਰੇ ਰੁਖ਼ਸਾਰ ਤੇ
ਪੱਤਿਆਂ ਦਾ ਪ੍ਰਛਾਵਾਂ
ਭਲਾ ਕੀ ਲੱਭਦਾ ਏ ?
ਹੁਣ ਤਾਂ ਮੇਰੀ ਨਜ਼ਰ ਨੂੰ ਵੀ
ਉਹ ਗਵਾਚਾ ਸੂਹਾ ਫੁੱਲ
ਦਿੱਸਦਾ ਨਹੀਂ ਹੈ ।
ਹਾਏ ! ਪਤਝੜ........
... ... ... ...
ਇਹ ਹਵਾ ਆਵਾਰਾ ਲਿਟ ਕੋਲੋਂ
ਭਲਾ ਕੀ ਭਾਲਦੀ ਹੈ ?
ਏਥੋਂ ਸਾਹਾਂ ਨੂੰ ਜਦੋਂ
ਮਹਿਕਾਂ ਦਾ ਘੁੱਟ ਮਿਲਦਾ ਨਹੀਂ ।
ਹਾਏ ! ਬੁਢਾਪਾ.....
... ... ... ...
ਦੱਸ ਭਲਾ ਪ੍ਰਛਾਵਿਆਂ ਨੂੰ
ਤੇ ਹਵਾ ਨੂੰ
ਤੇਰੇ ਮੁਖੜੇ ਤੇ ਉਦਾਸੀ ਤੇ ਨਿਰਾਸ਼ਾ
ਤੋਂ ਬਿਨਾਂ ਹਾਸਿਲ ਹੈ ਕੀ ?
... ... ... ...
ਪਿਆਰ ਜੋ ਕਿ ਨਜ਼ਰ ਨੂੰ
ਤੇ ਹੋਠਾਂ ਨੂੰ ਮਿਲਿਆ ਨਹੀਂ ਹੈ
ਰੌਸ਼ਨੀ ਤੇ ਜ਼ਿੰਦਗੀ ਨੂੰ
ਮਿਲਿਆ ਨਹੀਉਂ ।
ਹਵਾ ਤੇ ਪ੍ਰਛਾਵਿਆਂ ਨੂੰ
ਕਿੰਜ ਮਿਲੇਗਾ ?
ਕਿੰਜ ਮਿਲੇਗਾ ? ?
... ... ... ...

# ਹਿਜਰ ਦੀ ਰਾਤ ਹੈ ਰੱਜਕੇ ਸੌਣ ਨੂੰ

ਗੁਰਦੀਪ

ਕਿਹੜੇ ਦਿਨ ਆ ਗਏ ਨੇ ਵਫ਼ਾ ਸਾਹਮਣੇ
ਕਿ ਜਨੂੰ ਤੇ ਸ਼ਰਤ ਸਾਵਧਾਨੀ ਦੀ ਹੈ
ਹੁਕਮ ਹੈ ਪਰਦਾਦਾਰੀ ਦਾ ਹਸਰਤ ਲਈ
ਧੜਕਣਾਂ ਉਤੇ ਫ਼ੰਦਸ਼ ਰਵਾਨੀ ਦੀ ਹੈ
ਇਸ਼ਕ ਅੱਗੇ ਹੈ ਰਾਹ ਹਾਜਰੀ ਕਰਨ ਦਾ
ਸ਼ੌਕ ਨੂੰ ਹੈ ਨਸੀਹਤ ਬਦਲ ਜਾਣ ਦੀ
ਲਾਭ ਦੱਸੇ ਤੇ ਬੇਤਾਬ ਦਿਲ ਹੋ ਲਵੇ
ਲੋੜ ਹੈ ਵਣਜ ਸਮਝਣ ਤੇ ਸਮਝਾਣ ਦੀ
ਹਿਜਰ ਦੀ ਰਾਤ ਹੈ ਰੱਜ ਕੇ ਸੌਣ ਨੂੰ
ਕਹਿਰ ਦੇ ਦਿਨ ਨੇ ਆਸੂਦਗੀ ਵਾਸਤੇ
ਸਿਤਮ ਦੀ ਸ਼ਾਮ ਹੈ ਦਿਲ ਨੂੰ ਬਹਿਲਾਣ ਦੀ
ਤਲਖੀਆਂ ਦੀ ਘੜੀ ਦਿਲਲਗੀ ਵਾਸਤੇ
ਸ਼ਹਿਰ-ਜਾਨਾਂ 'ਚ ਨੇ ਲਾਸਹੇ ਹਰ ਤਰਫ
ਰਾਹੇ ਜਾਨਾਂ ਤੇ ਬਸ ਰਾਹਬਰ ਲੋਕ ਨੇ
ਦਰਦ ਕਿਸ ਦਿਲ 'ਚ ਹੈ ਲਭਦਾ ਹੀ ਨਹੀਂ
ਹਰ ਤਰਫ ਚਾਰਾਗਰ ਚਾਰਾਗਰ ਲੋਕ ਨੇ
ਰਾਹੇ ਜਾਨਾਂ 'ਚ ਸ਼ਾਮਿ ਸਿਤਮ ਆ ਘੁਲੀ
ਗ਼ਮ ਦੀ ਕੰਦੀਲ ਉਠੀ ਤੇ ਰਹਿਬਰ ਬਣੀ
ਉਨ੍ਹਾਂ ਰਾਹਾਂ ਤੇ ਹੁਣ ਤੌਖਲੇ ਤੌਖਲੇ
ਅਜ ਪਹਿਲੀ ਤਰ੍ਹਾਂ ਜਿਗਰ ਜਲਦੇ ਨਹੀਂ
ਘਟ ਕੀਤੇ ਜਿਨ੍ਹਾਂ ਦਰਦ ਦੇ ਫਾਸਲੇ
ਉਨ੍ਹਾਂ ਪੈਰਾਂ ਦੀ ਜੇ ਮੰਗਣੀ ਲੋੜੀਏ
ਉਨ੍ਹਾਂ ਪੈਰਾਂ ਦਾ ਜ਼ਖਮੀ ਹੋਏ ਮਾਣ ਨਾ
ਉਨ੍ਹਾਂ ਰਾਹਾਂ ਤੇ ਫਿਰ ਕਾਫਲੇ ਤੋਰੀਏ।

ਕਹਾਣੀ :

# ਸੜਕਾਂ ਦਾ ਤਿਰਸ਼ੂਲ

ਸੁਖਬੀਰ

ਉਹ ਸੜਕ ਦੇ ਕੰਢੇ ਖੜਾ ਹੈ ਤੇ ਸੋਚਦਾ ਹੈ, ਕਿੱਥੇ ਜਾਏ ?

ਉਹ ਵੇਖਦਾ ਹੈ, ਇੱਕ ਸੜਕ ਯੂਨੀਵਰਸਿਟੀ ਦੇ ਕੋਲੋਂ ਗੋਲ ਮੈਦਾਨ ਵਲ ਜਾਂਦੀ ਹੈ ਇਕ ਸੜਕ ਸਿੱਧੀ ਕੋਲਾਬਾ ਵਲ ਜਾਂਦੀ ਹੈ। ਤੇ ਇੱਕ ਸੜਕ, ਖੱਬੇ ਹੱਥ, ਗੇਟ ਵੇ ਆਫ ਇੰਡੀਅ ਵਲ ਜਾਂਦੀ ਹੈ। ਜਿਸ ਸੜਕ ਤੋਂ ਉਹ ਆਇਆ ਹੈ, ਉਸ ਦੇ ਨਾਲ ਇਹ ਤਿਨੋਂ ਸੜਕਾਂ ਇਸ ਤਰ੍ਹਾਂ ਜੁੜੀਆਂ ਹੋਈਆਂ ਹਨ ਕਿ ਇਕ ਬੇਢੰਗਾ ਜਿਹਾ ਤਿਰਸ਼ੂਲ ਬਣਿਆ ਵਖਾਲੀ ਦਿੰਦਾ ਹੈ ਇੱਕ ਬਹੁਤ ਵੱਡਾ ਸ਼ਹਿਰ, ਜਿਸ ਦੇ ਹੱਥ ਵਿਚ ਸੜਕਾਂ ਦਾ ਤਿਰਸ਼ੂਲ ! ਉਹ ਸੋਚਦਾ ਹੈ ਤੇ ਆਪਣੇ ਇਸ ਖਿਆਲ 'ਤੇ ਹਲਕਾ ਜਿਹਾ ਮੁਸਕਰਾਉਂਦਾ ਹੈ। ਕੁਝ ਚਿਰ ਮੁਸਕਰਾਉਂਦਾ ਰਹਿੰਦ ਹੈ। ਅਖੀਰ ਉਹ ਮੁਸਕਰਾਹਟ ਉਸ ਦੇ ਬੁਲ੍ਹਾਂ ਤੋਂ ਜਾਂਦੀ ਰਹਿੰਦੀ ਹੈ ਤੇ ਉਹ ਸੋਚਦਾ ਹੈ ਕਿਥੇ ਜਾਏ ?

ਹਾਂ, ਕਦੇ ਕਦੇ ਇਸ ਸ਼ਹਿਰ ਵਿਚ ਇੰਞ ਹੁੰਦਾ ਹੈ। ਇੰਞ ਹੁੰਦਾ ਹੈ ਕਿ ਉਹ ਸੜਕ ਦੇ ਕਿਸੇ ਤਿਰਸ਼ੂਲ 'ਤੇ ਟੰਗਿਆ ਜਾਂਦਾ ਹੈ। ਸੜਕ ਦੀ ਕਿਸੇ ਸਲੀਬ 'ਤੇ ਲਟਕ ਜਾਂਦਾ ਹੈ। ਤੇ ਉਸ ਨੂੰ ਪਤਾ ਨਹੀਂ ਲਗਦਾ, ਕੀ ਕਰੇ ਤੇ ਕਿਥੇ ਜਾਏ ? ਅਜ ਵੀ ਉਹ ਖੜਾ ਹੈ ਤੇ ਸੋਚਦਾ ਹੈ, ਕਿਥੇ ਜਾਏ ?

ਉਹ ਚੁਫੇਰੇ ਦੀ ਭੀੜ ਨੂੰ ਵੇਖਦਾ ਹੈ। ਉਸ ਨੂੰ ਅਪਣਾ ਉਥੇ ਖੜੇ ਹੋਣਾ ਕੁਝ ਅਜੀਬ ਜਿਹਾ ਲਗਦਾ ਹੈ। ਹਰ ਕੋਈ ਕਿਤੇ ਨਾ ਕਿਤੇ ਜਾ ਰਿਹਾ ਹੈ। ਲੋਕ, ਬੱਸਾਂ, ਕਾਰਾਂ, ਟੈਕਸੀਆਂ..... ਹਰ ਕੋਈ ਨੱਸਾ, ਭੱਜਾ ਜਾ ਰਿਹਾ ਹੈ, ਛੇਤੀਂ ਤੋਂ ਛੇਤੀਂ ਕਿਤੇ ਪੁੱਜਣਾ ਚਾਹ ਰਿਹਾ ਹੈ। ਕਿਸੇ ਨੂੰ ਵੀ ਖੜੇ ਹੋਣ ਜਾਂ ਆਰਾਮ ਕਰਨ ਦੀ ਵਿਹਲ ਨਹੀਂ ਹੈ। ਪਰ ਉਹ ਖੜਾ ਹੈ ਤੇ ਉਲਝ ਗਿਆ ਹੈ, ਤੇ ਸੋਚਦਾ ਹੈ, ਕਿਥੇ ਜਾਏ ?

ਕਦੇ ਕਦੇ ਜ਼ਿੰਦਗੀ ਏਸੇ ਤਰ੍ਹਾਂ ਰੁਕ ਜਾਂਦੀ ਹੈ, ਦਿਸ਼ਾਵਾਂ ਗਵਾਚ ਜਾਂਦੀਆਂ ਹਨ, ਸੜਕਾਂ ਉਲਝ ਜਾਂਦੀਆਂ ਹਨ ਤੇ ਆਦਮੀ ਸੋਚਦਾ ਹੈ, ਕਿਥੇ ਜਾਏ ?

ਉਹ ਅਪਣੀ ਉਸ ਗਲਤੀ 'ਤੇ ਮੁਸਕਰਾਉਣਾ ਚਾਹੁੰਦਾ ਹੈ, ਪਰ ਮੁਸਕਰਾਹਟ ਉਸ ਦੇ ਬੁੱਲ੍ਹਾਂ ਤੇ ਆ ਨਹੀਂ ਸਕਦੀ।

ਇਸ ਸ਼ਹਿਰ ਵਿਚ ਭਟਕਦਾ ਹੋਇਆ ਆਦਮੀ ਕਦੇ ਚਾਹੁੰਦਾ ਹੈ ਕਿ ਕਿਸੇ ਥਾਂ ਆਰਾਮ

ਕਰਨ ਲਈ ਰੁਕ ਜਾਏ। ਪਰ ਰੁਕ ਕੇ ਇਹ ਸੋਚਣਾ ਨਹੀਂ ਚਾਹੁੰਦਾ ਕਿ ਕਿਥੇ ਜਾਏ। ਉਹ ਬਸ ਆਰਾਮ ਕਰਨਾ ਚਾਹੁੰਦਾ ਹੈ। ਇਸ ਸ਼ਹਿਰ ਦੇ ਭੰਵਰ 'ਚੋਂ ਨਿਕਲ ਜਾਣਾ ਚਾਹੁੰਦਾ ਹੈ। ਪਰ ਨਿਕਲ ਨਹੀਂ ਸਕਦਾ। ਤਦ ਉਸ ਨੂੰ ਆਪਣਾ ਘਰ, ਨੀਲਾ ਅਸਮਾਨ, ਆਪਣੀ ਮਾਂ, ਗੂੜ੍ਹੀ ਨੀਂਦ, ਕੋਈ ਜਿਗਰੀ ਦੋਸਤ........ਹਰ ਚੀਜ਼ ਬਹੁਤ ਦੂਰ ਮਹਿਸੂਸ ਹੁੰਦੀ ਹੈ। ਤੇ ਉਹ ਇਸ ਤਰ੍ਹਾਂ ਥੱਕ ਟੁੱਟ ਕੇ ਤੇ ਲਾਚਾਰ ਹੋ ਕੇ ਇੱਕ ਥਾਂ ਖੜਾ ਹੋ ਜਾਂਦਾ ਹੈ ਕਿ ਇਹ ਵੀ ਨਹੀਂ ਸੋਚ ਸਕਦਾ, ਕਿਥੇ ਜਾਏ ?

ਖੜੋਤਿਆਂ ਉਸ ਨੂੰ ਲੱਤਾਂ 'ਚ ਪੀੜ ਮਹਿਸੂਸ ਹੋਣ ਲਗਦੀ ਹੈ ਤੇ ਉਹ ਚਾਹੁੰਦਾ ਹੈਕਿ ਕਿਤੇ ਬੈਠ ਜਾਏ। ਪਰ ਕਿਥੇ ਜਾਏ ? ਤਦੋਂ ਉਸ ਨੂੰ ਆਪਣੇ ਪਿੱਛੇ ਕਾਫ਼ੀ-ਹਾਊਸ ਦਾ ਖਿਆਲ ਆਉਂਦਾ ਹੈ। ਉਹ ਮੁੜਦਾ ਹੈ ਤੇ ਕਾਫ਼ੀ-ਹਾਊਸ ਵਿਚ ਦਾਖਿਲ ਹੋ ਜਾਂਦਾ ਹੈ। ਇਕ ਖਾਲੀ ਮੇਜ਼ ਕੋਲ ਜਾ ਕੇ, ਕੁਰਸੀ ਖਿੱਚ ਕੇ ਬੈਠ ਜਾਂਦਾ ਹੈ।

ਕਾਫ਼ੀ-ਹਾਊਸ ਵਿਚ ਰੌਲਾ ਹੈ ਤੇ ਭੀੜ। ਕੋਈ ਵੀ ਰੇਸਤੋਰਾ ਏਨਾਂ ਵੱਡਾ ਨਹੀਂ ਹੋਣਾ ਚਾਹੀਦਾ, ਉਹ ਸੋਚਦਾ ਹੈ, ਕਿ ਉਸ ਵਿਚ ਏਨੀਂ ਭੀੜ ਮਹਿਸੂਸ ਹੋਵੇ ਤੇ ਏਨਾ ਰੌਲਾ। ਜਾਂ ਫੇਰ ਏਨਾਂ ਵੱਡਾ ਹੋਣਾ ਚਾਹੀਦਾ ਹੈ ਕਿ ਉਸ ਵਿਚ ਕਦੇ ਭੀੜ ਮਹਿਸੂਸ ਨਾ ਹੋਵੇ, ਰੌਲਾ ਕਦੇ ਰੌਲਾ ਮਹਿਸੂਸ ਨਾ ਹੋਵੇ। ਪਰ ਇਹ ਕਾਫ਼ੀ ਹਾਊਸ ! ਅਸਲ ਵਿਚ ਇਹ ਕਾਫ਼ੀ–ਹਾਊਸ ਇਸ ਸ਼ਹਿਰ ਦਾ ਪ੍ਰਤੀਕ ਹੈ। ਏਥੇ ਲੋਕ ਬੈਠੇ ਹੋਏ ਹਨ, ਪਰ ਅਸਲ ਵਿਚ ਨੱਸੇ ਭੱਜੇ ਜਾ ਰਹੇ ਹਨ। ਉਸ ਨੂੰ ਅਫਸੋਸ ਹੁੰਦਾ ਹੈ ਕਿ ਉਹ ਏਥੇ ਕਿਉਂ ਆਇਆ। ਕਿਸੇ ਛੋਟੇ ਜਹੇ ਰੇਸਤੋਰਾਂ ਵਿਚ ਜਾ ਕੇ ਕਿਉਂ ਨਾ ਬੈਠ ਗਿਆ। ਉਸ ਦੇ ਮਨ 'ਚ ਤਲਖੀ ਜਾਗਦੀ ਹੈ। ਏਥੇ ਤਾਂ ਉਹ ਜਿਵੇਂ ਫਸ ਗਿਆ ਹੈ। ਏਥੇ ਆਰਾਮ ਕਿਥੋਂ ਮਿਲੇ ? ਸਗੋਂ ਲੱਤਾਂ ਦੀ ਪੀੜ ਸਿਰ ਵਿਚ ਸਮਾ ਜਾਏਗੀ ! ਇਹ ਭੀੜ ਸਿਰ ਵਿਚ ਸਮਾ ਜਾਏਗੀ ਤੇ ਉਹ ਰੌਲਾ ਸਿਰ ਵਿਚ ਸਮਾ ਜਾਏਗਾ। ਉਹ ਚਾਹੁੰਦਾ ਹੈ, ਉਥੋਂ ਉਠ ਕੇ ਚਲਾ ਜਾਏ। ਪਰ ਤਦੋ ਆਪਣੇ ਕੋਲ ਖੜੇ ਬੈਰੇ ਵਲ ਉਸ ਦੀ ਨਜ਼ਰ ਜਾਂਦੀ ਹੈ ! ਉਹ ਖੜਾ ਹੈ ਤੇ ਚੁੱਪ ਹੈ। ਚੁੱਪ ਹੈ ਤੇ ਉਸ ਵਲ ਵੇਖ ਰਿਹਾ ਹੈ ! ਪਰ ਉਸ ਦੀ ਨਜ਼ਰ ਚੁੱਪ ਨਹੀਂ ਹੈ।

"ਹਾਟ ਕਾਫ਼ੀ," ਉਸ ਦੇ ਮੂੰਹੋਂ ਨਿਕਲਦਾ ਹੈ।

ਬੈਰਾ ਚਲਾ ਜਾਂਦਾ ਹੈ। ਬੈਰਾ, ਜੋ ਉਸ ਭੀੜ ਵਿੱਚ ਬਹੁਤ ਕੱਲਾ ਹੈ ਤੇ ਉਸ ਰੌਲੇ ਵਿੱਚ ਬਹੁਤ ਚੁਪ ਹੈ।

ਉਹ ਆਪ ਵੀ ਉਥੇ ਬਹੁਤ ਕੱਲਾ ਹੈ ਤੇ ਬਹੁਤ ਚੁਪ ਹੈ।

ਪਰ ਬਾਕੀ ਮੇਜ਼ਾਂ 'ਤੇ, ਉਹ ਨਜ਼ਰ ਦੁੜਾ ਕੇ ਵੇਖਦਾ ਹੈ, ਕੋਈ ਕੱਲਾ ਨਹੀਂ ਹੈ, ਕੋਈ ਚੁਪ ਨਹੀਂ ਹੈ। ਹਰ ਮੇਜ਼ ਦਵਾਲੇ ਦੋ ਦੋ, ਚਾਰ ਚਾਰ ਬੰਦੇ ਬੈਠੇ ਹੋਏ ਹਨ ਤੇ ਗੱਲਾਂ ਕਰ ਰਹੇ ਹਨ। ਹਰ ਕਿਸਮ ਦੇ ਲੋਕ। ਹਰ ਕਿਸਮ ਦੀਆਂ ਗੱਲਾਂ। ਏਥੇ ਵਪਾਰ ਹੁੰਦੇ ਹਨ, ਸਕੀਮਾਂ ਬਣਦੀਆਂ ਹਨ, ਸ਼ਕਾਰ ਫਸਦੇ ਹਨ, ਬੇਕਾਰੀ ਕਟਦੀ ਹੈ, ਨਵੇਂ ਕੰਮ ਲਭੇ ਜਾਂਦੇ ਹਨ।

ਦੋ ਸਾਲ ਪਹਿਲਾਂ ਉਹ ਮੇਹਰਾ ਦੇ ਨਾਲ ਪਹਿਲੀ ਵਾਰਇਸ ਕਾਫ਼ੀ-ਹਾਊਸ ਵਿਚ ਆਇਆ ਸੀ। ਤਦ ਇਹ ਥਾਂ ਬੜੀ ਦਿਲਚਸਪ ਲੱਗੀ ਸੀ। ਜਾਂ ਸਾਇਦ ਮੇਹਰਾ ਦੀਆਂ ਇਸ ਬਾਰੇ ਜੋ ਗੱਲਾਂ ਸਨ,

ਉਹੋ ਏਨੀਆਂ ਦਿਲਚਸਪ ਲਗੀਆਂ ਸਨ। ਮੇਹਰਾ ਦੀ ਜ਼ਿੰਦਗੀ ਦਾ ਚੋਖਾ ਵੱਡਾ ਹਿੱਸਾ ਇਸ ਕਾਫੀ-ਹਾਊਸ ਵਿਚ ਬੀਤਿਆ ਸੀ। ਤੇ ਉਸ ਨੇ ਏਥੋਂ ਦੇ ਲੋਕਾਂ ਤੇ ਉਹਨਾਂ ਦੀਆਂ ਜ਼ਿੰਦਗੀਆਂ ਨੂੰ ਬੜੀ ਗਹਿਰਾਈ ਨਾਲ ਵੇਖਿਆ ਸੀ। ਮਗਰੋਂ ਵੀ, ਉਹ ਕੁਝ ਇਕ ਵਾਰ ਮੇਹਰਾ ਨਾਲ ਏਥੇ ਆਇਆ ਸੀ, ਜਾਂ ਏਥੇ ਆ ਕੇ ਉਸ ਨੂੰ ਮਿਲਿਆ ਸੀ। ਮੇਹਰਾ ਦਾ, ਇਹ ਕਾਫੀ-ਹਾਊਸ ਇਕ ਅਜਿਹਾ ਟਿਕਾਣਾ ਸੀ, ਜਿਥੇ ਉਹ ਨੇਮ ਨਾਲ ਮਿਲ ਸਕਦਾ ਸੀ। ਕਾਸ਼, ਅਜ ਮੇਹਰਾ ਇਥੇ ਹੁੰਦਾ! ਉਹ ਬੜੀ ਸੱਧਰ ਨਾਲ ਸੋਚਦਾ ਹੈ। ਅਜ ਉਹ ਏਥੇ ਹੁੰਦਾ ਤਾਂ ਉਸ ਨਾਲ ਕੁਝ ਚਿਰ ਬੈਠਿਆ ਜਾ ਸਕਦਾ। ਪਰ ਸਾਲ ਹੋਣ ਨੂੰ ਆਇਆ ਸੀ, ਉਹ ਹੈਦਰਾਬਾਦ ਚਲਾ ਗਿਆ ਸੀ। ਉਥੇ ਉਸ ਨੂੰ ਬੜੀ ਚੰਗੀ ਨੌਕਰੀ ਮਿਲ ਗਈ ਸੀ। ਤੇ ਉਹ ਬਹੁਤ ਖੁਸ਼ ਸੀ। ਇਸ ਸ਼ਹਿਰ ਵਿਚ ਅਜੀਬ 'ਚੱਕਰ' ਕਟਿਆ ਸੀ ਉਸ ਨੇ। ਹੁਣ ਉਹ ਉਸ ਚੱਕਰ 'ਚੋਂ ਨਿਕਲ ਚੁੱਕਾ ਸੀ।

ਕੀ ਉਹ ਆਪ ਵੀ ਕਦੇ ਇਸ 'ਚੱਕਰ' ਚੋਂ ਨਿਕਲ ਸਕੇਗਾ? ਉਹ ਸੋਚਦਾ ਹੈ। ਉਸ ਵੇਲੇ ਉਸ ਨੂੰ ਉਹ ਕਾਫੀ-ਹਾਊਸ ਵੀ ਇਕ ਚੱਕਰ ਮਹਿਸੂਸ ਹੁੰਦਾ ਹੈ। ਇਕ ਭੰਵਰ। ਆਦਮੀ ਉਸ 'ਚੋਂ ਨਿਕਲਦਾ ਹੈ। ਫੇਰ ਉਸ ਵਿੱਚ ਘਿਰ ਜਾਂਦਾ ਹੈ। ਉਸ ਵਿਚ ਘਿਰੇ ਹੋਏ ਅਜਿਹੇ ਬਹੁਤ ਸਾਰੇ ਲੋਕ ਹਨ। ਹਮੇਸ਼ਾ ਉਸੇ ਵਿੱਚ ਘਿਰੇ ਰਹਿੰਦੇ ਹਨ।

"ਹੈਲੋ!" ਇਕ ਆਦਮੀ ਉਸ ਕੋਲ ਆ ਕੇ ਕਹਿੰਦਾ ਹੈ। ਤੇ ਕੁਰਸੀ ਖਿਚ ਕੇ ਉਸ ਦੇ ਸਾਹਮਣੇ ਬੈਠ ਜਾਂਦਾ ਹੈ।

ਉਹ ਉਸ ਵਲ ਵੇਖਦਾ ਹੈ। ਹੈਰਾਨੀ ਨਾਲ ਵੇਖਦਾ ਹੈ। ਉਸ ਨੂੰ ਪਛਾਣ ਨਹੀਂ ਸਕਦਾ। ਉਹ ਬਿਲਕੁਲ ਹੀ ਓਪਰਾ ਬੰਦਾ ਲਗਦਾ ਹੈ।

"ਪਛਾਣਿਆ ਵੀ ਮੈਨੂੰ?" ਉਹ ਆਦਮੀ ਉਸ ਦੇ ਚਿਹਰੇ ਵਲ ਹੈਰਾਨੀ ਨਾਲ ਵੇਖ ਕੇ ਕਹਿੰਦਾ ਹੈ।

"ਮਾਫ ਕਰਨਾ, ਪਛਾਣ ਨਹੀਂ ਸਕਿਆ। ਯਾਦ ਨਹੀਂ ਆ ਰਿਹਾ, ਕਿਥੇ ਮੁਲਾਕਾਤ ਹੋਈ ਸੀ।" ਉਹ ਉਸ ਨੂੰ ਪਛਾਨਣ ਦਾ ਜਤਨ ਕਰਦਾ ਹੈ।

"ਯਾਦ ਕਰੋ ਖਾਂ," ਉਹ ਆਦਮੀ ਕਹਿੰਦਾ ਹੈ।

ਉਹ ਯਾਦ ਕਰਦਾ ਹੈ, ਪਰ ਕੁਝ ਯਾਦ ਨਹੀਂ ਆਉਂਦਾ।

"ਪਿਛਲੀ ਵਾਰ ਏਥੇ ਹੀ ਤਾਂ ਮੁਲਾਕਾਤ ਹੋਈ ਸੀ", ਅਖੀਰ ਉਹ ਆਦਮੀ ਉਸ ਨੂੰ ਯਾਦ ਕਰਾਉਂਦਾ ਹੈ।

"ਪਿਛਲੀ ਵਾਰ ਕਦ?"

"ਪਿਛਲੀ ਵਾਰ, ਜਦ ਤੁਸੀਂ ਏਥੇ ਬੈਠੇ ਹੋਏ ਸਉ। ਤੁਸੀਂ ਆਪਣਾ ਲੇਟੇਸਟ ਗੀਤ ਵੀ ਸੁਣਾਇਆ ਸੀ ਮੈਨੂੰ।"

"ਓਹ, ਤਾਂ ਉਹ ਕੋਈ ਹੋਰ ਆਦਮੀ ਹੋਵੇਗਾ। ਮੈਂ ਤਾਂ ਗੀਤ ਕਦੇ ਲਿਖੇ ਹੀ ਨਹੀਂ।"

"ਵਾਹ, ਇਹ ਵੀ ਅਜੀਬ ਗੱਲ ਏ! ਕੀ ਤੁਹਾਡਾ ਨਾਂ ਗੁਲਸ਼ਨ ਨੰਦਾ ਨਹੀਂ ਏ? ਕੀ ਤੁਸੀਂ ਹੀ 'ਸੱਟਾ ਬਾਜ਼ਾਰ' ਫਿਲਮ ਦੇ ਗੀਤ ਨਹੀਂ ਲਿਖੇ?"

"ਨਹੀਂ, ਮੈਂ ਨਹੀਂ ਲਿਖੇ। ਤੁਹਾਨੂੰ ਗਲਤੀ ਲੱਗੀ ਏ। ਤੇ 'ਸੱਟਾ ਬਾਜ਼ਾਰ' ਦੇ ਗੀਤ

ਗੁਲਸ਼ਨ ਨੰਦਾ ਨੇ ਨਹੀਂ, ਗੁਲਸ਼ਨ ਬਾਵਰਾ ਨੇ ਲਿਖੇ ਹਨ।"

"ਓਹ, ਮਾਫ ਕਰਨਾ। ਮੈਨੂੰ ਵੀ ਅਜੀਬ ਗਲਤ ਫਹਿਮੀ ਹੋਈ ਏ। ਸੱਚ ਮੁਚ ਬਹੁਤ ਅਫਸੋਸ ਏ ਮੈਨੂੰ।"

"ਕੋਈ ਗੱਲ ਨਹੀਂ।"

ਉਹ ਆਦਮੀ ਉਠ ਕੇ ਚਲਾ ਜਾਂਦਾ ਹੈ।

ਉਹ ਉਥੇ ਹੀ ਬੈਠਾ ਰਹਿੰਦਾ ਹੈ। ਮਨ ਵਿਚ ਹਲਕਾ ਜਿਹਾ ਮੁਸਕਰਾਉਂਦਾ ਹੈ। ਕਿਹੋ ਜਿਹਾ ਸ਼ਹਿਰ ਹੈ ਇਹ, ਉਹ ਸੋਚਦਾ ਹੈ, ਜਿਥੇ ਚਿਹਰੇ ਪਛਾਣੇ ਨਹੀਂ ਜਾਂਦੇ।

ਉਹ ਨਜ਼ਰ ਘੁਮਾ ਕੇ ਦੂਰ ਮੇਜ਼ਾਂ ਵਲ ਵੇਖਦਾ ਹੈ। ਉਥੇ ਬੈਠੇ ਹੋਏ ਕੁਝ ਲੋਕਾਂ ਦੇ ਚਿਹਰਿਆਂ ਨੂੰ ਉਸ ਨੇ ਹਮੇਸ਼ਾਂ ਉਥੇ ਵੇਖਿਆ ਹੈ। ਬੜੇ ਜਾਣੇ ਪਛਾਣੇ ਹੋਏ ਚਿਹਰੇ। ਪਰ ਬੜੇ ਪਰਾਏ ਚਿਹਰੇ। ਉਹਨਾਂ ਵਿਚ ਇਕ ਚਿਹਰਾ ਹੈ–ਲੰਮੇ ਨੱਕ ਵਾਲਾ ਚਿਹਰਾ। ਮੋਟੇ ਫਰੇਮ ਦੀ ਐਨਕ ਵਾਲਾ ਚਿਹਰਾ। ਉਹ ਸਟੰਟ ਫ਼ਿਲਮਾਂ ਦਾ ਡਿਸਟ੍ਰੀਬਿਊਟਰ ਹੈ। ਮੇਹਰਾ ਨੇ ਦਸਿਆ ਸੀ ਕਿ ਉਹ ਉਸ ਨੂੰ ਕਈ ਵਰ੍ਹਿਆਂ ਤੋਂ ਉਥੇ ਵੇਖਦਾ ਆ ਰਿਹਾ ਹੈ। ਕਾਫੀ–ਹਾਊਸ ਹੀ ਉਸ ਦਾ ਦਫਤਰ ਹੈ।..............ਔਧਰ, ਨੁਕਰ ਵਿਚ, ਮੇਜ਼ 'ਤੇ ਇੱਕ ਕੱਲੀ ਤੀਵੀਂ ਬੈਠੀ ਹੈ। ਉਹ ਪਾਗਲ ਹੈ। ਭਿਆਨਕ ਅੱਖਾਂ। ਤੇ ਬੁਲ੍ਹਾਂ 'ਤੇ ਕਦੇ ਨਾ ਮਰਨ ਵਾਲੀ ਕੂਲੀ ਜਹੀ ਮੁਸਕਰਾਹਟ। ਸਿਗਰਟ 'ਤੇ ਸਿਗਰਟ ਪੀਂਦੀ ਰਹਿੰਦੀ ਹੈ। ਉਹ ਸਹੀ ਅਰਥਾਂ ਵਿਚ 'ਕਾਫੀ–ਹਾਊਸ ਦੀ ਤੀਵੀਂ" ਹੈ।... ਉਸ ਦੇ ਇਕ ਪਾਸੇ ਕਾਲੀ ਟੋਪੀ ਤੇ ਚਿੱਟੀ ਧੋਤੀ ਵਾਲਾ ਜੋ ਆਦਮੀ ਹੈ, ਉਹ ਦਲਾਲ ਹੈ। ਹਰ ਚੀਜ਼ ਦੀ ਦਲਾਲੀ ਕਰਦਾ ਹੈ।......ਤੇ ਔਹ ਜੋ ਰੁੱਖੇ ਵਾਲਾਂ ਵਾਲਾ ਆਦਮੀ ਬੈਠਾ ਹੈ, ਉਹ ਲੇਖਕ ਹੈ। ਕਾਫੀ–ਹਾਊਸ ਵਿੱਚ ਕਹਾਣੀਆਂ ਦੇ ਪਾਤਰ ਲੱਭਣ ਆਉਂਦਾ ਹੈ। ਕਹਾਣੀਆਂ ਲਿਖਦਾ ਹੈ। ਪਰ ਅਜ ਤਕ ਉਸ ਦੀ ਇਕ ਵੀ ਕਹਾਣੀ ਕਿਤੇ ਛਪੀ ਨਹੀਂ ਹੈ। ਮੇਹਰਾ ਨੇ ਹੀ ਉਸ ਨਾਲ ਮੁਲਾਕਾਤ ਕਰਾਈ ਸੀ। ਉਸ ਪਿਛੋਂ ਉਹ ਉਸ ਨੂੰ ਕਈ ਕਹਾਣੀਆਂ ਸੁਣਾ ਚੁੱਕਾ ਹੈ। ਬੜੀਆਂ ਉਲਝੀਆਂ ਹੋਈਆਂ ਕਹਾਣੀਆ। ਤੇ ਹਰ ਕਹਾਣੀ ਵਿਚ ਕਾਫੀ ਦੇ ਕੱਪ ਦਾ ਜ਼ਿਕਰ। ਉਸ ਨੇ ਇਕ ਵਾਰ ਕਿਹਾ ਸੀ ਕਿ ਜਿਸ ਦਿਨ ਉਸ ਦਾ ਕਹਾਣੀ–ਸੰਗ੍ਰਹਿ ਛਪੇਗਾ ਉਹ ਉਸ ਦਾ ਸਮਰਪਣ ਉਸ ਕਾਫੀ–ਹਾਊਸ ਦੇ ਨਾਂ ਕਰੇਗਾ।..........

ਬੈਰਾ ਕਾਫੀ ਦਾ ਕੱਪ ਰੱਖ ਜਾਂਦਾ ਹੈ।

ਉਹ ਸਹਿਜੇ ਸਹਿਜੇ ਕਾਫੀ ਪੀਣ ਲੱਗਦਾ ਹੈ। ਕਾਫੀ ਪੀਂਦਾ ਹੋਇਆ ਇਕ ਟਕ ਕਾਫੀ ਨੂੰ ਵੇਖਦਾ ਰਹਿੰਦਾ ਹੈ। ਕਾਫੀ ਦੀ ਸਤਹਿ ਥੱਲੇ ਉਤਰਦੀ ਰਹਿੰਦੀ ਹੈ। ਅਖੀਰ ਕੱਪ ਖਾਲੀ ਹੋ ਜਾਂਦਾ ਹੈ।

ਉਹ ਨਜ਼ਰ ਚੁਕਦਾ ਹੈ ਤੇ ਸੋਚਦਾ ਹੈ, ਹੁਣ ਕਿਥੇ ਜਾਏ? ਕੁਝ ਚਿਰ ਬੈਠਾ ਰਹਿੰਦਾ ਹੈ। ਫੇਰ ਸੋਚਦਾ ਹੈ, ਕਿਥੇ ਜਾਏ? ਇਸ ਸ਼ਹਿਰ ਦੀਆਂ ਸੜਕਾਂ ਦੇ ਲੰਮੇ ਸਫਰ ਵਿੱਚ ਇਹ ਕਾਫੀ-ਹਾਊਸ ਕਈ ਵਾਰ ਪੜਾਅ ਬਣਿਆ ਹੈ। ਏਥੇ ਕੁਝ ਚਿਰ ਆਰਾਮ ਕਰਨ ਅਤੇ ਇਕ ਕੱਪ ਕਾਫੀ ਪੀਣ ਸਦਕਾ ਨਵੀਂ ਫੁਰਤੀ ਹਾਸਲ ਕਰਕੇ ਮੁੜ ਸਫਰ ਸ਼ੁਰੂ ਕੀਤਾ ਹੈ। ਬੇਕਾਰੀ ਵਿਚ ਇਹ ਸਫਰ ਹਰ ਵਾਰ ਬੜਾ ਲੰਮਾ ਜਾਪਿਆ ਹੈ। ਇਸ ਵਾਰ ਦੀ ਬੇਕਾਰੀ ਵਿੱਚ ਤਾਂ ਇਹ ਜਿਵੇਂ

ਮੁੱਕਣ 'ਚ ਹੀ ਨਹੀਂ ਆ ਰਿਹਾ ਹੈ। ਆਖਿਰ ਏਥੇ ਉਹ ਕਦ ਤਾਈਂ ਬੈਠੇਗਾ ? ਕਿਤੇ ਹੋਰਨਾਂ ਲੋਕਾਂ ਵਾਂਗ ਇਹ ਕਾਫੀ-ਹਾਊਸ ਉਸ ਲਈ ਪੜਾਅ ਦੀ ਥਾਂ ਮੰਜ਼ਿਲ ਹੀ ਨਾ ਬਣ ਜਾਏ! ਸੋ ਉਠਣਾ ਚਾਹੀਦਾ ਹੈ।

ਉਹ ਬਿਲ ਦੇ ਪੈਸੇ ਰੱਖਕੇ ਉਠਦਾ ਹੈ ਤੇ ਸੜਕ 'ਤੇ ਆਉਂਦਾ ਹੈ। ਸੜਕ ਕੰਢੇ ਇੱਕ ਮਿੰਟ ਲਈ ਖੜੋ ਜਾਂਦਾ ਹੈ। ਇਕ ਸੜਕ ਯੂਨੀਵਰਸਿਟੀ ਕੋਲੋਂ ਗੋਲ ਮੈਦਾਨ ਵਲ ਜਾਂਦੀ ਹੈ। ਇਕ ਸੜਕ ਸਿੱਧੀ ਕੋਲਾਬਾ ਵਲ ਜਾਂਦੀ ਹੈ। ਤੇ ਇੱਕ ਸੜਕ, ਖੱਬੇ ਹੱਥ, ਗੇਟ ਵੇ ਆਫ ਇੰਡੀਆ, ਵਲ ਜਾਂਦੀ ਹੈ। ਜਿਥੇ ਉਹ ਖੜਾ ਹੈ, ਉਸ ਥਾਂ ਤਿੰਨੋਂ ਸੜਕਾਂ ਚੌਥੀ ਸੜਕ ਨਾਲ ਇਸ ਤਰ੍ਹਾਂ ਜੁੜੀਆ ਹੋਈਆਂ ਹਨ ਕਿ ਇਕ ਬੇਢੰਗਾ ਜਿਹਾ ਤਿਰਸ਼ੂਲ ਬਣਿਆ ਵਖਾਈ ਦਿੰਦਾ ਹੈ। ਉਹ ਉਥੇ ਖੜੋਤਾ ਆਪਣੇ ਆਪ ਨੂੰ ਉਸ ਤਿਰਸ਼ੂਲ 'ਤੇ ਟੰਗਿਆ ਹੋਇਆ ਮਹਿਸੂਸ ਕਰਦਾ ਹੈ, ਤੇ ਸੋਚਦਾ ਹੈ, ਕਿਥੇ ਜਾਏ ? ਆਖਿਰ ਕਿਥੇ ਜਾਏ ?

●

## ਸੁਖਬੀਰ

ਦੀਆਂ ਰਚਨਾਵਾਂ

ਕਹਾਣੀਆਂ : ਡੁਬਦਾ ਚੜ੍ਹਦਾ ਸੂਰਜ

ਕਵਿਤਾ : ਪੈੜਾਂ

ਨੈਣ ਨਕਸ਼

ਨਾਵਲ : ਰਾਤ ਦਾ ਚਿਹਰਾ

ਪਾਣੀ ਤੇ ਪੁਲ

●

# ਕਸੁੰਭੜੇ ਦਾ ਰੰਗ

ਪਿਆਰਾ ਸਿੰਘ ਭੋਗਲ

ਦੋ ਤਿੰਨ ਵਾਰ ਪੁੱਛਣ ਤੇ ਉਸਦੀਆਂ ਅੱਖਾਂ 'ਚੋਂ ਹੰਝੂ ਪਰਲ ਪਰਲ ਚਲ ਪਏ। ਕੁਛ ਦੇਰ ਤੋਂ ਉਸਨੂੰ ਇਹ ਅੱਖਾਂ ਉਛਲੀਆਂ ਉਛਲੀਆਂ ਲਗਦੀਆਂ ਸਨ, ਤੇ ਫੇਰ ਦੋ ਪਾਰ ਦਰਸ਼ੀ ਤੁਪਕੇ ਹੇਠਲੀਆਂ ਕੋਰਾਂ ਤੇ ਆ ਕੇ ਇਉਂ ਲਟਕ ਗਏ, ਜਿਵੇਂ ਬਾਰਸ਼ ਤੋਂ ਬਾਅਦ ਤਾਰ ਨਾਲ ਲਟਕਦੀਆਂ ਕਣੀਆਂ। ਜਦ ਇਹ ਦੋਵੇਂ ਤੁਪਕੇ ਰੁੜ੍ਹਕੇ ਉਸਦੀਆਂ ਫਰਕਦੀਆਂ ਗੱਲ੍ਹਾਂ ਉੱਤੇ ਦੋ ਧਾਰਾਂ ਬਣਾ ਗਏ, ਤਾਂ ਪਿੱਛੇ ਪਿੱਛੇ ਹੋਰ ਕਿੰਨੇ ਹੀ ਤੁਪਕੇ ਆ ਗਏ, ਜਿਵੇਂ ਉਹ ਇਹੋ ਰਾਹ ਬਨਣ ਦੀ ਹੀ ਉਡੀਕ ਕਰ ਰਹੇ ਹੋਣ।

ਉਹ ਵੇਖਦਾ ਰਿਹਾ, ਉਸਦੀ ਉਦਾਸੀ 'ਚ ਭਿਆਲ ਬਨਣ ਦਾ ਦਿਖਾਵਾ ਕਰਨ ਲਈ, ਆਪ ਵੀ ਉਦਾਸ ਲੱਗਣ ਦਾ ਯਤਨ ਕਰਦਾ ਹੋਇਆ।

ਥੋੜੀ ਦੇਰ ਮੂੰਹ ਲਟਕਾਈ ਬੈਠੀ ਰਹਿਣ ਤੋਂ ਬਾਅਦ ਉਸਨੇ ਪਰਸ ਵਿਚੋਂ ਰੁਮਾਲ ਕੱਢਿਆ। ਰੁਮਾਲ ਸਾਫ਼ ਹੀ ਨਹੀਂ ਸੀ, ਪਰੈੱਸ ਵੀ ਕੀਤਾ ਹੋਇਆ ਸੀ; ਸ਼ਾਇਦ ਇਸ ਵਿਚੋਂ ਖ਼ੁਸ਼ਬੂ ਵੀ ਆ ਰਹੀ ਹੋਵੇ, ਪਰ ਉਸਨੂੰ ਪਤਾ ਨਾਂ ਲੱਗਾ। ਜਦੋਂ ਉਹ ਰੁਮਾਲ ਕੱਢ ਰਹੀ ਸੀ ਤੇ ਉਸਦੀਆਂ ਤਹਿਆਂ ਖੋਲ੍ਹ ਰਹੀ ਸੀ, ਤਾਂ ਉਸਦਾ ਧਿਆਨ ਉਸਦੇ ਰੁੰਨੇ ਮੂੰਹ ਵਲ ਨਹੀਂ ਸੀ, ਉਸਦੀਆਂ ਫਲੀਆਂ ਵਰਗੀਆਂ ਖ਼ੂਬਸੂਰਤ ਉਂਗਲੀਆਂ ਵਲ ਸੀ, ਜੋ ਵਧਾਏ ਹੋਏ, ਪਾਲਸ਼ ਕੀਤੇ ਹੋਏ ਤੇ ਅੰਦਰਲੇ ਪਾਸਿਉਂ ਸਾਫ਼ ਕੀਤੇ ਹੋਏ ਨਹੁੰਆਂ ਦੇ ਕਾਰਨ ਅਸਲ ਨਾਲੋਂ ਵੀ ਲੰਬੀਆਂ ਤੇ ਅਗਲੇ ਪੋਟਿਆਂ ਤੋਂ ਪਤਲੀਆਂ-ਤਿੱਖੀਆਂ 'ਲਗਦੀਆਂ ਸਨ, ਤੇ ਖਰਾਦੀਆਂ ਤਰਾਸ਼ੀਆਂ ਤੇ ਮਲਾਇਮ ਬਾਹਾਂ ਨੂੰ ਹੋਰ ਵੀ ਸੋਹਣਾ ਬਣਾ ਦਿੰਦੀਆਂ ਸਨ। ਰੁਮਾਲ ਦੀਆਂ ਸਾਰੀਆਂ ਤਹਿਆ ਖੋਲ੍ਹ ਕੇ ਇੱਕ ਪਾਸੇ ਦੇ ਕੋਨੇ ਨਾਲ ਉਸ ਨੇ ਰਗੜਕੇ ਮੂੰਹ ਪੂੰਝਿਆ। ਗੱਲ੍ਹਾਂ ਦਾ ਰੰਗ ਰਗੜ ਨਾਲ ਕਿਤਿਉਂ ਕਿਤਿਉਂ ਸੁਰਖ਼ ਹੋ ਗਿਆ, ਜਿਵੇਂ ਕਿਸੇ ਨਵ-ਵਿਆਹੀ ਨੇ ਬੇਮਲੂਮ ਤਰੀਕੇ ਨਾਲ ਗੁਲਾਲੀ ਲਾਈ ਹੋਵੇ। ਉਦਾਸ ਉਹ ਅਜੇ ਵੀ ਸੀ-ਜਾਂ ਉਦਾਸ ਦਿਖਾਈ ਦਿੰਦੀ ਸੀ, ਪਰ ਉਸ ਨੂੰ ਉਹ ਉਦਾਸ ਨਾਲੋਂ ਸੋਹਣੀ ਜ਼ਿਆਦਾ ਲੱਗੀ। ਜਿਸ ਹਿੱਸੇ ਨਾਲ ਮੂੰਹ ਪੂੰਝਿਆ ਗਿਆ ਸੀ, ਉਸਨੂੰ ਅੰਦਰਲੇ ਪਾਸੇ ਕਰਕੇ ਉਹ ਰੁਮਾਲ ਦੀਆਂ ਤਹਿਆਂ ਫੇਰ ਪਹਿਲਾਂ ਵਾਂਗ ਹੀ ਬੜੇ ਧਿਆਨ ਨਾਲ ਲਾਉਣ ਲੱਗ ਪਈ।

ਉਸ ਨੂੰ ਉਸ ਵੇਲੇ ਦਰਿਆ ਦੇ ਕੰਢੇ ਦੀ ਨਿੱਖਰੀ ਧੋਤੀ ਅਬਰਕਾਂ ਨਾਲ ਲਿਸ਼ਕਦੀ ਰੇਤ ਦਾ ਚੇਤਾ ਆਇਆ, ਜੋ ਬਰਸਾਤ ਨੂੰ ਦਰਿਆ ਦਾ ਪਾਣੀ ਚੜ੍ਹਕੇ ਲਹਿ ਜਾਣ ਬਾਅਦ ਭਿੱਜ

ਜਾਂਦੀ ਹੈ, ਉਸ ਉੱਤੇ ਦਬਾਅ ਪਾਈਏ, ਤਾਂ ਵਿੱਚੋਂ ਪਾਣੀ ਬਾਹਰ ਆ ਜਾਂਦਾ ਹੈ, ਪਰ ਫੇਰ ਪਾਣੀ ਵਿੱਚੇ ਰਚ ਜਾਂਦਾ ਹੈ।

ਰੁਮਾਲ ਪਰਸ ਵਿੱਚ ਰੱਖਕੇ ਉਹ ਨੀਵੀਂ ਪਾ ਕੇ ਬੈਠ ਗਈ। ਜਦੋਂ ਉਸਨੇ ਪਹਿਲਾ ਸਵਾਲ ਫੇਰ ਦੁਹਰਾਇਆ, ਠੋਡੀ ਹੋਰ ਵੀ ਛਾਤੀ ਵਲ ਝੁਕ ਗਈ। ਗੱਲ੍ਹਾਂ ਦੇ ਡੂੰਘ ਅਜੇ ਵੀ ਨਜ਼ਰ ਆ ਉੱਦੇ ਸਨ, ਜਿਨ੍ਹਾਂ ਦੀ ਗਹਿਰਾਈ ਘਟਦੀ ਵਧਦੀ ਸੀ, ਤੇ ਇਹ ਉਸਦੇ ਚਿਹਰੇ ਵਿੱਚ ਸਭ ਤੋਂ ਵਧੀਆ ਨਕਸ਼ ਮਲੂਮ ਹੁੰਦੇ ਸਨ। ਤੇ ਜਦ ਉਸਦੀਆਂ ਨਜ਼ਰਾਂ ਇਹਨਾਂ ਟੋਇਆਂ ਟਿੱਬਿਆਂ ਨੂੰ ਪਾਰ ਕਰਕੇ ਹੇਠਾਂ ਵਲ ਲਹੀਆਂ, ਤਾਂ ਅਚਾਨਕ ਜੰਮ ਗਈਆਂ। ਆਉਂਦੇ ਜਾਂਦੇ ਲੰਮੇ ਸਾਹਾਂ ਨਾਲ ਸਾਰਾ ਧੜ ਧੜਕ ਰਿਹਾ ਸੀ, ਤੇ ਸੀਨੇ ਤੇਜ਼ੀ ਨਾਲ ਉਭਰਦੇ ਲਹਿੰਦੇ ਸਨ, ਜਿਵੇਂ ਉਸਦੀ ਸਾਰੀ ਫੜਫੜਾਂਦੀ ਜਾਨ ਓਥੇ ਹੀ ਇਕੱਠੀ ਹੋ ਗਈ ਹੋਵੇ।

ਉਸ ਨੇ ਉਸਨੂੰ ਇਉਂ ਰੋਂਦਿਆਂ ਅੱਜ ਪਹਿਲੀ ਵਾਰ ਨਹੀਂ ਦੇਖਿਆ ਸੀ, ਅੱਗੇ ਵੀ ਕਈ ਵਾਰ ਉਹ ਉਸਦੇ ਪਾਸ ਬੈਠੀ ਰੋਈ ਸੀ। ਕਈ ਕਈ ਦਿਨ ਉਹ ਰੋਣਾ ਜਿਹਾ ਮਨ ਵੀ ਬਣਾਈ ਰਖਦੀ, ਪਰ ਬਾਹਰੋਂ ਉਸਦੇ ਰੂਪ ਵਿੱਚ ਬਹੁਤਾ ਫ਼ਰਕ ਨਾ ਆਉਂਦਾ। "ਹੇਅਰ-ਪੱਫ" ਖੋਪਰੀ ਉੱਤੇ ਰੱਖਕੇ ਵਾਲ ਸਦਾ ਉੱਚੇ ਰੱਖ ਕੇ ਬਣਾ ਕੇ ਆਉਂਦੀ। ਮੂੰਹ ਤੋਂ ਹੀ ਨਹੀਂ, ਸਰੀਰ ਵਿਚੋਂ ਵੀ ਤਾਜ਼ੇ ਛਿੜਕੇ ਧੂੜੇ ਤੇ ਕਰੀਮ ਦੀ ਸੋਂਧੀ ਸੋਂਧੀ ਖ਼ੁਸ਼ਬੂ ਆਉਂਦੀ ਰਹਿੰਦੀ। ਹੱਥਾਂ ਬਾਰੇ ਤਾਂ ਉਹ ਆਪ ਵੀ ਕਹਿੰਦੀ, ਮੈਂ ਬਹੁਤ ਖ਼ਿਆਲ ਰਖਦੀ ਹਾਂ, ਪੈਰ ਵੀ ਧੋਤੇ ਨਿੱਖਰੇ ਹੁੰਦੇ (ਉਹ ਆਪਣੀਆਂ ਵਾਕਫ਼ ਕੁੜੀਆਂ ਦੇ ਪੈਰਾਂ ਵੱਲ ਦੇਖਣ ਬਿਨਾਂ ਨਾਂ ਰਹਿ ਸਕਦਾ, ਕਈ ਕੁੜੀਆਂ, ਜਿਨਾਂ ਦੇ ਮੂੰਹ ਚੋਪੜੇ ਹੁੰਦੇ ਤੇ ਕੱਪੜੇ ਸੋਹਣੇ ਸਾਫ਼ ਸੁਥਰੇ, ਪੈਰਾਂ ਵਲ ਦੇਖਿਆਂ ਬੜੀਆਂ ਮੈਲੀਆਂ ਲਗਦੀਆਂ। ਕਈਆਂ ਦੀਆਂ ਪਾਟੀਆਂ ਬਿਆਈਆਂ ਵੀ ਨਜ਼ਰ ਆਉਂਦੀਆਂ; ਨਹੀਂ ਤਾਂ ਚਮੜੇ ਦੀਆਂ ਸਿਲਵੱਟਾਂ ਵਿਚ ਮੈਲ ਜ਼ਰੂਰ ਨਜ਼ਰ ਆ ਜਾਂਦੀ।) ਜਦੋਂ ਇਸ ਸਾਲ ਨਵੀਂ ਕਿਸਮ ਦੀਆਂ ਕੁੜੀਆਂ ਨੇ ਸੀਸ਼ੇ ਦੀਆਂ ਟੁਕੜੀਆਂ ਸਿਲਮੇਂ ਸਤਾਰੇ ਵਾਂਗ ਜੜਾਕੇ ਜੰਪਰ ਪਾਉਣੇ ਸ਼ੁਰੂ ਕੀਤੇ, ਤਾਂ ਉਸ ਨੇ ਵੀ ਐਨ ਇਨ੍ਹਾਂ ਦਿਨਾਂ ਵਿੱਚ ਤਿੰਨ ਜੰਪਰ (ਗੁਲਾਬੀ, ਕਾਲੇ ਤੇ ਲਾਲ ਸ਼ੋਖ਼ ਰੰਗ ਦੇ) ਬਣਵਾਏ, ਤੇ ਨਵੇਂ ਫੈਸ਼ਨ ਅਨੁਸਾਰ ਹੀ ਪੈਰਾਂ ਵਿੱਚ ਪਾਉਣ ਵਾਲੀਆਂ ਚਾਂਦੀ ਦੀਆਂ ਪੰਜੇਬਣੀਆਂ ਬਣਵਾਈਆਂ। ਇਹ ਤਾਂ ਉਹ ਜਾਣਦਾ ਈ ਸੀ, ਉਸ ਨੂੰ ਪੈਸੇ ਦਾ ਥੋੜ ਨਹੀਂ, ਜਾਂ ਘੱਟ ਤੋਂ ਘੱਟ ਖਾਣ ਤੋਂ ਇਲਾਵਾ ਕੱਪੜੇ ਆਦਿ ਜੋਗੇ ਖੁਲ੍ਹੇ ਪੈਸੇ ਉਸ ਨੂੰ ਮਿਲ ਜਾਂਦੇ ਸਨ। ਪਰ ਉਨ੍ਹਾਂ ਦਿਨਾਂ ਵਿੱਚ, ਜਦੋਂ ਉਹ ਉਹਦੇ ਪਾਸ ਆ ਕੇ ਰੋਣ ਰੋਣ ਹੀ ਕਰਦੀ ਰਹਿੰਦੀ ਸੀ, ਉਸ ਨੂੰ ਆਪਣੇ ਆਪ ਦੀ ਫੱਬ ਢੱਬ ਦਾ ਇੰਨਾ ਖ਼ਿਆਲ ਰਖਦਿਆਂ ਵੇਖ ਕੇ ਉਹ ਕਦੇ ਕਦੇ ਹੈਰਾਨ ਹੁੰਦਾ, ਉਹ ਰੋਂਦੀ ਕਿਹੜੇ ਮਨ ਨਾਲ ਹੈ ?

ਆਖ਼ਰ ਸੱਜ-ਸ਼ਿੰਗਾਰ ਲਈ ਪੈਸਾ ਟਕਾ ਲਾ ਕੇ ਖ਼ਰੀਦੇ ਹੋਏ ਲਿਬਾਸ ਤੇ ਹੋਰ ਸਾਮੱਗਰੀ ਹੀ ਨਹੀਂ ਚਾਹੀਦੀ, ਵਿਹਲ ਵੀ ਚਾਹੀਦਾ ਹੈ, ਸਰੀਰ ਦਾ ਹੀ ਨਹੀਂ, ਮਨ ਦਾ ਵਿਹਲ ਵੀ।

ਪਹਿਲਾਂ ਉਸ ਨੂੰ ਆਪਣੇ ਸਾਹਮਣੇ ਝੁਰਦਿਆਂ ਦੇਖ ਕੇ ਉਹ ਆਪਣੇ ਆਪ ਨੂੰ ਗੁਨਾਹ-ਗਾਰ ਸਮਝਦਾ, ਜਾਂ ਉਹ ਸਮਝਦਾ ਕਿ ਉਹ ਉਸ ਨੂੰ ਗੁਨਾਹਗਾਰ ਸਮਝਦੀ ਹੈ। ਉਸ ਨੂੰ ਆਪਣੀ

ਸੂਰਤ ਵੀ ਕਾਫ਼ੀ ਬਿਗਾੜਨੀ ਪੈਂਦੀ, ਬੋਲ ਪੰਘਾਰਨੇ ਪੈਂਦੇ, ਦਿਲਬਰੀਆਂ ਦੇਣੀਆਂ ਪੈਂਦੀਆਂ, ਹੰਝੂ ਪੂੰਝਣੇ ਪੈਂਦੇ।

ਉਦੋਂ ਉਹ ਰੋਂਦੀ ਸੀ, ਉਹ ਉਸ ਨਾਲ ਸ਼ਾਦੀ ਕਿਉਂ ਨਹੀਂ ਕਰਵਾਉਂਦਾ ? ਉਹ ਕਹਿੰਦਾ, ਉਹ ਕਰਾਉਣਾ ਚਾਹੁੰਦਾ ਹੈ—ਉਹ ਸੱਚ ਮੁੱਚ ਚਾਹੁੰਦਾ ਹੈ, ਇਸ ਗੱਲੋਂ ਤੜਪਦਾ ਰਹਿੰਦਾ ਹੈ, ਤਰੀਕੇ ਸੋਚਦਾ ਹੈ, ਜੀਅ ਚਾਹੁੰਦਾ ਹੈ, ਉਸ ਨੂੰ ਖੰਭ ਲੱਗ ਜਾਣ ਤੇ ਉਹ ਉਸ ਨੂੰ ਲੈ ਉੜੇ, ਕਿਸੇ ਐਸੀ ਦੁਨੀਆਂ ਵਿੱਚ ਨੂੰ, ਜਿੱਥੇ ਉਹ ਦੋਵੇਂ ਹੋਣ, ਹੋਰ ਕੋਈ ਨਾ ਹੋਵੇ, ਕੋਈ ਰੋਕ ਟੋਕ ਨਾਂ ਹੋਵੇ। ਕਦੇ ਕਦੇ ਉਹ ਸੱਚ ਮੱਚ ਹੀ ਇਉਂ ਚਾਹੁੰਦਾ। ਪਰ ਉਹ ਇਹ ਵੀ ਜਾਣਦਾ ਸੀ, ਬੰਦੇ ਨੂੰ ਖੰਭ ਕਦੇ ਨਹੀਂ ਲਗਦੇ, ਤੇ ਐਸੀ ਦੁਨੀਆਂ ਕੋਈ ਲਭਦੀ ਨਹੀਂ, ਜਿੱਥੇ ਉਹ ਦੋਵੇਂ ਹੀ ਹੋਣ। (ਪਹਿਲਾਂ ਪਹਿਲਾਂ ਤਿੰਨ ਚਾਰ ਸਾਲ ਤਾਂ ਜਿਹੜੀ ਕੁੜੀ ਵੀ ਉਸ ਦੀ ਵਾਕਫ਼ ਹੋਈ, ਹਰ ਕਿਸੇ ਨਾਲ ਵਿਆਹ ਕਰਾ ਲੈਣ ਨੂੰ ਸੱਚ ਮੁੱਚ ਜੀਅ ਕਰਦਾ, ਕਿਸੇ ਵਿੱਚ ਕੋਈ ਗੁਣ ਹੁੰਦਾ ਤੇ ਕਿਸੇ ਵਿੱਚ ਕੋਈ ਹੋਰ। ਗੁਣਾਂ ਤੋਂ ਇਲਾਵਾ ਹਰ ਕੁੜੀ ਦੂਜੀ ਨਾਲੋਂ ਵੱਖਰੀ ਤੇ ਸੋਹਣੀ ਲਗਦੀ। ਉਹ ਕਈ ਕੁੜੀਆਂ ਨਾਲ ਆਪਣੀ ਇਸ ਇੱਛਾ ਬਾਰੇ ਗਲ ਵੀ ਕਰਦਾ। ਮਨ ਵਿੱਚ ਸੋਚ ਕੇ ਹੈਰਾਨ ਵੀ ਹੁੰਦਾ, ਕੀ ਮੈਂ ਹਰ ਕਿਸੇ ਨਾਲ ਵਿਆਹ ਕਰਾ ਸਕਦਾ ਹਾਂ ? ਪਰ ਉਸ ਤੋਂ ਇਹ ਸੰਭਾਵਨਾ ਸਹਾਰੀ ਨਾਂ ਜਾਂਦੀ ਕਿ ਅਮਕੀ ਵਾਕਫ਼ ਕੁੜੀ ਉਸ ਦੀ ਦੁਨੀਆਂ ਵਿਚੋਂ ਨਿਕਲ ਜਾਏਗੀ, ਅਤੇ ਕਿਸੇ ਹੋਰ ਨਾਲ ਵਿਆਹ ਕਰਾ ਕੇ ਉਸ ਦੀ ਨਹੀਂ ਰਹੇਗੀ ?)

ਪਰ ਇਸ ਕੁੜੀ ਨਾਲ ਵਿਆਹ ਕਰਾਉਣ ਲਈ ਉਹ ਤਿਆਰ ਨਹੀਂ ਸੀ। ਇਕ ਤਾਂ ਉਸ ਨੂੰ ਹੁਣ ਇਹ ਯਕੀਨ ਨਹੀਂ ਰਿਹਾ ਸੀ ਕਿ ਇਸ ਕੁੜੀ ਜਿਹੀ ਦੁਨੀਆਂ ਵਿੱਚ ਹੋਰ ਕੋਈ ਕੁੜੀ ਨਹੀਂ; ਉਸ ਵਿੱਚ ਗੁਣਾਂ ਨਾਲ ਉਸ ਨੂੰ ਔਗੁਣ ਵੀ ਨਜ਼ਰ ਆਉਂਦੇ ਸਨ—ਇਸ ਵਿੱਚ ਹੀ ਨਹੀਂ, ਹਰ ਕੁੜੀ ਵਿੱਚ—ਇਸ ਤੋਂ ਇਲਾਵਾ ਇਹ ਵਿਆਹ ਹੋ ਨਹੀਂ ਸਕਦਾ ਸੀ, ਜ਼ਾਤ-ਬ੍ਰਾਦਰੀ ਤੇ ਪਦ-ਪੁਜ਼ੀਸ਼ਨ ਦੇ ਫ਼ਰਕ ਦੇ ਕਾਰਨ। ਨੱਠ ਭੱਜ ਕੇ, ਸਕੈਂਡਲ ਪੈਦਾ ਕਰਕੇ, ਵਿਆਹ ਹੋ ਸਕਦਾ ਸੀ, ਪਰ ਇਸ ਲਈ ਉਹ ਹੁਣ ਤਿਆਰ ਨਹੀਂ ਸੀ, ਕਿਉਂਕਿ ਹੁਣ ਉਹ ਮੁਹੱਬਤ ਬਾਰੇ ਇੱਨਾ ਰੁਮਾਂਟਿਕ ਨਹੀਂ ਰਿਹਾ ਸੀ।

ਜਾਣਦੀ ਉਹ ਵੀ ਸੀ ਕਿ ਵਿਆਹ ਨਹੀਂ ਹੋ ਸਕਦਾ; ਉਸ ਦੇ ਮਾਪੇ ਉਸ ਦਾ ਵਿਆਹ ਉਸ ਨਾਲ ਕਰਨ ਲਈ ਤਿਆਰ ਨਹੀਂ ਹੋ ਸਕਦੇ ਸਨ; ਉਹ ਆਪਣੇ ਜਿਹਾ ਘਰ ਲੱਭਦੇ ਸਨ; ਮੁੰਡਾ ਅੱਛੇ ਬਿਜ਼ਨੈੱਸ ਵਿਚ ਹੋਵੇ, ਜਾਂ ਗਜ਼ਿਟੈੱਡ ਨੌਕਰੀ 'ਤੇ। ਤੇ ਉਹ ਤਾਂ ਰੇਡੀਉ ਸਟੇਸ਼ਨ ਦਾ ਸਿਰਫ਼ ਕੰਟਰੈੱਕਟ ਬੇਸਿਸ 'ਤੇ ਕੰਮ ਕਰਨ ਵਾਲਾ ਇਕ ਆਰਟਿਸਟ ਹੀ ਸੀ। ਡੇਢ ਦੋ ਸੌ ਦੀ ਨੌਕਰੀ ਵਾਲਾ। ਉਹ ਆਪਣੇ ਬਣਨ ਵਾਲੇ ਪਤੀ ਬਾਰੇ ਕਲਪਣਾ ਕਰਦੀ, ਉਸ ਨੂੰ ਆਪਣੇ ਪੇਕਿਆਂ ਦੀ ਕੋਠੀਆਂ ਵਰਗੀ ਕੋਠੀ ਦਾ ਮਾਲਕ ਤਸੱਵਰ ਕਰਦੀ। ਮਾਪਿਆਂ ਦੀ ਮਰਜ਼ੀ ਤੋਂ ਬਿਨਾਂ ਵਿਆਹ ਕਰਾ ਕੇ ਘਰੋਂ ਮਿਲਣ ਵਾਲੇ ਦਾਜ ਤੋਂ ਬਿਨਾਂ ਉਸ ਨੂੰ ਆਪਣੇ ਔਤਰੇ ਤਾਏ ਤੋਂ ਮਿਲਣ ਵਾਲੇ ਪੰਦਰਾਂ ਹਜ਼ਾਰ ਦੇ ਖੁੱਸ ਜਾਣ ਦਾ ਵੀ ਡਰ ਸੀ, ਜੋ ਉਸ ਨੇ ਉਸ ਨੂੰ ਵਿਆਹ ਤੋਂ ਪਿਛੋਂ ਦੇਣ ਲਈ ਰੱਖਿਆ ਹੋਇਆ ਸੀ।

ਕਈ ਵਾਰ ਉਹ ਉਸ ਦੀ ਛਾਤੀ ਨਾਲ ਲੱਗ ਕੇ, ਉਸ ਦੀਆਂ ਗੱਲਾਂ ਨਾਲ ਗੱਲ੍ਹਾਂ ਤੋੜ ਕੇ, ਉਸ ਦੀਆਂ ਬਾਹਾਂ ਵਿੱਚ ਨਪੀੜੀ ਜਾ ਕੇ ਕਹਿੰਦੀ—ਤੁਸੀਂ ਕੋਈ ਤਦਬੀਰ ਕਿਉਂ ਨਹੀਂ ਸੋਚਦੇ ? ਮੈਂ ਤੁਹਾਡੇ ਬਿਨਾਂ ਮਰ ਜਾਣੈ; ਸੱਭੇ ਮਰਦ ਖ਼ੁਦਗਰਜ਼ ਹੁੰਦੇ ਐ, ਬੇਵਫ਼ਾ । ਜੇ ਤੁਸੀਂ ਮੈਨੂੰ ਛੱਡ ਕੇ ਚਲੇ ਗਏ, ਤਾਂ ਮੈਂ ਕੁਛ ਖਾ ਕੇ ਮਰ ਜਾਣਾ ਐ ।

ਉਸ ਨੂੰ ਅਜਿਹੀਆਂ ਗੱਲਾਂ ਦਾ ਜਵਾਬ ਦਿੰਦਿਆਂ ਆਪਣੇ ਪਾਸ ਲਫ਼ਜ਼ਾਂ ਦੀ ਥੋੜ ਦਾ ਅਹਿਸਾਸ ਹੁੰਦਾ । (ਉਂਵ ਉਸ ਦਾ ਖ਼ਿਆਲ ਸੀ, ਕੁੜੀਆਂ ਨਾਲ ਗੱਲਾਂ ਕਰਦਿਆਂ ਉਸ ਪਾਸ ਲਫ਼ਜ਼ ਕਦੇ ਨਹੀਂ ਥੁੜਦੇ; ਕੁੜੀਆਂ ਕਹਿੰਦੀਆਂ—ਪਤਾ ਨਹੀਂ, ਤੈਨੂੰ ਕਿੱਥੋਂ ਫੁਰਦੀਆਂ ?) ਤਾਂ ਵੀ ਉਹ ਘਿਸੇ ਪਿਟੇ ਫਿਕਰੇ ਵਾਰ ਵਾਰ ਬੋਲਦਾ । ਤਸੱਲੀਆਂ, ਝੂਠੀਆਂ ਤੇ ਸੱਚੀਆਂ, ਦਿੰਦਾ ।

ਅਖ਼ੀਰ ਗਲ ਜਿੱਥੋਂ ਸ਼ੁਰੂ ਹੁੰਦੀ, ਉੱਥੇ ਹੀ ਮੁੱਕ ਜਾਂਦੀ—ਆਉਂਦਿਆਂ ਹੀ ਉਹ ਉਸ ਨੂੰ ਬਾਹਾਂ ਵਿੱਚ ਲੈਂਦਾ, ਚੁੰਮਦਾ ਚਟਦਾ, ਵਾਰ ਵਾਰ ਆਪਣੀ ਵੱਲ ਨੂੰ ਖਿੱਚਦਾ। ਪਿਛੋਂ ਉਹ ਸ਼ਕਾਇਤਾਂ ਸ਼ੁਰੂ ਕਰਦੀ, ਰੋਂਦੀ । ਅੰਤ ਵਿਚ ਸ਼ੁਰੂ ਵਾਂਗ ਹੀ ਪਿਆਰ ਲੈਂਦੀ ਦਿੰਦੀ ਤੇ ਚਲੀ ਜਾਂਦੀ, ਭਖੇ ਭਖੇ, ਅਲਸਾਏ ਅਲਸਾਏ ਸਰੀਰ ਨਾਲ ।

ਅਖ਼ੀਰ ਇਹ ਗਲ ਖ਼ਤਮ ਹੋ ਗਈ । ਨਾਂ ਉਹਨਾਂ ਦਾ ਵਿਆਹ ਹੋਇਆ, ਤੇ ਨਾਂ ਉਹ ਕੁਛ ਖਾ ਕੇ ਮਰੀ ।

ਉਵੇਂ ਦੀ ਉਵੇਂ—ਕਸੀ ਕਸੀ, ਫਿੱਟ ਫਿੱਟ, ਲਿਸ਼ਕੀ ਲਿਸ਼ਕੀ,–ਉਹ ਉਸ ਨੂੰ ਮਿਲਦੀ ਰਹੀ ।

ਹਾਂ, ਬੇਵਫ਼ਾਈ ਤੇ ਖ਼ੁਦਗ਼ਰਜ਼ੀ ਦੇ ਮਿਹਣੇ ਕਈ ਵਾਰ ਉਸ ਨੇ ਸੁਣੇ ਤੇ ਹੁਣ ਤੱਕ ਸੁਣਦਾ ਰਿਹਾ ।

ਤੇ ਫੇਰ ਮਾਪਿਆਂ ਨੇ ਉਸ ਲਈ ਯੋਗ ਵਰ ਘਰ ਲੱਭਣਾ ਸ਼ੁਰੂ ਕੀਤਾ । ਲੱਭਦੇ ਤਾਂ ਪਹਿਲਾਂ ਵੀ ਸਨ, ਪਰ ਹੁਣ ਨਹੁੰ ਵੀ ਅੜਨੇ ਸ਼ੁਰੂ ਹੋ ਗਏ ।

ਇਹਨਾਂ ਦਿਨਾਂ ਵਿੱਚ ਵੀ ਉਹ ਕਦੇ ਕਦੇ ਸੋਗੀ ਜਿਹੀ ਆ ਕੇ ਬੈਠ ਜਾਂਦੀ । ਪਰ ਹੁਣ ਉਹ ਆਪਣੇ ਆਪ ਨਾਲ ਇਹ "ਟਾਰਚਰ" ਸਹਿਣ ਲਈ ਤਿਆਰ ਨਹੀਂ ਸੀ । ਇਸ ਲਈ ਉਹ ਛੇਤੀ ਹੀ ਉਸ ਨੂੰ ਫ਼ਰਜ਼ੀ ਜਾਂ ਅਸਲੀ ਗ਼ਮ ਦੇ ਸਮੁੰਦਰ ਵਿਚੋਂ ਧਰੂਹ ਲੈਂਦਾ, ਤੇ ਆਪਣੀ ਨਸ਼ੀਲੀ ਤੇ ਨਿੱਘੀ ਦੁਨੀਆਂ ਵਿੱਚ ਲੈ ਆਉਂਦਾ ।

ਇਕ ਦੋ ਥਾਵੀਂ ਰਿਸ਼ਤੇ ਬਾਰੇ ਹੋ ਰਹੀ ਗਲਬਾਤ ਦੇ ਦੌਰਾਨ ਉਸ ਨੇ ਵਰ-ਘਰ ਬਾਰੇ ਉਸਨੂੰ ਕੁਛ ਦੱਸਣ ਦੀ ਕੋਸ਼ਸ਼ ਵੀ ਕੀਤੀ । ਉਹ ਕਹਿੰਦੀ—ਆਖ਼ਰ ਮੇਰੇ 'ਫ਼ੀਊਚਰ' ਦਾ ਸੁਆਲ ਐ, ਮੈਂ ਕਿਹਦੇ ਨਾਲ ਆਪਣੇ ਦਿਲ ਦੀ ਗਲ ਕਰਾਂ ? ਜਾਂ ਤੁਹਾਡੇ ਨਾਲ ਕਰ ਸਕਦੀ ਆਂ, ਜਾਂ ਪੱਮੀ ਨਾਲ । ਪੱਮੀ ਉਸ ਦੀ ਸਹੇਲੀ ਸੀ ਤੇ ਉਹ ਵੀ ਉਸ ਨੂੰ ਜਾਣਦਾ ਸੀ । ਪੱਮੀ ਨੂੰ ਇਹਨਾਂ ਦੋਹਾਂ ਦੀ ਕਹਾਣੀ ਦਾ ਵੀ ਪਤਾ ਸੀ । ਉਹ ਆਪ ਹੀ ਪੱਮੀ ਨੂੰ ਸਭ ਕੁਛ ('ਰੋਜ਼ ਦੀ ਰੋਜ਼ ਰੀਪੋਰਟ' ਪੱਮੀ ਦੇ ਕਹਿਣ ਮੁਤਾਬਕ) ਦਸ ਦਿੰਦੀ ।

ਇਕ ਮੁੰਡੇ ਦੀ ਫੋਟੋ ਵੀ ਲਿਆਕੇ ਦਿਖਾਈ । ਉਹ ਇਹ ਸਭ ਸੁਣਨਾ ਵੀ ਚਾਹੁੰਦਾ

ਸੀ, ਨਹੀਂ ਵੀ। ਉਸਨੂੰ ਇਸ ਗਲ ਦੀ ਚਿੰਤਾ ਨਹੀਂ ਸੀ ਕਿ ਇਹ ਕਿੰਨੇ ਕੁ ਚੰਗੇ ਵਰ-ਘਰ ਵਿੱਚ ਜਾ ਰਹੀ ਹੈ (ਉਸ ਨੂੰ ਆਪਣੀ ਪਹਿਲੀ ਪਰੇਮਕਾ ਦੇ ਵਿਆਹ ਤੋਂ ਪਹਿਲਾਂ ਕਈ ਵਾਰ ਇਹ ਚਿੰਤਾ ਸੱਚ ਮੁੱਚ ਹੋ ਜਾਂਦੀ ਸੀ) ਸਗੋਂ ਇਹਨਾਂ ਮੁੰਡਿਆਂ ਬਾਰੇ ਉਸ ਨੂੰ ਗੱਲਾਂ ਕਰਦਿਆਂ ਸੁਣਕੇ ਉਸ ਨੂੰ ਈਰਖਾ ਹੁੰਦੀ, ਚਿੜ ਆਉਂਦੀ, ਕਦੇ ਕਦੇ ਜੀਅ ਆਉਂਦਾ, ਉਸਦੇ ਸਾਹਮਣੇ ਹੀ ਉਹ ਇਹਨਾਂ ਦਾ ਮਖੌਲ ਉਡਾਏ, ਉਹਨਾਂ ਨੂੰ ਘਟੀਆ ਵਰ ਸਾਬਤ ਕਰੇ, ਪਰ ਫੇਰ ਉਹ ਚੁੱਪ ਕਰ ਜਾਂਦਾ, ਉਸ ਤੋਂ ਉਸਦੀ ਗਲ ਸੁਣੇ ਬਿਨਾਂ ਰਹਿ ਨਾ ਹੁੰਦਾ।

ਫੇਰ ਇਕ ਥਾਂ ਉਸਦੇ ਮਾਪਿਆਂ ਦਾ ਮਨ ਡੁਲ੍ਹ ਗਿਆ। ਉਹ ਪੱਕੀ ਠੱਕੀ ਕਰਨ ਲੱਗ ਪਏ।

ਇਹਨਾਂ ਦਿਨਾਂ ਵਿੱਚ ਹੀ ਉਹ ਉਹਦੇ ਪਾਸ ਮੁੜਕੇ ਵਧੇਰੇ ਰੋਣ ਰੋਣ ਕਰਨ ਲੱਗੀ।

ਉਸ ਨੂੰ ਖਿਝ ਆਉਂਦੀ। ਉਹ ਐਵੇਂ ਨਾਂ ਪੁੱਛਣ ਵਾਂਗ ਕਾਰਨ ਪੁੱਛਦਾ।

ਪਰ ਅੱਜ ਉਸ ਨੇ ਕਈ ਵਾਰ ਪੁੱਛਿਆ। ਪਹਿਲਾਂ ਉਹ ਪਰਲ ਪਰਲ ਰੋਈ; ਫੇਰ ਧੌਣ ਨੀਵੀਂ ਪਾਈ ਬੈਠੀ ਰਹੀ। ਉਸ ਨੇ ਅਖ਼ੀਰ ਉਸ ਦੀ ਠੋਡੀ ਚੁਕ ਕੇ ਉਸ ਦੀਆਂ ਅੱਖਾਂ ਵਿੱਚ ਨੂੰ ਦੇਖਿਆ, ਤੇ ਫੇਰ ਬਾਹੋਂ ਖਿੱਚ ਕੇ ਆਪਣੇ ਪਾਸ ਸੱਦ ਲਿਆ।

ਉਹ ਉਸ ਦੇ ਮੋਢੇ ਲੱਗ ਕੇ ਰੋਂਦੀ ਰਹੀ। ਉਹ ਬੱਦਲੀ ਦੇ ਵਰ੍ਹ ਹਟਣ ਦੀ ਉਡੀਕ ਕਰਦਾ ਰਿਹਾ।

ਅਖ਼ੀਰ ਪਤਾ ਲੱਗਾ—ਡੈਡੀ ਮੇਰਾ ਠਾਕਾ ਭੇਜ ਰਹੇ ਐ।

ਫੇਰ ਕੀ ਹੋਇਆ ?

ਤੁਹਾਨੂੰ ਕੀ ਪਤਾ, ਕੀ ਹੋਇਆ ?

ਹਾਂ, ਪਤਾ ਵੀ ਲੱਗੇ।

ਉਸਦੀ ਉਸੇ ਤਰ੍ਹਾਂ ਤੋਰੀ ਵਾਂਗ ਧੌਣ ਲਟਕਦੀ ਰਹੀ।

ਉਹ ਪੱਛਣ ਦੇ ਅੰਦਾਜ਼ ਵਿੱਚ ਉਸ ਵੱਲ ਦੇਖਦਾ ਰਿਹਾ। ਉਸ ਨੂੰ ਵੀ ਇਸ ਗਲ ਦਾ ਪਤਾ ਹੋਵੇਗਾ ਕਿ ਮੈਨੂੰ ਦੇਖਿਆ ਜਾ ਰਿਹਾ ਹੈ। ਇਸ ਲਈ ਥੋੜੀ ਦੇਰ ਬ'ਅਦ ਅੱਖਾਂ ਨਾਲ ਅੱਖਾਂ ਮਿਲਾਈਆਂ।

ਹਾਂ, ਦੱਸਿਆ ਨਹੀਂ, ਕੀ ਗੱਲ ਹੈ ?

ਉਨ੍ਹਾਂ ਨੂੰ ਮੈਂ ਜਾਣਦੀ ਹਾਂ।

ਮੁੰਡੇ ਨੂੰ ?

ਹਾਂ

ਅੱਛਾ।

ਫੇਰ ਚੁੱਪ ਤੇ ਧੌਣ ਨੀਵੀਂ।

ਉਹ ਮੈਨੂੰ 'ਲਵ' ਨਹੀਂ ਕਰ ਸਕਦੇ।

ਕਿਉਂ ?

ਉਹ ਮੇਰੀ ਇਕ ਸਹੇਲੀ ਨੂੰ 'ਲਵ' ਕਰਦੇ ਐ।

ਤੈਨੂੰ ਕਿਵੇਂ ਪਤਾ ਐ ?

ਮੈਂ ਜਨਵਰੀ ਵਿੱਚ ਜਿਹੜੇ ਵਿਆਹ ਗਈ ਸੀ, ਉਹ ਇਨ੍ਹਾਂ ਦੇ ਘਰਾਂ ਵਿੱਚ ਹੀ ਸੀ। ਇਹ ਸਾਡੇ ਰਿਸ਼ਤੇਦਾਰਾਂ ਵਿਚੋਂ ਹੀ ਹੈਨ। ਉਦੋਂ ਮੈਂ ਇਨ੍ਹਾਂ ਦੋਵਾਂ ਨੂੰ ਵੇਖਿਆ ਸੀ। ਸਹੇਲੀ ਨੇ ਆਪਣੀ ਜ਼ਬਾਨੀ ਮੰਨਿਆ ਵੀ ਸੀ ਕਿ ਉਹ ਇਹਨਾਂ ਨੂੰ ਲਵ ਕਰਦੀ ਐ।

ਹੂੰ ! ਸਹੇਲੀ ਕਿੱਥੇ ਰਹਿੰਦੀ ਐ ?

ਅੱਗੇ ਇਹਨਾਂ ਦੀ ਕੋਠੀ ਵਿੱਚ ਹੀ ਇਕ ਪੋਰਸ਼ਨ ਲੈ ਕੇ ਰਹਿੰਦੇ ਸੀ। ਹੁਣ ਤਾਂ ਉਹਨਾਂ ਨੇ ਵਿਜੇ ਨਗਰ ਆਪਣੀ ਕੋਠੀ ਬਣਾ ਲਈ ਐ।

ਸਹੇਲੀ ਨਾਲ ਵਿਆਹ ਕਿਉਂ ਨਹੀਂ ਕਰਾ ਲੈਂਦਾ ?

ਕੋਸ਼ਸ਼ ਤਾਂ ਕੀਤੀ ਸੀ, ਪਰ ਹੋਇਆ ਨਹੀਂ, ਸਹੇਲੀ ਦਸਦੀ ਸੀ। ਉਹ ਕਹਿੰਦੀ ਸੀ–ਕਹਿੰਦੇ ਐ, ਜੇ ਕਰਾਉਣਾ ਐ ਤਾਂ ਤੇਰੇ ਨਾਲ, ਨਹੀਂ ਤਾਂ, ਸਾਰੀ ਉਮਰ ਕੁਆਰੇ ਹੀ ਰਹਿਣਾ ਐ।

ਹੁਣ ਤਾਂ ਤੇਰੇ ਨਾਲ ਕਰਾਉਣ ਲੱਗਾ ਐ ?

ਉਹ ਤਾਂ ਨਹੀਂ ਚਾਹੁੰਦੇ ਹੋਣਗੇ। ਇਹ ਤਾਂ ਉਹਨਾਂ ਦੇ 'ਪੇਰੈਂਟਸ' ਮਜਬੂਰ ਕਰਦੇ ਹੋਣਗੇ।

ਤੇਰੀ ਸਹੇਲੀ ਦਾ ਵਿਆਹ ਨਹੀਂ ਹੋ ਰਿਹਾ ਕਿਤੇ ?

ਉਹਦੀ ਇੰਗੇਜਮੈਂਟ ਹੋ ਗਈ ਐ।

ਸੋ, ਵਿਚੋਂ ਗੱਲ ਕੋਈ ਨਹੀਂ ਨਿਕਲੀ ਸੀ।

ਉਸਨੇ ਤਸੱਲੀ ਦਿੱਤੀ–ਕੁਛ ਰਸਮੀ, ਕੁਛ ਸੱਚੀ।

ਥੋੜੇ ਦਿਨ ਹੋਰ ਰੋਣ ਧੋਣ ਹੋਇਆ ਸੀ। ਮਿਲਦੀ ਉਵੇਂ ਹੀ ਰਹੀ। ਉਵੇਂ ਹੀ ਆਉਂਦੇ ਸਾਰ ਉਹਦੀ ਹਿੱਕ ਨਾਲ ਲੱਗਣ ਲਈ ਤਾਂਘਵਾਨ।

ਹੌਲੀ ਹੌਲੀ ਮਿਲਣਾ ਘੱਟ। ਕਹਿੰਦੀ—ਘਰ ਦੇ ਨਿਕਲਣ ਨਹੀਂ ਦਿੰਦੇ। ਚੋਰੀ ਚੋਰੀ ਆਉਂਦੀ ਹਾਂ। ਘਰੋਂ ਕਿਸੇ ਕੰਮ ਆਈ ਹਾਂ, ਤੇ ਵਲਾ ਪਾ ਕੇ ਤੁਹਾਡੇ ਪਾਸ ਆ ਪਹੁੰਚੀ ਆਂ।

ਫੇਰ ਮਿਲਣਾ ਲੱਗ ਪੱਗ ਬੰਦ। ਅੰਤਲੇ ਦੋ ਹਫਤਿਆਂ ਵਿੱਚ ਇਕ ਮੁਲਾਕਾਤ।

ਫੇਰ ਵਿਆਹ ਦਾ ਕਾਰਡ ਆਇਆ, ਡਾਕ ਵਿੱਚ। ਛਪੇ ਕਾਰਡ ਦੇ ਇਕ ਕੋਨੇ ਉਸਨੇ ਆਪਣੇ ਹੱਥੀਂ ਲਿਖਿਆ ਸੀ–ਜ਼ਰੂਰ ਆਉਣਾ, ਨਹੀਂ ਤਾਂ ਮੈਂ ਕਦੇ ਬੋਲਾਂਗੀ ਨਹੀਂ।

ਉਹ ਨਹੀਂ ਗਿਆ।

ਪਿੱਛੋਂ ਉਸ ਨੂੰ ਪਤਾ ਨਾ ਲੱਗੇ, ਕਦੋਂ ਮੁੜ ਕੇ ਆਏਗੀ ? ਕਿੰਨੇ ਦਿਨਾਂ ਲਈ ਗਈ ਹੈ ?

ਫੇਰ ਪਤਾ ਲੱਗਾ, ਅੱਠ ਦਸ ਦਿਨ ਸਹੁਰੇ ਰਹਿਕੇ ਦੋ ਦਿਨ ਵਾਪਸ ਆਈ ਸੀ, ਘਰ ਵਾਲਾ ਨਾਲ ਸੀ। ਮੁੜਕੇ ਚਲੀ ਗਈ ਹੈ, ਨਣਦ ਦੇ ਵਿਆਹ ਉੱਤੇ।

ਮਹੀਨੇ ਕੁ ਬਾਅਦ ਮੁਲਾਕਾਤ ਹੋਈ। ਨਾਲ ਪੰਮੀ ਨੂੰ ਲੈ ਕੇ ਆਈ। ਰਸਮੀ ਜਿਹੀਆਂ ਗੱਲਾਂ ਹੋਈਆਂ। ਹੁਣ ਸਾੜ੍ਹੀ ਵਿੱਚ ਸੀ, ਤੇ ਵਧੇਰੇ ਆਪਣੇ ਆਪ ਨੂੰ 'ਪੇਂਟ' ਕਰਕੇ ਆਈ ਸੀ।

ਜਦੋਂ ਉਠ ਕੇ ਬਾਹਰ ਨਿਕਲ ਗਈਆਂ, ਤਾਂ ਉਸ ਤੋਂ ਰਹਿ ਨਾਂ ਹੋਇਆ। ਵਾਜ਼ ਮਾਰੀ!

ਉਹ ਅੰਦਰ ਆ ਗਈ। ਉਸ ਨੇ ਉਸ ਨੂੰ ਬਾਹਾਂ ਵਿੱਚ ਨਪੀੜ ਲਿਆ। ਉਹ ਪਹਿਲਾਂ ਉਸਦੇ ਨਾਲ ਆ ਲੱਗੀ, ਪਰ ਫੇਰ ਆਪਣੇ ਆਪ ਨੂੰ ਧਰੂਹ ਲਿਆ। ਕਹਿਣ ਲੱਗੀ–ਪੰਮੀ ਬਾਹਰ ਖੜ੍ਹੀ ਐ, ਅੱਛਾ ਨਹੀਂ ਲੱਗਦਾ।

ਉਹਦਾ ਮਨ ਖਰਾਬ ਹੋ ਗਿਆ।

ਐਤਕੀਂ ਵਾਪਸ ਗਈ, ਤਾਂ ਪੰਮੀ ਨੂੰ ਪਹਿਲੀ ਚਿੱਠੀ ਆਈ। ਉਹਨੂੰ ਆਪ ਨਾ ਉਡੀਕ ਸੀ, ਨਾਂ ਉਸ ਨੇ ਲਿਖੀ।

ਪੰਮੀ ਨੂੰ ਹੋਰ ਗੱਲਾਂ ਲਿਖਕੇ ਲਿਖਿਆ ਸੀ—ਪੰਮੀਏ! ਤੂੰ ਵੀ ਵਿਆਹ ਕਰਾ ਲੈ। ਵਿਆਹ ਕਰਾਕੇ ਬਹੁਤ ਪਿਆਰ ਮਿਲਦੈ। ਬਹੁਤ ਹੀ। ਵਿਆਹ ਦਾ ਸੁਆਦ ਵਿਆਹ ਕਰਾਕੇ ਹੀ ਪਤਾ ਲੱਗਦੈ। ਇਹ ਦਿਨ ਰਾਤ ਮੈਥੋਂ ਪਰ੍ਹੇ ਨਹੀਂ ਹੋਣਾ ਚਾਹੁੰਦੇ। ਪਿਆਰ ਕਰਦੇ ਨਹੀਂ ਥਕਦੇ।

## ਪਿਆਰਾ ਸਿੰਘ ਭੋਗਲ

ਦੇ

ਕਹਾਣੀ ਸੰਗ੍ਰਹਿ

★ ਹਾਵ ਭਾਵ

★ ਪਹਿਲੀ ਵਾਰ

★ ਪੁਤਲਾ

# ਮੌਤ ਦੇ ਗਲਿਓਂ ਪਾਰ

ਗੁਰਚਰਨ ਸਿੰਘ ਸਹਿੰਸਰਾ

ਇਕੇਰਾਂ ਮੈਂ ਜੂਨ 1942 ਵਿਚ ਖੁਸ਼ਹਾਲ ਖਾਂ ਖਟਕ ਨੂੰ ਲੈਣ ਲਈ ਬਹਾਦਰ ਖੇਲ ਗਿਆ ।

ਬਹਾਦਰ ਖੇਲ ਖਟਕ ਪਠਾਣਾਂ ਦਾ ਕੁਹਾਟ ਦੇ ਜ਼ਿਲੇ ਵਿਚ ਬਹੁਤ ਵੱਡਾ ਤੇ ਮਸ਼ਹੂਰ ਪਿੰਡ ਹੈ। ਸਰਹੱਦ ਦੇ ਪਠਾਣ ਕਬੀਲਿਆਂ ਵਿਚ ਖਟਕ ਸਭ ਤੋਂ ਵਧ ਵਸੋਂ ਤੇ ਇਲਾਕੇ ਵਾਲਾ ਕਬੀਲਾ ਹੈ। ਜ਼ਿਲਾ ਪਸ਼ਾਉਰ ਦੀ ਨੁਸ਼ਹਿਰਾ ਤਹਿਸੀਲ ਤੇ ਜ਼ਿਲੇ ਕੁਹਾਟ ਦੀ ਹੰਗੋ ਦੀ ਤਹਿਸੀਲ ਛਡ ਕੇ ਬਾਕੀ ਸਭ ਤਹਿਸੀਲਾਂ ਵਿੱਚ ਇਹ ਖਟਕ ਹੀ ਵਸਦੇ ਹਨ। ਇਹ ਕਬੀਲਾ ਸਾਰੇ ਦਾ ਸਾਰਾ ਅੰਗਰੇਜ਼ੀ ਇਲਾਕੇ ਵਿੱਚ ਸੀ।

ਇਹਨਾਂ ਖਟਕਾਂ ਦੀਆਂ ਮਾਰਧਾੜ ਤੇ ਆਜ਼ਾਦੀ ਦੀਆਂ ਰਵਾਇਤਾਂ ਬਹੁਤ ਮਸ਼ਹੂਰ ਹਨ। ਇਹਨਾਂ ਨੇ ਉਤਰ ਪਛਮ ਵਲੋਂ ਆਪਣੀ ਜਨਮਭੂਮੀ ਤੇ ਹੋਣ ਵਾਲੇ ਹਮਲਿਆਂ, ਬਾਦਸ਼ਾਹ ਬਣ ਕੇ ਇਲਾਕਾ ਮੱਲਣ ਆਏ ਰਾਣਿਆਂ ਤੇ ਖਾਹ ਮਖਾਹ ਭਿੜਨ ਆਏ ਸ਼ਰੀਕ ਕਬੀਲਿਆਂ ਦਾ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ ਤੇ ਸਮਾਂ ਪਾ ਕੇ ਆਪਣੀ ਆਜ਼ਾਦੀ ਨੂੰ ਬਰਕਰਾਰ ਕਰ ਲਿਆ। ਇਹਨਾਂ ਦੇ ਇਕ ਵਡੇਰੇ ਖੁਸ਼ਹਾਲ ਖਾਂ ਖਟਕ ਨੇ ਮੁਗਲ ਬਾਦਸ਼ਾਹੀ ਵਿਰੁਧ ਬਗਾਵਤ ਦਾ ਝੰਡਾ ਚੁਕਿਆ ਤੇ ਅਕਬਰ ਬਾਦਸ਼ਾਹ ਵਿਰੁਧ ਆਪਣੇ ਕਬੀਲੇ ਦੀ ਆਜ਼ਾਦੀ ਵਾਸਤੇ ਜੰਗ ਲੜੀ। ਅਕਬਰ ਨੂੰ ਇਹਨਾਂ ਦੀ ਆਜ਼ਾਦੀ ਦੀ ਜੰਗ ਨੂੰ ਦਬਾਉਣ ਲਈ ਦੋ ਵਾਰ ਲਸ਼ਕਰ ਕਸ਼ੀ ਕਰਨੀ ਪਈ ਤੇ ਉਸ ਦੀਆਂ ਫੌਜਾਂ ਦਾ ਕਾਫੀ ਸਮਾਂ ਖੁਸ਼ਹਾਲ ਖਾਂ ਦੇ ਝੰਡੇ ਹੇਠ ਲੜੀ ਜਾ ਰਹੀ ਲੜਾਈ ਨੂੰ ਹਰਾਉਣ ਵਾਸਤੇ ਲੱਗਾ। ਪਰ ਖੁਸ਼ਹਾਲ ਖਾਂ ਨੇ ਫੇਰ ਵੀ ਮੁਗਲਾਂ ਦੀ ਈਨ ਨਾ ਮੰਨੀ। ਖੁਸ਼ਹਾਲ ਖਾਂ ਜਿਥੇ ਰਣ ਦਾ ਯੋਧਾ ਸੀ, ਉਥੇ ਪਠਾਣ ਆਜ਼ਾਦੀ ਦਾ ਇਕ ਮਹਾਨ ਕਵੀ ਵੀ ਸੀ। ਉਸ ਦੀ ਪਸ਼ਤੋ ਕਵਿਤਾ ਦਾ ਸੰਗ੍ਰਹਿ ਪਠਾਣਾਂ ਨੂੰ ਆਜ਼ਾਦੀ ਪਰਾਪਤ ਕਰਨ ਵਾਸਤੇ ਹਥਿਆਰ ਫੜਨ ਲਈ ਵੰਗਾਰਦਾ ਤੇ ਗੁਲਾਮੀ ਦੇ ਜੀਵਨ ਨੂੰ ਧਿਰਕਾਰਦਾ ਹੈ। ਉਸ ਦੀਆਂ ਪਸ਼ਤੋ ਕਵਿਤਾਵਾਂ ਦੇ ਟੱਪੇ ਪਠਾਣ ਇਸ ਤਰ੍ਹਾਂ ਗਾਉਂਦੇ ਹਨ, ਜਿਸ ਤਰ੍ਹਾਂ ਪੰਜਾਬੀ ਲੋਕ ਹੀਰ। ਇਸ ਕਵਿਤਾ ਨੇ ਪਠਾਣਾਂ ਅੰਦਰ ਗੁਲਾਮੀ ਵਿਰੁਧ ਘਿਰਣਾ ਤੇ ਆਜ਼ਾਦੀ ਲਈ ਤੜਫ ਤੇ ਤ੍ਰਿਜ ਪੈਦਾ ਕਰ ਛਡੀ ਹੈ। ਇਤਹਾਸ ਗਵਾਹ ਹੈ ਕਿ ਪਠਾਣਾਂ ਦਾ ਕਬੀਲੇਦਾਰ ਸਮਾਜ ਨਾ ਕੇਵਲ ਇਕ ਦੂਜੇ ਕਬੀਲੇ ਦੇ ਹੇਠਾਂ ਲਗਣੋਂ ਨਫਰਤ ਕਰਦਾ ਰਿਹਾ, ਸਗੋਂ ਹਰ ਚੜ੍ਹ ਆਏ ਆਜ਼ਾਦੀ ਦੇ ਦੁਸ਼ਮਣ ਦਾ ਮੁਕਾਬਲਾ ਕਰਦਾ ਰਿਹਾ। ਉਹਨਾਂ ਨੇ ਜਿਥੇ ਮੁਗਲ ਰਾਜ ਨਾਲ ਆਪਣੀ ਆਜ਼ਾਦੀ ਵਾਸਤੇ ਆਢਾ ਲਾਈ ਰਖਿਆ, ਓਥੇ ਸਿਖਾਂ ਤੋਂ ਆਪਣੀ ਆਜ਼ਾਦੀ ਬਚਾਉਣ ਲਈ

ਅਕੋੜੇ, ਨੁਸ਼ਹਿਰੇ ਤੇ ਜਮਰੋਦ ਦੀਆਂ ਜਾਨ ਹੀਲਵੀਆਂ ਲੜਾਈਆਂ ਲੜੀਆਂ । ਇਹਨਾਂ ਲੜਾਈਆਂ ਵਿਚ ਖਟਕ ਮਲਖਉਆ ਹੀ ਬਾਹਲਾ ਭਾਰੂ ਸੀ । ਅੰਗਰੇਜ਼ ਦੀ ਗੁਲਾਮੀ ਨੂੰ ਵੀ ਉਹਨਾਂ ਦਿਲੋਂ ਕਦੇ ਨਾ ਕਬੂਲਿਆ ਤੇ ਉਸ ਨੂੰ ਘਿਰਨਾ ਵਜੋਂ ਹਮੇਸ਼ਾਂ "ਫਰੰਗੀ ਬੱਚਾ" ਆਖਿਆ । ਉਹ ਅੰਗਰੇਜ਼ਾਂ ਵਿਰੁਧ ਦੇਸ ਦੀ ਆਜ਼ਾਦੀ ਦੀ ਲਹਿਰ ਦੇ ਹਰ ਮੋਰਚੇ ਵਿਚ ਸ਼ਾਮਲ ਹੋਏ ਤੇ ਉਹਨਾਂ ਦੀਆਂ ਅੰਗਰੇਜ਼ੀ ਹਕੂਮਤ ਵਿਰੁਧ ਹਥਿਆਰੀ ਟੱਕਰਾਂ ਅੰਗਰੇਜ਼ੀ ਸਾਮਰਾਜ ਲਈ ਸਾਰੀ ਉਮਰ ਸਿਰਦਰਦ ਬਣੀਆਂ ਰਹੀਆਂ ।

ਬਹਾਦਰ ਖੇਲ ਕੁਹਾਟ ਬੰਨੂ ਸੜਕ ਉਤੇ ਬੰਨੂਓਂ ਨੇੜੇ ਤੇ ਕੁਹਾਟੋਂ ਦੂਰ ਹੈ । ਕੁਹਾਟ ਇਥੋਂ 40 ਮੀਲ ਉਤਰ ਵਲ ਹੈ ਤੇ ਬੰਨੂੰ 17 ਮੀਲ ਦਖਣ ਵਲ । ਪਰ ਇਸ ਨੂੰ ਕੁਹਾਟ ਦਾ ਜ਼ਿਲਾ ਲਗਦਾ ਹੈ । ਲੂਣ ਮਿਆਨੀ ਵਾਲੇ ਪਹਾੜ ਦੀ ਪੰਜਾਬ ਵਾਲੀ ਧਾਰ ਅਟਕ ਦਰਿਆ ਨੂੰ ਨੀਵਾਂ ਹੋ ਕੇ ਪਾਰ ਕਰਦੀ ਤੇ ਫੇਰ ਦੋਂਹ ਧਾਰਾਂ ਵਿਚ ਪਾਟ ਕੇ ਲਹਿੰਦੇ ਵਲ ਹੰਗੋ ਤਕ ਚਲੀ ਜਾਂਦੀ ਹੈ । ਇਸ ਦੀ ਦਖਣੀ ਧਾਰ ਵਿਚ ਬਹਾਦਰ ਖੇਲ ਤੇ ਕਰਕ ਲਾਗਿਓਂ ਲੂਣ ਨਿਕਲਦਾ ਹੈ, ਤੇ ਕਰਕ ਤਾਂ ਲੂਣ ਦੀ ਬਾਕਾਇਦਾ ਮੰਡੀ ਹੈ । ਸਰਹੱਦ ਵਿਚ ਇਹਨਾਂ ਧਾਰਾਂ ਨੂੰ ਚਿੱਟਾ ਪਹਾੜ ਆਖਦੇ ਹਨ । ਇਹਨਾਂ ਧਾਰਾਂ ਦਾ ਬਹਾਦਰ ਖੇਲ ਵਾਲਾ ਵਿਰਲ ਚੜ੍ਹਦੇ ਤੋਂ ਲਹਿੰਦੇ ਵਲ ਚਲਾ ਗਿਆ ਹੈ, ਜੋ ਸੱਤ ਮੀਲ ਤੋਂ ਦਸ ਬਾਰਾਂ ਮੀਲ ਤਕ ਚੋੜਾ ਤੇ ਕੋਈ ਚਾਲੀ ਮੀਲ ਲੰਮਾ ਹੈ । ਬਹਾਦਰ ਖੇਲ ਬੰਨੂੰ ਵਾਲੇ ਪਾਸੇ ਦੀ ਦਖਣੀ ਧਾਰ ਦੇ ਉਤਰ ਵਿਚ ਬੰਨੂੰ ਕੁਹਾਟ ਸੜਕ ਤੋਂ ਦੋ ਫਰਲਾਂਗ ਤੇ ਧਾਰ ਤੋਂ ਇਕ ਮੀਲ ਹਟਵਾਂ ਹੈ । ਇਥੋਂ ਇਕ ਕਚੀ ਸੜਕ ਹੰਗੋ ਤੇ ਅਗਾਂਹ ਪਾਰਾ ਚਿਨਾਰ ਨੂੰ ਗਈ ਹੈ ।

ਇਸ ਪਹਾੜੀ ਧਾਰ ਦਾ ਨਾਂ ਇਸ ਇਲਾਕੇ ਵਿਚ ਬਹਾਦਰ ਖੇਲ ਦੀ ਧਾਰ ਹੈ । ਬੰਨੂੰ ਕੁਹਾਟ ਸੜਕ ਬਹਾਦਰ ਖੇਲ ਆ ਕੇ ਦਖਣੀ ਧਾਰ ਦੇ ਤਿੰਨ ਕੁ ਮੀਲ ਦੇ *ਗਲੇ ਵਿਚ ਦੀ ਲੰਘਦੀ ਹੈ । ਇਸ ਗਲੇ ਦੇ ਬਹਾਦਰ ਖੇਲ ਵਾਲੇ ਪਾਸੇ ਉਚੀ ਧਾਰ ਹੇਠ ਦੀ ਲੰਘਣ ਲਈ ਇਕ ਸੁਰੰਗ ਬਣਾਈ ਹੋਈ ਹੈ । ਸੁਰੰਗ ਤੋਂ ਅਗਾਂਹ ਗਲਾਅ ਇਕ ਖੱਡ ਦੀ ਵਖੀ ਵਖੀ ਇਸ ਧਾਰ ਨੂੰ ਚੀਰ ਜਾਂਦਾ ਹੈ । ਇਸ ਨੂੰ ਬਹਾਦਰ ਖੇਲ ਦਾ ਗਲਾਅ ਆਖਦੇ ਹਨ ਤੇ ਗਲਿਓਂ ਪਾਰ ਅਗੇ ਬੰਨੂੰ ਤਕ ਸਵਾਏ ਸੁਕੇ ਨਾਲਿਆਂ, ਡੂੰਘਾਣਾਂ ਤੋਂ ਬਾਕੀ ਚੋਦਾਂ ਮੀਲ ਦਾ ਸਭ ਰਾਹ ਪੱਧਰ ਹੀ ਪੱਧਰ ਹੈ ।

ਇਹ ਗਲਾਅ ਦੇਸ ਭਰ ਉਤੇ ਅੰਗਰੇਜ਼ੀ ਰਾਜ ਅਧਿਕਾਰ ਦਾ ਸਭ ਤੋਂ ਖਤਰਨਾਕ ਥਾਂ ਸੀ । ਇਥੇ ਫਕੀਰ ਇਪੀ ਦੇ ਪਾਰਾ ਚਿਨਾਰ ਵਾਲੇ ਖਲੀਫੇ ਦੀਆਂ ਵਜ਼ੀਰੀ ਧਾੜਾਂ ਹਮਲੇ ਕਰਦੀਆਂ ਰਹਿੰਦੀਆਂ ਸਨ, ਜੋ ਆਮ ਸਵਾਰੀਆਂ ਤੇ ਲਾਰੀਆਂ ਨੂੰ ਲੁਟ ਲੈਣਾ ਤਾਂ ਕੀ ਫੋਜੀ ਕਾਨਵੋਈਆਂ ਨੂੰ ਵੀ ਸੁੱਕਾ ਨਹੀਂ ਸਨ ਲੰਘਣ ਦਿੰਦੀਆਂ । ਇਹਨਾਂ ਲੁਟਮਾਰ ਦੇ ਹਮਲਿਆਂ ਤੋਂ ਲਾਰੀਆਂ ਤੇ ਕਾਨਵੋਈਆਂ ਦੀ ਆਵਾਜਾਈ ਹਥਿਆਰਬੰਦ ਫੋਜ ਦੇ ਪਹਿਰੇ ਹੇਠ ਕਰਾਈ ਜਾਂਦੀ ਸੀ । ਇਸ ਦੇ ਉਦਾਲੇ ਦੇ ਪਹਾੜ ਦੀਆਂ ਸੜਕੋਂ ਜ਼ਰਾ ਹਟਵੀਆਂ ਪਰ ਸਿਖਰਲੀਆਂ ਥਾਵਾਂ ਉਤੇ

---

* ਡਾਡੀ ਤੇ ਸਰਹੱਦੀ ਪੰਜਾਬੀ ਵਿਚ ਦਰੋਰੇ ਨੂੰ ਗਲਾਅ ਆਖਦੇ ਹਨ ।

ਸਵੇਰੇ ਛੇ ਵਜੇ ਤੋਂ ਪਹਿਲਾਂ ਆ ਕੇ ਮਲੀਸ਼ੀਏ ਦੀਆਂ ਗਾਰਦਾਂ ਝੰਡੀ ਸ਼ੀਸ਼ਾ ਫੜਕੇ, ਦੂਰਬੀਨ ਲਾ ਕੇ, ਮਸ਼ੀਨ ਗੰਨਾਂ ਬੀੜਕੇ ਤੇ ਰਫਲਾਂ ਸੇਧ ਕੇ ਮੋਰਚੇ ਮੱਲ ਲੈਂਦੀਆਂ ਤੇ ਖੱਡ ਵਿਚਲੇ ਸੜਕ ਦੇ ਮੋੜਾਂ, ਇਸ ਸੜਕ ਨੂੰ ਪਹਾੜ ਵਿਚ ਦੀ ਆਉਣ ਵਾਲੇ ਲਾਂਘਿਆਂ ਤੇ ਸੜਕ ਦੀਆਂ ਪੁਲੀਆਂ ਹੇਠ ਹਥਿਆਰਬੰਦ ਸਿਪਾਹੀ ਲੁਕ ਕੇ ਪਹਿਰੇ ਤੇ ਬੈਠ ਜਾਂਦੇ। ਫੇਰ ਛੇ ਵਜੇ ਤੋਂ ਲੈ ਕੇ ਦਸ ਵਜੇ ਤਕ ਫੌਜੀ ਕਾਨਵਾਈਆਂ ਲੰਘਦੀਆਂ ਤੇ ਦਸ ਵਜੇ ਤੋਂ ਲੈ ਕੇ ਦੋ ਵਜੇ ਤਕ ਮੁਸਾਫਿਰ ਲਾਰੀਆਂ, ਟਰੱਕ ਤੇ ਸਿਵਲ ਢੁਹਾਈ ਦੀ ਆਵਾਜਾਈ ਲਗੀ ਰਹਿੰਦੀ। ਦੋ ਵਜੇ ਸੜਕ ਬੰਦ ਹੋ ਜਾਂਦੀ ਤੇ ਪਹਿਰੇ ਹਟਾ ਲਏ ਜਾਂਦੇ। ਇਸ ਲਈ ਕੁਹਾਟ ਤੇ ਬੰਨੂੰ ਵਿਚ ਲਾਰੀਆਂ ਚਲਣ ਦਾ ਸਮਾਂ ਇਸ ਤਰ੍ਹਾਂ ਬੱਧਾ ਹੋਇਆ ਸੀ ਕਿ ਉਹ ਉਥੋਂ ਚਲ ਕੇ ਦਸ ਵਜੇ ਨੂੰ ਗਲੇ ਦੇ ਮੂੰਹ ਤੇ ਆ ਜਾਣ ਤੇ ਦੋ ਵਜੇ ਤਕ ਇਸ ਨੂੰ ਲੰਘ ਜਾਣ। ਦੋ ਵਜੇ ਤੋਂ ਬਾਅਦ ਇਸ ਗਲੇ ਵਿਚ ਦੀ ਆਵਾ-ਜਾਈ ਬੰਦ ਹੋ ਜਾਂਦੀ ਸੀ। ਫੇਰ ਨਾ ਕੋਈ ਮੋਟਰ ਲੰਘੇ ਤੇ ਨਾ ਬੰਦੇ ਦੀ ਜ਼ਾਤ। ਇਸ ਥਾਂ ਨੂੰ ਲੋਕ ਬੋਲ ਚਾਲ ਵਿਚ ਮੌਤ ਦਾ ਗਲਾਅ ਆਖਦੇ ਸਨ।

★ ★ ★ ★

ਮੈਂ ਬਹਾਦਰ ਖੇਲ ਕਈ ਵਾਰ ਜਾ ਚੁਕਾ ਸਾਂ ਤੇ ਲਾਰੀ ਵਿਚ ਬੈਠ ਕੇ ਦੋ ਤਿੰਨ ਵਾਰ ਇਸ ਗਲੇ ਵਿਚ ਦੀ ਵੀ ਲੰਘਿਆ ਸਾਂ। ਮੈਨੂੰ ਕਦੇ ਵੀ ਕੋਈ ਔਕੜ ਪੇਸ਼ ਨਹੀਂ ਸੀ ਆਈ। ਪਰ ਉਸ ਦਿਨ ਜਦ ਮੈਂ ਬਹਾਦਰ ਖੇਲ ਗਿਆ ਤਾਂ ਪਤਾ ਲਗਾ ਕਿ ਮੇਰੀਆਂ ਸਰਹੱਦ ਵਿੱਚ ਆਉਣ ਜਾਣ ਵਾਲੀਆਂ ਸਭ ਥਾਵਾਂ ਵਿਚੋਂ ਜ਼ਿਆਦਾ ਬੇਯਕੀਨੀ ਤੇ ਨਿਆਸਰੀ ਥਾਂ ਇਹ ਬਹਾਦਰ ਖੇਲ ਸੀ। ਅਗੇ ਜਿੰਨੀ ਵਾਰ ਵੀ ਮੈਂ ਉਥੇ ਗਿਆ ਕਾਕਾ ਖੁਸ਼ਹਾਲ ਖਾਂ ਮੇਰੇ ਨਾਲ ਹੁੰਦਾ ਸੀ, ਜਾਂ ਅੱਗੇ ਘਰ ਮਿਲ ਜਾਂਦਾ ਸੀ! ਉਸ ਦਿਨ ਉਹ ਘਰ ਵਿਚ ਤਾਂ ਕੀ ਪਿੰਡ ਹੀ ਨਹੀਂ ਸੀ। ਘਰੋਂ ਪਤਾ ਲਗਾ ਕਿ ਉਹ ਬੀਮਾਰ ਸੀ ਤੇ ਉਥੋਂ ਯਾਰਾਂ ਮੀਲ ਦੂਰ ਕਰਕ ਦੇ ਹਸਪਤਾਲ ਵਿੱਚ ਦਾਖਲ ਸੀ।

ਕਾਕੇ ਨੇ ਨਾਂ ਤਾਂ ਮੇਰੀ ਆਪਣੇ ਘਰ ਦੇ ਕਿਸੇ ਜੀਅ ਨਾਲ ਤੇ ਨਾਂ ਪਿੰਡ ਵਿਚ ਕਿਸੇ ਇਤਬਾਰੀ ਬੰਦੇ ਨਾਲ ਵਾਕਫੀ ਕਰਵਾਈ ਹੋਈ ਸੀ। ਜਿਸ ਕਰ ਕੇ ਕਾਕੇ ਖੁਸਹਾਲ ਖਾਂ ਤੋਂ ਬਿਨਾਂ ਉਸ ਪਿੰਡ ਵਿਚ ਨਾਂ ਮੇਰਾ ਕੋਈ ਜਾਣੂੰ ਸੀ ਤੇ ਨਾ ਝਾਲੂ।

"ਹੁਣ ਮੈਂ ਕੀਹਦੀ ਮਾਂ ਨੂੰ ਮਾਸੀ ਆਖਾਂ?"

ਦੋ ਵਜ ਗਏ ਸਨ। ਹੁਣ ਤਾਂ ਲਾਰੀ ਨਾ ਕੁਹਾਟ ਨੂੰ ਜਾਣੀ ਸੀ ਤੇ ਨਾ ਅਗਾਂਹ ਬੰਨੂੰ ਨੂੰ। ਮੈਂ ਤਾਂ ਪਹਿਲਾਂ ਹੀ ਕੁਹਾਟ ਤੋਂ ਆਈ ਆਖਰੀ ਲਾਰੀ ਵਿਚੋਂ ਉਤਰਿਆ ਸਾਂ।

ਪਿੰਡੋਂ ਤਾਂ ਮੈਂ ਵਾਪਸ ਸੁਰੰਗ ਦੇ ਬੂਹੇ ਅਗੇ ਲਾਰੀਆਂ ਦੇ ਅਡੇ ਨੂੰ ਤੁਰ ਆਇਆ। ਰਾਹ ਵਿਚ ਤੁਰੇ ਜਾਂਦੇ ਦੇ ਦਿਲ ਨੂੰ ਡੋਬੂ ਪੈ ਪੈ ਜਾਣ। "ਕਿਥੇ ਜਾਵਾਂ? ਕਿਥੇ ਰਹਾਂ? ਡਾਹਢਾ ਫਸਿਆ! ਬੜੀ ਮੁਸੀਬਤ ਬਣੀ। ਐਨੀ ਔਖੀ ਘੜੀ ਪਿਛਲੇ ਸਾਰੇ ਰਾਜਸੀ ਜੀਵਨ ਵਿਚ ਪੇਸ਼ ਨਹੀਂ ਸੀ ਆਈ।" ਜੇ ਮੈਂ ਪਿੰਡ ਕਿਸੇ ਮੁਸੀਤ ਵਿਚ ਰਹਿੰਦਾ ਸਾਂ ਤਾਂ, ਸਾਰੇ ਪਿੰਡ ਵਿੱਚ ਕਾਂ ਵੱਟੀ ਫਿਰ ਜਾਣੀ ਸੀ। ਇਹ ਪਿੰਡ ਲੂਣ ਖੂਹ ਦੇ ਪਿੜ ਵਿਚ ਹੋਣ ਕਰ ਕੇ ਓਪਰੇ ਬੰਦਿਆਂ ਦੇ ਪਿੰਡ ਆਉਣ ਜਾਣ ਦਾ ਪਤਾ ਸੂਰ ਰਖਣ ਵਾਸਤੇ ਪੁਲਸ ਨੇ ਪਿੰਡ ਵਿਚੋਂ ਕਈ ਬੰਦੇ ਖਰੀਦੇ ਹੋਏ

ਸਨ। ਸੁਰੰਗ ਦੇ ਬੂਹੇ ਅੱਗੇ ਥਾਣਾ ਸੀ। ਸਰਹੱਦ ਦੀ ਪੁਲਸ ਨੂੰ ਮੇਰੇ ਸਰਹੱਦ ਵਿਚ ਆਉਣ ਜਾਣ ਦੀ ਬਿੜਕ ਸੀ। ਇਸ ਲਈ ਓਪਰੇ ਬੰਦੇ ਦੀ ਏਥੇ ਗਰਿਫਤਾਰੀ ਅਵਸ਼ ਸੀ।

ਸੁਰੰਗ ਦੇ ਬੂਹੇ ਤਕ ਦਾ ਮੀਲ ਕੁ ਪੈਂਡਾ ਆਉਂਦਿਆਂ ਮੈਂ ਇਹ ਪੱਕੀ ਸਲਾਹ ਕਰ ਲਈ ਕਿ ਬਹਾਦਰ ਖੇਲ ਨਾ ਰਹਾਂ ਤੇ ਔਖੇ ਸੌਖੇ ਕਾਫ਼ੇ ਦੇ ਮਗਰ ਕਰਕ ਚਲਿਆ ਜਾਵਾਂ। ਅਜੇ ਪੈਦਲ ਜਾਣ ਲਈ ਕਾਫੀ ਦਿਨ ਬਾਕੀ ਸੀ ਤੇ ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ।

ਕਰਕ ਨੂੰ ਜਾਣ ਲਈ 'ਮੌਤ ਦਾ ਗਲਾਅ' ਲੰਘਣਾ ਪੈਣਾ ਸੀ।

ਸੁਰੰਗ ਤਕ ਆਉਂਦਿਆਂ ਢਾਈ ਤਿੰਨ ਵੱਜ ਗਏ। ਜਦ ਸੁਰੰਗ ਦੇ ਥਾਣੇ ਸਾਹਮਣੇ ਆ ਕੇ ਸੁਰੰਗ ਉਤਲੇ ਪਹਾੜ ਵਲ ਵੇਖਿਆ ਤਾਂ ਉਸ ਉਤੇ ਗੱਡੇ ਹੋਏ ਇਕ ਉਚੇ ਸਾਰੇ ਲੰਮੇ ਲੰਮੇ ਕਾਲੇ ਚਿਟੇ ਡੱਬਾਂ ਨਾਲ ਪੋਚੇ ਹੋਏ ਖੰਬੇ ਉਤੇ ਲਮਕਾਇਆ ਹੋਇਆ ਸੂਚਣਾ ਦੇਣ ਵਾਲਾ ਕਾਲਾ ਤਵਾ ਉਤਾਂਹ ਚੁਕਿਆ ਹੋਇਆ ਸੀ, ਜਿਸ ਦਾ ਮਤਲਬ ਕਿ ਸੁਰੰਗ ਆਵਾਜਾਈ ਵਾਸਤੇ ਬੰਦ ਸੀ।

ਕਰਕ ਜਾਣ ਦਾ ਫੈਸਲਾ ਤਾਂ ਮੈਂ ਕਰ ਲਿਆ, ਪਰ ਉਥੇ ਜਾਣ ਲਈ ਸਿਰ ਤਲੀ ਤੇ ਰਖਣਾ ਪੈਂਦਾ ਸੀ। ਜੇ ਬਹਾਦਰ ਖੇਲ ਗਰਿਫਤਾਰੀ ਸਿਰ ਤੇ ਕੂਕਦੀ ਸੀ ਤਾਂ ਗਲੇ ਵਿਚ ਮੌਤ ਮੂੰਹ ਅੱਡੀ ਖੜੀ ਸੀ। ਇਕ ਬੰਨੇ ਖੂਹ, ਇਕ ਬੰਨੇ ਖਾਤਾ! ਪਰ ਅੰਗਰੇਜ਼ ਦੇ ਹਥੋਂ ਗਰਿਫਤਾਰ ਹੋ ਕੇ ਮਾਰ ਕੁਟ ਖਾਣ ਤੇ ਤਸੀਹੇ ਝਲਣ ਨਾਲੋਂ, ਤੇ ਜੇ, ਰੱਬ ਨਾ ਕਰੇ, ਕਿਤੇ ਕਮਜ਼ੋਰੀ ਦਿਖਾ ਗਿਆ ਤਾਂ ਪਾਰਟੀ ਦੇ ਭੇਤ ਦਸਣ ਨਾਲੋਂ, ਵਜ਼ੀਰੀਆ ਤੋਂ ਮੌਤ ਦਾ ਖਤਰਾ ਸਹੇੜਨਾ ਚੰਗਾ ਹੈ। ਇਸ ਤਰ੍ਹਾਂ ਮਰਨ ਨਾਲ ਪਾਰਟੀ ਦੇ ਭੇਤ ਤਾਂ ਬਚ ਜਾਣਗੇ ਤੇ ਜੇ ਪਾਰ ਨਿਕਲ ਗਿਆ ਤਾਂ ਸੱਤੇ ਖੈਰਾਂ! ਜਾਨ ਵੀ ਬਚ ਗਈ ਤੇ ਪਾਰਟੀ ਦੇ ਭੇਤ ਵੀ ਪਾਸ ਹੀ ਰਹਿ ਗਏ। ਸੋਚਿਆ ਕਿ ਚੌਂਕੀ ਪਹਿਰਾ ਅਜੇ ਹਟਿਆ ਈ ਹੈ, ਲੁਟ ਮਾਰ ਵਾਲੇ ਐਨੀ ਛੇਤੀ ਤਾਂ ਨਹੀਂ ਆ ਚਲੇ। ਕਿਹੜਾ ਕੋਈ ਕਾਫਲਾ ਲੰਘਣ ਲਗਾ ਸੀ, ਜਿਸ ਦੀ ਉਹਨਾਂ ਨੂੰ ਖਬਰ ਪੁਜ ਜਾਣੀ ਸੀ ਤੇ ਉਹਨਾਂ ਆ ਪੈਣਾ ਸੀ। "ਜੇ ਉਹ ਆ ਵੀ ਜਾਣ ਤਾਂ ਹੋ ਸਕਦਾ ਹੈ, ਮੈਨੂੰ ਫਰੰਗੀ ਬਚੇ ਦਾ ਦੁਸ਼ਮਣ ਸਮਝ ਕੇ ਛਡ ਦੇਣ। ਜਾਂ ਬਹੁਤ ਕਰਨਗੇ ਤਾਂ ਜੇਬ ਦਾ ਮਾਲ ਲੈ ਲੈਣਗੇ, ਹੋਰ ਕੀ ਕਰਨਗੇ?" ਇਹ ਸਾਰਾ ਅੱਗਾ ਪਿਛਾ ਵਿਚਾਰ ਕੇ ਮੈਂ ਪੱਕ ਪਕਾ ਲਿਆ ਕਿ ਗਰਿਫਤਾਰ ਹੋ ਕੇ ਲਾਹੌਰ ਕਿਲੇ ਵਿਚ ਛਿਲ ਲੁਹਾਣ ਨਾਲੋਂ ਲੁਟੇ ਮਾਰੇ ਜਾਣਾ ਚੰਗਾ।

ਇਸ ਫੈਸਲੇ ਤੇ ਮੈਂ ਦਰਿੜ ਹੋ ਗਿਆ, ਕਿਉਂਕਿ ਮੈਨੂੰ ਇਹ ਪੱਕਾ ਵਿਸ਼ਵਾਸ ਹੋ ਗਿਆ, ਕਿ ਵਜ਼ੀਰੀ ਹਵਾ ਤਾਂ ਹੈ ਹੀ ਨਹੀਂ, ਕਿ ਅਗੋਂ ਡੱਕ ਹਟਦਿਆਂ ਹੀ ਆ ਜਾਣਗੇ। ਅਕਸਰ ਬੰਦੇ ਹਨ। ਆਪਣੇ ਘਰਾਂ ਵਿਚ ਬੈਠੇ ਹੋਣਗੇ, ਉਹਨਾਂ ਦੇ ਆਉਂਦਿਆਂ ਤਕ ਤਾਂ ਮੈਂ ਗਲਾਅ ਲੰਘ ਹੀ ਜਾਵਾਂਗਾ। ਇਸ ਲਈ ਕਰਕ ਜਾਣ ਦੀ ਸਲਾਹ ਪਕਾ ਲਈ।

ਸੁਰੰਗ ਦੇ ਬੂਹੇ ਅੱਗੇ ਸੜਕ ਉਤੇ ਸੱਜੇ ਹਥ ਦਸਾਂ ਪੰਦਰਾਂ ਦੁਕਾਨਾਂ ਦਾ ਇਕ ਨਿੱਕਾ ਜਿਹਾ ਬਾਜ਼ਾਰ ਸੀ, ਉਥੋਂ ਚਾਹ ਦੀਆਂ ਦੋ ਠੂਠੀਆਂ ਪੀਤੀਆਂ ਤੇ ਤੰਦੂਰ ਤੋਂ ਬਚ ਕੇ ਭਾੜ ਵਿੱਚ ਡਿਗਣ ਲਈ ਸੁਰੰਗ ਵਿੱਚ ਵੜ ਗਿਆ।

ਸੁਰੰਗ ਤਾਂ ਮੈਂ ਬਹੁਤ ਡਰ ਡਰ ਕੇ ਲੰਘੀ। ਅਗਲੇ ਖਤਰੇ ਤੋਂ ਡਰ ਕੇ ਨਹੀਂ, ਸਗੋਂ ਪਿਛਲੇ ਤੋਂ। ਡਰ ਸੀ ਕਿ ਮਤਾਂ ਦੁਕਾਨਾਂ ਤੋਂ ਕੋਈ ਕਮ ਅਕਲ 'ਸਨੇਹੀ' ਜਾਂ 'ਫਰਜ਼ਾਂ ਦਾ ਪੂਰਾ' ਪੁਲਸੀਆ ਗਲੇ ਵਿਚ ਤੁਰੇ ਜਾਂਦੇ ਨੂੰ ਆਵਾਜ਼ ਨਾ ਮਾਰ ਬੈਠੇ. "ਓਏ ਭਲਿਆ ਮਾਣਸਾ ਕਿਧਰ ਜਾਨਾ ਏਂ। ਲੁਟਿਆ ਮਾਰਿਆ ਜਾਏਂਗਾ। ਹੁਣ ਤਾਂ ਐਡੀ ਵੱਡੀ ਅੰਗਰੇਜ਼ੀ ਸਰਕਾਰ ਵੀ ਇਥੋਂ ਨਹੀਂ ਲੰਘਦੀ ਤੂੰ ਇਕੱਲਾ ਮੌਤ ਦੇ ਮੂੰਹ ਕਿਉਂ ਪੈਨਾ ਏਂ।" ਇਸ ਰੋਕਣ ਵਾਲੀ ਆਵਾਜ਼ ਤੋਂ, ਜੋ ਸੁਖੈਣ ਹਾਲਤਾਂ ਵਿੱਚ ਭਾਵੇਂ ਨਿਹਮਤ ਹੁੰਦੀ, ਪਰ ਹੁਣ ਤਾਂ ਘਾਤਕ ਸੀ, ਮੈਨੂੰ ਬਹੁਤ ਹੀ ਡਰ ਸੀ, ਜੋ ਆਵਾਜ਼ ਦੇਣ ਵਾਲੇ ਵਾਸਤੇ ਤਾਂ ਪਰਉਪਕਾਰ ਹੁੰਦੀ, ਪਰ ਮੇਰੇ ਵਾਸਤੇ ਤਾਂ ਗਰਿਫਤਾਰੀ ਦੀ ਲਾਜ਼ਮੀ ਸੱਦ ਸੀ। ਮੇਰੀ ਕਿਸਮਤ ਨੂੰ ਇਹ ਖਤਰਾ ਹਕੀਕੀ ਨ ਬਣਿਆਂ, ਮੇਰੇ ਵੱਲ ਕਿਸੇ ਦਾ ਧਿਆਨ ਨ ਪਿਆ।

ਜਦ ਸੁਰੰਗ ਲੰਘ ਲਈ ਤਾਂ ਮੈਂ ਸ਼ੇਰ ਹੋ ਗਿਆ ਹੁਣ ਪਿਛੋਂ ਕਿਸੇ ਦੇ ਵੇਖਣ ਤੇ ਆਵਾਜ਼ ਮਾਰਨ ਦਾ ਖਤਰਾ ਨਹੀਂ ਸੀ ਰਹਿ ਗਿਆ। ਕਿਉਂਕਿ ਸੁਰੰਗ ਸਤਰੰਗੀ ਪੀਂਘ ਵਾਂਗ ਮੁੜਵੀਂ ਜਿਹੀ ਸੀ ਤੇ ਉਸ ਦਾ ਅਗਲਾ ਸਿਰਾ ਪਿਛਲੇ ਸਿਰੇ ਤੋਂ ਉਹਲੇ ਹੋ ਜਾਂਦਾ ਸੀ, ਹੁਣ ਮੈਂ ਦੁਕਾਨਾਂ ਤੋਂ ਪਿਛੋਂ ਆਉਣ ਵਾਲੀ ਆਵਾਜ਼ ਦੇ ਖਤਰੇ ਤੋਂ ਤਾਂ ਸੁਰਖਰੂ ਹੋ ਗਿਆ ਪਰ ਅੱਗੇ ਉਹ ਖਤਰਾ ਸੀ, ਜਿਸ ਤੋਂ ਡਰਦੀ ਪੰਜਾਂ ਮਹਾਂ ਦੀਪਾਂ ਤੇ ਰਾਜ ਕਰ ਰਹੀ ਅੰਗਰੇਜ਼ੀ ਸਾਮਰਾਜੀ ਤਾਕਤ ਵੀ ਪਰਾਣ ਛਡ ਬਹਿੰਦੀ ਸੀ। ਇਹ ਉਸਦਾ ਨਿੱਤ ਦਾ ਕਿੱਤਾ ਸੀ, ਹਰ ਰੋਜ਼ ਦੋ ਵਜੇ ਤੋਂ ਬਾਅਦ ਅਗਲੇ ਸਵੇਰ ਦੇ ਛੇ ਵਜੇ ਤਕ ਇਥੋਂ ਅੰਗਰੇਜ਼ੀ ਰਾਜ ਨੂੰ ਵਾਪਸ ਬੁਲਾ ਲਿਆ ਜਾਂਦਾ ਸੀ ਤੇ ਐਤਵਾਰ ਨੂੰ ਤਾਂ ਬਿਲਕੁਲ ਹੀ ਮੂੰਹ ਨਹੀਂ ਸੀ ਵਿਖਾਇਆ ਜਾਂਦਾ ਤੇ ਸਾਰਾ ਦਿਨ ਆਵਾਜਾਈ ਬੰਦ ਰਖੀ ਜਾਂਦੀ।

ਮੈਂ ਇਸ ਬਿਗਾਨੀ ਹਕੂਮਤ ਦੀ ਗੁਲਾਮੀ ਤੋਂ ਦੇਸ ਨੂੰ ਆਜ਼ਾਦ ਕਰਵਾਉਣ ਵਾਲੀ ਕੌਮੀ ਆਜ਼ਾਦੀ ਦੀ ਲਹਿਰ ਦੇ ਇਨਕਲਾਬੀ ਪੱਖ ਦੀ ਇਕ ਜਥੇਬੰਦ ਸਿਆਸੀ ਸ਼ਕਤੀ ਦਾ ਨਾਚੀਜ਼ ਜਿਹਾ ਸਿਪਾਹੀ ਇਸ ਖਤਰੇ ਨੂੰ ਅਖਾਂ ਅਗੇ ਨਚਦਾ ਵੇਖ ਕੇ ਵੀ ਇਸ ਮੌਤ ਦੀ ਘਾਟੀ ਵਿਚ ਦੁੜੰਗੇ ਮਾਰਦਾ ਜਾ ਰਿਹਾ ਸੀ।

ਮੇਰੇ ਸੱਜੇ ਹੱਥ ਉੱਚਾ ਪਹਾੜ ਸੀ, ਜਿਸ ਦੀ ਵੱਖੀ ਵਿਚ ਇਹ ਸੜਕ ਬਣੀ ਹੋਈ ਸੀ ਤੇ ਖੱਬੇ ਹੱਥ ਡੂੰਘੀ ਖੱਡ ਵਿੱਚ ਇੱਕ ਸੁਕਾ ਨਾਲਾ ਸੀ, ਜੋ ਸੜਕ ਦੇ ਨਾਲ ਨਾਲ ਹੇਠਾਂ ਦਖਣ ਨੂੰ ਉਤਰਦਾ ਜਾਂਦਾ ਸੀ ਤੇ ਦੋ ਕੁ ਮੀਲ ਜਾ ਕੇ ਚੜ੍ਹਦੇ ਵਲ ਅਟਕ ਦਰਿਆ ਵਿੱਚ ਪੈਣ ਲਈ ਮੁੜ ਗਿਆ ਸੀ। ਇਸ ਨਾਲੇ ਤੋਂ ਪਾਰ ਫੇਰ ਪਹਾੜ ਉਚਾ ਚੜ੍ਹ ਗਿਆ ਸੀ। ਜਾਣੋ ਇਹ ਦਰਿਸ਼ ਇਸ ਤਰ੍ਹਾਂ ਸੀ, ਜਿਸ ਤਰ੍ਹਾਂ ਕਿਸੇ ਲੰਘਦੇ ਹੋਏ ਸੱਪ ਨੇ ਪਹਾੜ ਨੂੰ ਲਕੋਂ ਘਸਰਕੇ ਨਾਲੇ ਵਾਸਤੇ ਰਾਹ ਬਣਾ ਦਿਤਾ ਹੋਵੇ।

ਚਿਟੇ ਪਹਾੜ ਦੀ ਇਹ ਸੜਕ ਪਹਾੜ ਵਾਂਗ ਹੀ ਰੁਖਾਂ ਦਰਖਤਾਂ ਤੋਂ ਸਖਣੀ ਸੀ। ਨਾਲਿਉਂ ਪਾਰ ਤੇ ਉਰਾਰ ਦੇ ਪਹਾੜਾਂ ਦੀਆਂ ਨੇੜੇ ਦੂਰ ਦਿਸ ਰਹੀਆਂ ਬੁਰਜੀਆਂ ਤੇ ਕਮਰੋੜਾਂ ਉਤੇ ਧੁਪ ਨਾਲ ਚਿਟਆਇਆ ਹੋਇਆ ਨੀਲਾ ਆਕਾਸ਼ ਇਸ ਤਰ੍ਹਾਂ ਜਾਪਦਾ ਸੀ, ਜਿਸ ਤਰ੍ਹਾਂ ਕਲਰਾਠੇ ਪਾਣੀ ਦੀ ਸਾਫ ਤੇ ਨਿਰਮਲ ਝੀਲ ਗਲੇ ਨੂੰ ਢੱਕਣ ਲਈ ਪਹਾੜਾਂ ਉਤੇ ਮੂਧੀ ਮਾਰ

ਦਿਤੀ ਗਈ ਹੋਵੇ ।

ਖਤਰੇ ਨਾਲ ਧਕ ਧਕ ਵਜ ਰਿਹਾ ਦਿਲ ਤੇ ਗਲੇ ਨੂੰ ਛੇਤੀ ਤੋਂ ਛੇਤੀ ਲੰਘ ਜਾਣ ਦੀ ਮਨ ਵਿਚ ਸਮਾਈ ਚੇਸ਼ਟਾ ਕੁਦਰਤ ਦੀ ਇਸ ਖੇਡ ਨੂੰ ਪਰਤੀਤ ਕਰਨ ਤੇ ਵੇਖਣ ਤੋਂ ਨਾ ਰਹਿ ਸਕੇ ।

ਜੂਨ ਮਹੀਨੇ ਦੀ ਪਿਛਲੇ ਪਹਿਰ ਦੀ ਕੜਕਵੀਂ ਧੁਪ ਨੇ ਪਹਾੜ ਦੀ ਝੱਕ ਲੱਗ ਕੇ ਪੈਰਾਂ ਹੇਠਲੀ ਲੁਕ ਵਾਲੀ ਸਲੇਟੀ ਸੜਕ ਨੂੰ ਤਵੇ ਵਾਂਗ ਤਪਾਇਆ ਹੋਇਆ ਸੀ । ਉਤੋਂ ਧੁਪ ਤੇ ਹੇਠੋਂ ਸੜਕ ਦੇ ਸੇਕ ਵਿਚ ਮੈਂ ਮੱਛੀ ਵਾਂਗ ਭੁਜ ਰਿਹਾ ਸਾਂ । ਪਰ ਮੈਂ ਵਜ਼ੀਰੀਆਂ ਦੇ ਹਮਲੇ ਦੇ ਡਰ ਵਾਲਾ ਇਹ ਮੌਤ ਦਾ ਟੋਟਾ ਲੰਘ ਜਾਣ ਦੀ ਧੁੰਨ ਵਿੱਚ ਸ਼ਮਸ ਤਬਰੇਜ਼ ਬਣਿਆਂ ਵਾਹੋ ਦਾਹੀ ਰਿੜ੍ਹੀ ਜਾ ਰਿਹਾ ਸਾਂ । ਮੈਨੂੰ ਮੌਤ ਦਾ ਦਬਕਾ ਪਿੱਛੋਂ ਧੱਕ ਰਿਹਾ ਸੀ ਤੇ ਦੇਸ ਦੀ ਆਜ਼ਾਦੀ ਦੀ ਲਗਣ ਅੱਗੋਂ ਖਿੱਚ ਰਹੀ ਸੀ ਤੇ ਮੈਂ ਅੱਖ ਪੱਟੀਆਂ ਲੱਗੇ ਤਾਂਗੇ ਦੇ ਘੋੜੇ ਵਾਂਗ ਬਿਨਾਂ ਆਸੇ ਪਾਸੇ ਵੇਖੇ ਸਿਧਾ ਸੜਕੇ ਸੜਕ ਧਮਕੜੇ ਪਿਆ ਹੋਇਆ ਸਾਂ ।

ਰਾਹ ਵਿਚ ਨ ਕੋਈ ਬੰਦਾ ਨਜ਼ਰੀਂ ਆਇਆ ਤੇ ਨਾ ਕੋਈ ਪਰਿੰਦਾ । ਸਭ ਉਜਾੜ ਹੀ ਉਜਾੜ । ਪਹਾੜ ਦੀਆਂ ਖੱਡਾਂ, ਵਖੀਆਂ, ਖੋਰਾਂ ਤੇ ਉਤਰਾਈਆਂ ਚੜ੍ਹਾਈਆਂ ਸਭ ਸੁੰਞੀਆਂ, ਇਸ ਤਰ੍ਹਾਂ ਜਾਪਦਾ ਸੀ, ਕਿ ਵਜ਼ੀਰੀਆਂ ਤੋਂ ਨਿਰਾ ਅੰਗਰੇਜ਼ੀ ਰਾਜ ਹੀ ਡਰਕੇ ਮੈਦਾਨ ਨਹੀਂ ਸੀ ਛੱਡ ਗਿਆ, ਸਗੋਂ ਕੁਦਰਤ ਦੇ ਹੋਰ ਜੀਵ ਵੀ ਨੱਸ ਗਏ ਸਨ ।

ਜਿਵੇਂ ਜਿਵੇਂ ਮੈਂ ਗਲੇ ਦੇ ਪੰਧ ਨੂੰ ਨਬੇੜੀ ਜਾ ਰਿਹਾ ਸਾਂ, ਮੇਰਾ 'ਕੋਈ ਆ ਨ ਜਾਵੇ, ਕੋਈ ਆ ਨ ਜਾਵੇ' ਵਾਲਾ ਧੁੜਕੂ ਘਟਦਾ ਜਾਂਦਾ ਸੀ ਤੇ ਲੁਟੇ ਮਾਰੇ ਜਾਣ ਦੀ ਸੰਭਾਵਨਾ ਤਕਰੀਬਨ ਹਟ ਹੀ ਗਈ ਸੀ । ਸਗੋਂ ਇਕ ਹੋਰ ਭੈ ਇਸ ਦੀ ਥਾਂ ਲੈਂਦਾ ਜਾ ਰਿਹਾ ਸੀ, ਜੋ ਦਾਈ ਦੇ ਪੁਗਾਅ ਦੇ ਨੇੜੇ ਨੇੜੇ ਜਾਂਦਿਆਂ ਇਕ ਵੱਡਾ ਸਾਰਾ ਸਵਾਲ ਬਣਦਾ ਜਾਂਦਾ ਸੀ । ਉਹ ਇਹ, ਕਿ ਗਲਾਅ ਲੰਘ ਕੇ ਕਰਕ ਕਿਸ ਤਰਾਂ ਪਹੁੰਚਾਂਗਾ ? ਅੱਗੇ ਸਾਰਾ ਹੀ ਰਸਤਾ ਉਬੜ ਸੀ । ਜਿਧਰ ਮੈਂ ਅਗੇ ਕਦੀ ਨਹੀਂ ਸਾਂ ਗਿਆ, ਭਲਾ ਜੇ ਉਥੇ ਪਹੁੰਚ ਹੀ ਗਿਆ ਤਾਂ ਕਾਕੇ ਨੂੰ ਕਿਸ ਤਰ੍ਹਾਂ ਲਭਾਂਗਾ ? ਫੇਰ ਤੌਖਲਾ ਇਹ ਸੀ ਕਿ ਜੇ ਕਾਕਾ ਓਥੇ ਵੀ ਨ ਹੋਇਆ ਤਾਂ ਕੀ ਬਣੂੰ ? ਇਹਨਾਂ ਹੀ ਡਰਾਕਲ ਸੋਚਾਂ ਦੇ ਸਮੁੰਦਰ ਵਿੱਚ ਡੁਬਦਾ ਤਰਦਾ ਮੈਂ ਗਲਾਅ ਲੰਘ ਕੇ ਕਰਕ ਵਾਲੀ ਸੜਕ ਦੇ ਮੋੜ ਉਤੇ ਜਾ ਖਲੋਤਾ ।

'ਲਲੂ ਕਰੇ ਵਲੱਲੀਆਂ ਸਮਾਂ ਸਿਧੀਆਂ ਪਾਵੇ' । ਮੈਂ ਦੁਸੜਕੇ ਉਤੇ ਗਡੀ ਹੋਈ ਫੱਟੀ ਤੋਂ ਅੰਗਰੇਜ਼ੀ ਵਿਚ ਲਿਖਿਆ 'ਕਰਕ ਅਠ ਮੀਲ' ਪੜ੍ਹ ਕੇ ਅਜੇ ਪਿਛਾਂ ਹਟਿਆ ਹੀ ਸਾਂ ਕਿ ਬੰਨੂੰ ਵਲੋਂ ਇਕ ਲਾਰੀ ਆਈ ਤੇ ਝੌਂਕੇ ਕਰਕ ਵਾਲੀ ਸੜਕ ਤੇ ਖਲੋ ਗਈ, ਉਸ ਨੇ ਕਰਕ ਜਾਣਾ ਸੀ । ਕੁਝ ਸਵਾਰੀਆਂ ਉਤਰੀਆਂ । ਉਸ ਮੈਨੂੰ ਵੀ ਚੜ੍ਹਾ ਲਿਆ । ਹੇਠਾਂ ਸੀਟਾਂ ਤੇ ਪੈਰਾਂ ਵਾਲੀ ਥਾਂ ਤੇ ਸਭ ਸਵਾਰੀਆਂ ਭਰੀਆਂ ਹੋਈਆਂ ਸਨ ਤੇ ਛਤ ਉਤੇ ਵੀ ਦਸ ਪੰਦਰਾਂ ਬੰਦੇ ਬੈਠੇ ਸਨ । ਮੈਨੂੰ ਛੱਤ ਉਤੇ ਥਾਂ ਮਿਲੀ । ਮੇਰਾ ਚਵਾਨੀ ਵਿਚ ਹੀ ਸਰ ਗਿਆ ਤੇ ਢਾਈ ਘੰਟੇ ਦੇ ਨਾ ਕੇਵਲ ਪੈਂਡੇ ਤੋਂ ਸਗੋਂ ਸਮਾਂ ਖਰਾਬ ਕਰਨ ਤੋਂ ਵੀ ਬਚ ਗਿਆ । ਮੈਂ ਵੀਹਾਂ ਮਿੰਟਾਂ ਵਿਚ ਕਰਕ ਪਹੁੰਚ ਗਿਆ । ਅਜੇ ਦਾਈ ਘੰਟੇ ਸੂਰਜ ਡੁਬਣ ਵਿਚ ਸਨ ।

ਮੈਂ ਪੁਛ ਪੁਛਾ ਕੇ ਹਸਪਤਾਲ ਪੁਜ ਗਿਆ। ਇਹ ਹਸਪਤਾਲ, ਇਲਾਕੇ ਦੇ ਪਛੜੇਵੇਂ ਤੇ ਇਸ ਵਲ ਅੰਗਰੇਜ਼ੀ ਹਕੂਮਤ ਦੀ ਲਾਪਰਵਾਹੀ ਦੀ ਮੂੰਹ ਬੋਲਦੀ ਤਸਵੀਰ ਸੀ। ਇਹ ਨਿਕੇ ਜਿਹੇ ਵਿਹੜੇ ਵਾਲਾ ਤਿੰਨਾਂ ਚਹੁੰ ਕੋਠੜੀਆਂ ਦਾ ਅਣਸੰਵਾਰਿਆ ਕਚਾ ਘਰ ਸੀ, ਜਿਸ ਦੇ ਫਰਸ਼ ਵੀ ਕਚੇ ਸਨ ਤੇ ਵਿਹੜੇ ਵਿਚ ਗੋਡੇ ਗੋਡੇ ਘੱਟਾ ਸੀ। ਕਾਕਾ ਇਕ ਨਿਕੀ ਜਿਹੀ ਸਬਾਤ ਵਿੱਚ ਟੁਟੀ ਜਿਹੀ ਮੰਜੀ ਉਤੇ ਇਕੱਲਾ ਹੀ ਪਿਆ ਸੀ। ਉਹ ਟਾਈਫਾਈਡ ਦਾ ਬਿਮਾਰ ਸੀ। ਦਵਾਈਆਂ ਤੇ ਖੁਰਾਕ ਰਖਣ ਵਾਲੀ ਕੋਈ ਡੋਲੀ ਡਾਲੀ ਉਥੇ ਨਹੀਂ ਸੀ ਤੇ ਨਾ ਕੋਈ ਕੰਧ ਵਿੱਚ ਅਲਮਾਰੀ ਜਾਂ ਆਲਾ ਸੀ। ਦਵਾਈਆਂ ਦੀਆਂ ਸ਼ੀਸ਼ੀਆਂ ਤੇ ਪਾਣੀ ਦਾ ਲੋਟਾ ਭੁੰਜੇ ਜ਼ਮੀਨ ਤੇ ਪਏ ਸਨ।

ਕਾਕੇ ਨੇ ਮੈਨੂੰ ਵੇਖ ਕੇ ਸਲਾਮ ਦੁਆ ਤਾਂ ਕੀਤੀ, ਪਰ ਉਹ ਪਹਿਲੀਆਂ ਮਿਲਣੀਆਂ ਵਾਂਗ ਚਿਹਰੇ ਤੇ ਖੇੜਾ ਨਾ ਲਿਆ ਸਕਿਆ। ਉਹ ਡਰਿਆ ਜਿਹਾ ਤੇ ਘਾਬਰਿਆ ਜਿਹਾ ਪਰਤੀਤ ਹੋਣ ਲਗ ਪਿਆ।

ਇਸ ਦੀ ਵਜਾਹ ਉਸ ਨੇ ਇਹ ਦੱਸੀ ਕਿ ਸਰਹੱਦ ਦੀ ਸਰਕਾਰ ਨੂੰ ਮੇਰੇ ਬਹਾਦਰ ਖੇਲ ਆਉਣ ਤੇ ਕਾਕੇ ਨਾਲ ਫਿਰਨ ਤੁਰਨ ਦੀ ਸੂਹ ਮਿਲ ਗਈ ਹੋਈ ਸੀ ਤੇ ਪੁਲਸ ਨੇ ਪਿੰਡ ਵਿੱਚ ਤੇ ਸੁਰੰਗ ਦੇ ਬੂਹੇ ਅੱਗੇ ਮੇਰਾ ਪਤਾ ਲਾਉਣ ਤੇ ਮੈਨੂੰ ਗਰਿਫਤਾਰ ਕਰਨ ਲਈ ਉਚੇਚੇ ਪੁਲਸੀਏ ਲਾਏ ਹੋਏ ਸਨ। ਕਾਕੇ ਦੀ ਵੀ ਇਸ ਕਰ ਕੇ ਸੀ. ਆਈ.ਡੀ. ਦਾ ਬੰਦਾ ਪਿਛੇ ਫਿਰਕੇ ਨਿਗਰਾਨੀ ਕਰਦਾ ਸੀ ਤੇ ਉਹ ਕਾਕੇ ਨਾਲ ਏਥੇ ਕਰਕ ਹਸਪਤਾਲ ਆਇਆ ਹੋਇਆ ਸੀ। ਮੇਰੇ ਚੰਗੇ ਕਰਮਾਂ ਨੂੰ ਉਹ, ਦੋ ਮਿੰਟ ਹੀ ਹੋਏ, ਇਥੋਂ ਹਸਪਤਾਲ ਵਿਚੋਂ ਹੀ ਕਿਤੇ ਬਾਹਰ ਗਿਆ ਸੀ।

ਮੈਂ ਰਬ ਤਵੱਕਲੀ ਬਚ ਗਿਆ ਸਾਂ। ਪੁਲਸ ਦੀ ਨਿਗਰਾਨੀ ਨੇ ਸਮੇਂ ਨਾਲ ਵਾਰਾ ਨਹੀਂ ਸੀ ਖਾਧਾ।

ਮੈਂ ਕਾਕੇ ਨੂੰ ਆਪਣੇ ਆਉਣ ਦਾ ਮਨੋਰਥ ਤੇ ਵਿਥਿਆ ਦਸੀ।

ਉਸ ਨੇ ਇਹ ਜਾਣ ਕੇ ਲੱਖ ਲੱਖ ਸ਼ੁਕਰ ਕੀਤਾ ਕਿ ਮੈਂ ਬਹਾਦਰ ਖੇਲੋਂ ਪੁਲਸ ਦੀਆਂ ਲਾਈਆਂ ਬੋਰਾਂ ਵਿਚੋਂ ਅਣਜਾਤਾ ਹੀ ਨਿਕਲ ਆਇਆ ਤੇ ਉਹ ਇਹ ਸੁਣ ਕੇ ਬਹੁਤ ਹੀ ਖੁਸ਼ ਹੋਇਆ ਕਿ ਮੈਂ ਮੌਤ ਦਾ ਗਲਾਅ ਖੇਰੀਂ ਮਿਹਰੀਂ ਪਾਰ ਕਰ ਲਿਆ।

ਕਾਕਾ ਇਸ ਕਰ ਕੇ ਘਾਬਰਿਆ ਸੀ ਕਿ ਉਹ ਮੈਨੂੰ ਰਾਤ ਕਿਥੇ ਰਖੇ ਤੇ ਫੇਰ ਕਿਥੇ ਸਾਂਭੇ, ਜਦ ਕਿ ਉਹ ਮੰਜੇ ਉਤੇ ਬਿਮਾਰ ਪਿਆ ਸੀ।

ਪਰ ਹੁਣ ਕੀ ਕਰਾਂ ?

ਬੜੀ ਕਮਬਖਤੀ ਬਣੀ !

ਇਸ ਹਾਲਤ ਵਿੱਚ ਉਥੇ ਇਕ ਮਿੰਟ ਵੀ ਹੋਰ ਖਲੋਣਾ ਪਿਛਲੀ ਸਾਰੀ ਵਰਿਆਮਗੀ ਨੂੰ ਮਲੀਆਮੇਟ ਕਰਨਾ ਸੀ, ਇਸ ਲਈ ਉਥੇ ਰਹਿਣ ਦਾ ਤਾਂ ਕੀ ਖਲੋਣ ਦਾ ਵੀ ਸਵਾਲ ਨਹੀਂ ਸੀ ਪੈਦਾ ਹੁੰਦਾ।

★ ★ ★ ★

ਕਾਕੇ ਮੈਨੂੰ, ਜਦ ਤਕ ਉਹ ਰਾਜ਼ੀ ਨ ਹੋ ਜਾਵੇ, ਇਕ ਆਪਣੇ ਵਰਕਰ ਨਿਆਜ਼ਬਤ ਖਾਂ ਪਾਸ, ਜਿਸ ਨੂੰ ਮੈਂ ਜਾਣਦਾ ਸਾਂ, ਉਸ ਦੇ ਪਿੰਡ ਸਕਨਾ ਕਾਰੂਨਾਂ ਚਲੇ ਜਾਣ ਤੇ ਟਿਕਣ ਲਈ ਆਖਿਆ। ਇਹ ਪਿੰਡ ਉਥੋਂ ਕੋਈ ਅਠ ਨੌਂ ਮੀਲ ਸੀ ਤੇ ਬਾਕੀ ਰਹਿੰਦੇ ਦਿਨ ਵਿੱਚ ਮੈਂ ਓਥੇ ਨਹੀਂ ਸਾਂ ਪਹੁੰਚ ਸਕਦਾ ਤੇ ਮੇਰੇ ਵਰਗੇ ਪਰਦੇਸੀ ਤੇ ਓਬੜ ਬੰਦੇ ਵਾਸਤੇ ਰਾਤ ਹਨੇਰੇ ਵਿਚ ਉਹ ਪਿੰਡ ਲਭਣਾ ਅਸੰਭਵ ਸੀ। ਇਸ ਲਈ ਕਾਕੇ ਨੇ ਮੈਨੂੰ ਸਕਨ ਕਾਰੂਨਾਂ ਦੇ ਰਾਹ ਵਿਚ ਕਰਕੋਂ ਤਿੰਨ ਮੀਲ ਦੂਰ ਇਕ ਪਿੰਡ ਜਾ ਕੇ ਸ਼ੇਰ ਅਲੀ ਖਾਂ ਦੇ ਘਰ ਰਾਤ ਰਹਿਣ ਲਈ ਭੇਜ ਦਿਤਾ, ਉਹ ਕਾਕੇ ਦਾ ਕੋਈ ਸਾਕ ਸਬੰਧੀ ਸੀ।

ਮੈਂ ਉਸੇ ਵੇਲੇ ਤੁਰ ਪਿਆ ਤੇ ਪਿੰਡ ਦਾ ਰਾਹ ਪੁਛ ਕੇ ਦਿਨ ਹੁੰਦਿਆਂ ਹੀ ਓਥੇ ਪਹੁੰਚ ਗਿਆ।

ਮੇਰਾ ਇਹ ਭੌਜਲਾਂ ਭਰਿਆ ਦਿਨ ਏਥੇ ਆ ਕੇ ਮੁੱਕਾ :

(ਛਪ ਰਹੀ ਪੁਸਤਕ "ਉਹ ਵੀ ਦਿਨ ਸੀ" ਵਿਚ)

ਸੁਭਾਵਕ ਹੈ ਕਿ ਜਿਉਂਦਾ ਰਹਿਣ ਅਤੇ ਲਿਖਣ ਲਈ ਲੇਖਕ ਨੂੰ ਰੋਜ਼ੀ ਕਮਾਉਣੀ ਜ਼ਰੂਰੀ ਹੈ। ਪਰ ਉਸ ਨੂੰ ਰੋਜ਼ੀ ਕਮਾਉਣ ਲਈ ਨਹੀਂ ਜਿਉਂਦਾ ਰਹਿਣਾ ਅਤੇ ਲਿਖਣਾ ਚਾਹੀਦਾ......

ਲੇਖਕ ਆਪਣੀ ਕਿਰਤ ਨੂੰ ਕਿਸੇ ਤਰ੍ਹਾਂ ਵੀ ਸਾਧਨ ਨਹੀਂ ਮੰਨ ਸਕਦਾ। ਉਸ ਦੀਆਂ ਕਿਰਤਾਂ ਤਾਂ ਆਪਣੇ ਆਪ ਵਿੱਚ ਇਕ ਮਨੋਰਥ ਹਨ ਉਹ ਖ਼ੁਦ ਉਸ ਲਈ ਤੇ ਦੂਜਿਆਂ ਵਾਸਤੇ ਸਾਧਨ ਐਨਾ ਘੱਟ ਹੈ ਕਿ ਜੱਦ ਜ਼ਰੂਰੀ ਹੁੰਦਾ ਹੈ ਤਾਂ ਉਹਨਾਂ ਲਈ ਆਪਣੀ ਹੋਂਦ ਤੱਕ ਨੂੰ ਉਹ ਕੁਰਬਾਨ ਕਰ ਦਿੰਦਾ ਹੈ......

ਅਖਬਾਰਾਂ ਦੀ ਆਜ਼ਾਦੀ ਦੀ ਪਹਿਲੀ ਸ਼ਰਤ ਇਹੋ ਹੈ ਕਿ ਉਹ ਵਪਾਰ ਨ ਹੋਵੇ। ਜਿਹੜਾ ਲੇਖਕਉਸ ਨੂੰ ਇਕ ਆਰਥਕ ਸਾਧਨ ਦੀ ਪਧਰ ਤੱਕ ਡੇਗਦਿੰਦਾ ਹੈ,ਉਸਨੂੰ ਆਪਣੇ ਅੰਦਰਲੇ ਦੀ ਆਜ਼ਦੀ ਖਤਮ ਕਰ ਦੇਣ ਦੇ ਅਪਰਾਧ ਵਿੱਚ ਬਾਹਰਲੀ ਆਜ਼ਾਦੀ ਖੋਏ ਜਾਣ ਦੀ ਸਜ਼ਾ ਭੋਗਣੀ ਚਾਹੀਦੀ ਹੈ, ਭਾਵ ਉਸ ਉਤੇ ਸੈਂਸਰ ਲਾਉਣਾ ਚਾਹੀਦਾ ਹੈ, ਜਾਂ ਇਹ ਕਿਹਾ ਜਾ ਸਕਦਾ ਹੈ ਉਸ ਦੀ ਹੋਂਦ ਹੀ ਆਪਣੇ ਆਪ ਇਕ ਸਜ਼ਾ ਹੈ।

ਕਾਰਲ ਮਾਰਕਸ

ਨਿਬੰਧ

# ਬੁਧੀਜੀਵੀ ਵਰਗ ਤੇ ਰਾਜ ਸੱਤਾ

ਸੰਤ ਸਿੰਘ ਸੇਖੋਂ

ਸੰਯੁਕਤ ਰਾਜ, ਅਮਰੀਕਾ, ਵਿਚ ਅੱਜ ਕਲ ਇਕ ਮਹਾਨ ਕ੍ਰਾਂਤੀ ਦਾ ਮੁਢ ਬਝ ਗਿਆ ਜਾਪਦਾ ਹੈ, ਉਥੋਂ ਦੇ ਬੁਧੀਜੀਵੀ ਵਰਗ, ਪਰੋਫੈਸਰਾਂ, ਟੀਚਰਾਂ, ਵਿਦਿਆਰਥੀਆਂ, ਲਿਖਾਰੀਆਂ, ਕਵੀਆਂ, ਵਿਗਿਆਨੀਆਂ ਆਦਿ ਨੇ ਜਾਨਸਨ ਸਰਕਾਰ ਦੀ ਅਜੋਕੀ ਵਿਦੇਸ਼ ਨੀਤੀ ਦੇ ਵਿਰੁਧ ਆਵਾਜ਼ ਉੱਚੀ ਕੀਤੀ ਹੈ। ਯੂਨੀਵਰਸਿਟੀਆਂ, ਕਾਲਜਾਂ ਤੇ ਹੋਰ ਜਨਤਕ ਸਥਾਨਾਂ ਉਤੇ ਰੋਸ ਤੇ ਅਨੁ-ਰੋਧ ਦੇ ਸਮਾਗਮ ਤੇ ਬੈਠਕਾਂ ਕੀਤੀਆਂ ਜਾਂਦੀਆਂ ਹਨ, ਜਿਹਨਾਂ ਵਿਚ ਜਾਨਸਨ ਸਰਕਾਰ ਦੀ ਨੀਤੀ ਨੂੰ, ਵਿਸ਼ੇਸ਼ ਕਰਕੇ ਡੋਮਿਨਿਕਾ ਗਣਰਾਜ, ਅਮਰੀਕਾ, ਤੇ ਵੀਤਨਾਮ ਵਿੱਚ ਫੌਜਾਂ ਭੇਜ ਕੇ ਉਥੋਂ ਦੇ ਲੋਕਾਂ ਦੇ ਆਜ਼ਾਦੀ ਤੇ ਲੋਕ ਰਾਜ ਲਈ ਲੜੇ ਜਾ ਰਹੇ ਸੰਗਰਾਮਾਂ ਨੂੰ ਦਬਾਉਣ ਤੇ ਕੁਚਲਣ ਦੀ ਨਿਖੇਧੀ ਕੀਤੀ ਜਾ ਰਹੀ ਹੈ। ਵੀਤਨਾਮ ਵਿਚ ਹਾਲਤ ਬਹੁਤ ਹੀ ਗੰਭੀਰ ਹੈ। ਅੱਸੀ ਹਜ਼ਾਰ ਦੇ ਕਰੀਬ ਅਮਰੀਕੀ ਸਿਪਾਹੀ ਜੰਗ ਵਿਚ ਝੋਕੇ ਜਾ ਚੁਕੇ ਹਨ, ਤੇ ਹੁਣ ਇਕ ਲੱਖ ਹੋਰ ਉਥੇ ਘੱਲਣ ਦੀਆਂ ਵਿਉਂਤਾਂ ਬਣ ਰਹੀਆਂ ਹਨ।

ਜਾਨਸਨ ਦੀ ਇਸ ਵਿਦੇਸੀ ਨੀਤੀ ਦਾ ਮੰਤਵ ਸਾਰੇ ਸੰਸਾਰ ਉਤੇ ਆਪਣੀ ਸ਼ਕਤੀ ਤੇ ਵਿਚਾਰਧਾਰਾ, ਪੂੰਜੀਵਾਦੀ ਰਾਜ, ਦੀ ਪਕੜ ਤਕੜੀ ਕਰਨਾ, ਗ਼ੈਰ ਕਮਿਊਨਿਸਟ ਦੇਸਾਂ ਵਿੱਚ ਕਮਿਊਨਿਸਟ ਲਹਿਰਾਂ ਤੇ ਜਥੇਬੰਦੀਆਂ ਨੂੰ ਕੁਚਲਣਾ, ਤੇ ਜਿਥੋਂ ਤਕ ਹੋ ਸਕੇ ਕਮਿਊਨਿਸਟ ਦੇਸਾਂ ਵਿਚ ਵੀ ਦਖ਼ਲ ਦੇ ਕੇ ਉਥੇ ਭੰਨ ਤੋੜ ਕਰਵਾਣਾ ਤੇ ਉਥੋਂ ਦੇ ਰਾਜ ਪਰਬੰਧ ਨੂੰ ਹਾਨੀ ਪੁਚਾਣਾ ਹੈ। ਇਸ ਨੀਤੀ ਦੇ ਪਿਛੇ ਸੰਯੁਕਤ ਰਾਜ ਅਮਰੀਕਾ, ਤੇ ਪਛਮੀ ਯੂਰਪ ਤੇ ਹੋਰ ਜਿਥੇ ਵੀ ਕਿਧਰੇ ਇਸ ਵਰਗ ਨੇ ਕੁਝ ਸ਼ਕਤੀ ਪਕੜ ਲਈ ਹੈ, ਪੂੰਜੀਵਾਦੀ ਵਰਗ, ਵਪਾਰੀ, ਕਾਰਖਾਨੇਦਾਰ, ਧਨਕੁਬੇਰ, ਮਾਇਆਧਾਰੀ ਹਨ।

ਸੰਯੁਕਤ ਰਾਜ ਤੇ ਇਸ ਦੇ ਮਿੱਤਰਾਂ ਦੀ ਪੂੰਜੀਪਤੀ ਰਾਜਾ ਸ਼੍ਰੇਣੀ ਨੂੰ ਸਿਧ ਹੋ ਗਿਆ ਹੈ ਕਿ ਪੁਰਾਣੇ ਰੂੜ੍ਹੀਗਤ ਢੰਗ ਦੀ ਲੜਾਈ ਵਿਚ ਪੂੰਜੀਪਤੀ ਵਰਗ ਲੋਕਾਂ ਦੀ ਲੋਕ ਰਾਜੀ ਸ਼ਕਤੀ ਦਾ ਟਾਕਰਾ ਨਹੀਂ ਕਰ ਸਕਦਾ। ਪਰ ਸੰਯੁਕਤ ਰਾਜ ਅਮਰੀਕਾ ਪਾਸ ਅਜੇਹੇ ਹਥਿਆਰ ਹਨ, ਜੋ ਰੂਸ, ਚੀਨ, ਕਮਿਊਨਿਸਟ ਦੇਸਾਂ ਤੇ ਕੁਝ ਹੋਰ ਪੂੰਜੀਵਾਦੀ ਰਾਜ-ਪ੍ਰਬੰਧਾਂ ਕੋਲ ਹੀ ਹਨ,



ਊਣੱਜਾ

ਪਰ ਇਹਨਾਂ ਦੇਸਾਂ ਦੀ ਸ਼ਕਤੀ ਇਤਨੀ ਥੋੜੀ ਹੈ ਕਿ ਉਹ ਸੰਯੁਕਤ ਰਾਜ ਦੇ ਟਾਕਰੇ ਉਤੇ ਛੇਤੀ ਛੇਤੀ ਉਤਰ ਨਹੀਂ ਸਕਦੇ। ਨਾਲੇ ਇਕ ਧਾੜਵੀ ਵਾਕਰ ਸੰਯੁਕਤ ਰਾਜ ਦੀ ਪੂੰਜੀਵਾਦੀ ਸਰਕਾਰ ਇਹ ਹਥਿਆਰ ਵਰਤਣ ਲਈ ਉਨ੍ਹਾਂ ਲੋਕਾਂ ਨਾਲੋਂ ਵਧੇਰੇ ਤਿਆਰ ਹੈ, ਜਿਨ੍ਹਾਂ ਨੇ ਆਪਣੇ ਘਰ ਘਾਟ ਬਚਾਣੇ ਹਨ।

ਵੀਤਨਾਮ, ਆਦਿ, ਦੇਸਾਂ ਵਿਚ ਲੋਕ ਜਥੇਬੰਦੀਆਂ ਬੜੀ ਬਹਾਦਰੀ ਨਾਲ ਸੰਯੁਕਤ ਰਾਜ ਅਮਰੀਕਾ ਦੀ ਇਸ ਵਧੀਕੀ ਦੇ ਵਿਰੁਧ ਲੜ ਰਹੀਆਂ ਹਨ। ਉਨ੍ਹਾਂ ਨੂੰ ਰੂਸ, ਚੀਨ, ਆਦਿ, ਤੋਂ ਕੁਝ ਸਹਾਇਤਾ ਵੀ ਮਿਲ ਰਹੀ ਹੈ। ਪਰ ਸੰਯੁਕਤ ਰਾਜ ਦੀ ਪੂੰਜੀਪਤੀ ਸਰਕਾਰ ਨੂੰ ਨਿਸਚਾ ਹੈ ਕਿ ਰੂਸ ਜਾਂ ਚੀਨ ਥੋੜੇ ਕੀਤੇ ਇਸਦੇ ਟਾਕਰੇ ਵਿਚ ਕਿਧਰੇ ਹਾਲੀ ਆਉਣ ਵਾਲੇ ਨਹੀਂ। ਇਸ ਲਈ ਆਖਿਆ ਜਾ ਰਹਿਆ ਹੈ ਕਿ ਵੀਤਨਾਮ ਵਿਚ ਯੁਧ ਦੇ ਮੈਦਾਨ ਵਿਚ ਕੋਈ ਧਿਰ ਵੀ ਪੂਰਣ ਭਾਂਤ ਜਿੱਤ ਨਹੀਂ ਸਕਦੀ। ਸੋ ਵੀਤਨਾਮ ਨੂੰ ਚਾਹੀਦਾ ਹੈ, ਜਿਵੇਂ ਸੰਯੁਕਤ ਰਾਜ ਆਖੇ, ਗੱਲਬਾਤ ਕਰਨ ਲਈ ਲੜਨਾ ਛੱਡ ਦੇਵੇ, ਤੇ ਫਿਰ ਗੱਲ ਗਪੀ ਗੇੜੇ ਪਈ ਰਹੇ।

ਵੀਤਨਾਮ ਵਿਚ ਲੋਕ ਪਖੀ ਲੜਾਕਿਆਂ ਦੀ ਹਮਾਇਤ ਵਿਚ ਉਸ ਦਖਣੀ ਵੀਤਨਾਮ ਦੇ ਲੋਕ ਵੀ ਹਨ ਜੋ ਇਸ ਸਮੇਂ ਅਮਰੀਕਾ ਦੀ ਪਕੜ ਵਿਚ ਹੈ, ਤੇ ਸੈਨਾਂ ਦੇ ਪਤੀਆਂ ਤੋਂ ਛੁਟ ਆਮ ਫੌਜੀ ਵੀ ਆਪਣੇ ਭਰਾਵਾਂ ਨਾਲ ਲੜਨਾ ਨਹੀਂ ਚਾਹੁੰਦੇ। ਜਿਸ ਕਰਕੇ ਅਮਰੀਕਾ ਦੇ ਟੁਕੜਬੋਚ ਦਖਣੀ ਵੀਤਨਾਮੀ ਜਰਨੈਲਾਂ ਦੀਆਂ ਫੌਜਾਂ ਵਿਚੋਂ ਵਡੇ ਟੁਕੜੇ ਟੁਟ ਕੇ ਆਏ ਦਿਨ ਲੋਕ ਲੜਾਕਾ ਸੈਨਾ ਨਾਲ ਜਾ ਮਿਲਦੇ ਹਨ। ਆਪਣੇ ਦੱਖਣੀ ਵੀਤਨਾਮੀ ਭਰਾਵਾਂ ਦੀ ਇਸ ਭਾਵਨਾ ਤੋਂ ਵੀਤਨਾਮੀ ਲੜਾਕਿਆਂ ਨੂੰ ਜੰਗਵਿਚ ਜਿੱਤਣ ਦੀ ਆਸ ਨੂੰ ਬਲ ਮਿਲਦਾ ਹੈ।

ਪਰ ਹੁਣ ਵੀਤਨਾਮੀ ਲੜਾਕਿਆਂ ਦੀ ਮਦਦ ਉਤੇ ਇਕ ਹੋਰ ਮਹਾਨ ਸ਼ਕਤੀ ਉਠ ਰਹੀ ਹੈ। ਉਹ ਸ਼ਕਤੀ ਹੈ ਸੰਯੁਕਤ ਰਾਜ, ਅਮਰੀਕਾ, ਦੇ ਆਪਣੇ ਬੁਧੀਜੀਵੀ ਵਰਗ ਦੀ। ਅੱਜ ਸ਼ਾਇਦ ਸਾਡੇ ਦੇਸ ਦੀਆਂ ਖਬਰਾਂ ਪੁਚਾਣ ਵਾਲੀਆਂ ਏਜੰਸੀਆਂ ਇਸ ਉਠ ਰਹੀ ਸ਼ਕਤੀ ਦੀ ਮਹੱਤਤਾ ਨੂੰ ਨਹੀਂ ਸਮਝ ਰਹੀਆਂ। ਪਰ ਇਨ੍ਹਾਂ ਦੀ ਲਲਕਾਰ ਅੱਗੇ ਜਿਵੇਂ ਸੰਯੁਕਤ ਰਾਜ, ਅਮਰੀਕਾ, ਦੇ ਜਰਵਾਣੇ ਨੇਤਾਵਾਂ ਦੀਆਂ ਲੱਤਾਂ ਕੰਬ ਰਹੀਆਂ ਹਨ, ਉਨ੍ਹਾਂ ਦਾ ਸਬੂਤ ਛੇਤੀ ਹੀ ਮਿਲਨ ਵਾਲਾ ਹੈ।

ਸੰਯੁਕਤ ਰਾਜ ਅਮਰੀਕਾ ਵਿਚ ਬੁਧੀਜੀਵੀ ਵਰਗ ਦੀ ਬਹੁਤ ਵੱਡੀ ਮਹਾਨਤਾ ਹੈ। ਉਥੇ ਸਿਧੇ ਉਤਪਾਦਨ, ਖੇਤੀ, ਕਾਰਖਾਨਿਆਂ, ਖਾਣਾਂ, ਰੇਲਾਂ, ਪ੍ਰਵਾਹਕ ਸਾਧਨਾਂ, ਆਦਿ, ਉਤੇ ਵਸੋਂ ਦਾ ਕੇਵਲ ਅਠਾਰਾਂ ਫੀਸਦੀ ਲੋਕ ਲੱਗੇ ਹੋਏ ਹਨ। ਇਸ ਲਈ ਉਥੇ ਲੋਕ ਰਾਜ ਤੇ ਸਮਾਜਵਾਦ ਦੀਆਂ ਮੋਹਰਲੀਆਂ ਸ਼ਰੇਣੀਆਂ, ਕਾਰਖਾਨਿਆਂ ਤੇ ਖੇਤਾਂ ਦੇ ਮਜ਼ਦੂਰਾਂ ਦੀ ਸ਼ਕਤੀ ਪੂੰਜੀਪਤੀਆਂ ਦੀ ਸ਼ਕਤੀ ਨਾਲ ਨਹੁੰ ਲੈਣ ਜੋਗੀ ਨਹੀਂ। ਪਰ ਬੁਧੀਜੀਵੀ ਵਰਗ ਦਾ ਵਡਾ ਭਾਗ, ਕਲਰਕ, ਦੁਕਾਨਾਂ, ਆਦਿ, ਦੇ ਕਾਮੇ ਵੀ ਤਾਂ ਹਨ। ਤੇ ਉਨ੍ਹਾਂ ਦੀ ਅਗਵਾਈ ਬੁਧੀਜੀਵੀ ਵਰਗ ਦੇ ਮੋਹਰਲੇ ਭਾਗ, ਪਰੋਫੈਸਰ, ਟੀਚਰ, ਲੇਖਕ ਤੇ ਵਿਗਿਆਨਕ, ਆਦਿ ਹੀ ਕਰ ਸਕਦੇ ਹਨ। ਵਡੀ ਗੱਲ ਨਹੀਂ ਕਿ ਜੋ ਬੁਧੀਜੀਵੀ ਵਰਗ ਦੀ ਕ੍ਰਾਂਤੀ ਅੱਜ ਸੰਯੁਕਤ ਰਾਜ ਅਮਰੀਕਾ ਵਿਚ

ਵੀਤਨਾਮ, ਡੁਮਿਨਿਕਾ, ਆਦਿ, ਵਿਚ ਅਮਰੀਕੀ ਵਧੀਕੀਆਂ ਵਿਰੁਧ ਬੀਜਰੂਪ ਵਿਚ ਹੀ ਉਤਪੰਨ ਹੋਈ ਹੈ, ਥੋੜੇ ਚਿਰ ਵਿਚ ਇੱਕ ਵਡੀ ਸ਼ਕਤੀ ਬਣ ਜਾਵੇ ।

ਅਸਲ ਵਿਚ ਵੇਖਿਆ ਜਾਵੇ ਤਾਂ ਸੰਸਾਰ ਭਰ ਵਿੱਚ ਹੁਣ ਬੁਧੀਜੀਵੀ ਵਰਗ ਉਨ੍ਹੀਵੀਂ ਸਦੀ ਨਾਲੋਂ ਵਧੇਰੇ ਤਕੜਾ ਹੋ ਗਿਆ ਹੈ । ਨਾਲੇ ਅਠਾਰਵੀਂ ਤੇ ਉਨ੍ਹੀਵੀਂ ਸਦੀ ਵਿੱਚ ਪਛਮੀ ਯੂਰਪ ਵਿੱਚ ਹੋਏ ਲੋਕ ਹਿਤਕਾਰੀ ਅੰਦੋਲਨਾਂ ਨੇ, ਤੇ ਵੀਹਵੀਂ ਸਦੀ ਵਿਚ ਰੂਸ ਤੇ ਚੀਨ ਵਿਚ ਹੋਈਆਂ ਕਿਰਤੀ ਕਿਰਸਾਣ ਕ੍ਰਾਂਤੀਆਂ ਨੇ ਬੁਧੀਜੀਵੀ ਵਰਗ ਦੀ ਮਹਾਨਤਾ ਤੇ ਸ਼ਕਤੀ ਨੂੰ ਵਧਾ ਦਿਤਾ ਹੈ । ਹੁਣ ਇਸ ਲਈ ਕੇਵਲ ਕਿਰਸਾਣ ਸ਼੍ਰੇਣੀਆਂ ਨੂੰ ਸੇਧ ਦੇਣ ਦਾ ਹੀ ਨਹੀਂ, ਸਿਧੇ ਆਪ ਜਥੇਬੰਦ ਹੋ ਕੇ ਲੋਕ ਹਿਤਕਾਰੀ ਲੋਕਵਾਦੀ ਸੰਗਰਾਮਾਂ ਵਿਚ ਕੁਦ ਪੈਣ ਦਾ ਸਾਹਸ ਆ ਗਿਆ ਹੈ ।

ਭਾਰਤ ਵਿਚ ਬੁਧੀਜੀਵੀ ਵਰਗ ਹਾਲੀ ਪਦਾਰਥਕ ਤੇ ਆਤਮਕ ਦੋਹਾਂ ਪੱਖਾਂ ਤੋਂ ਕਮਜ਼ੋਰ ਹੈ । ਇਥੋਂ ਦਾ ਬੁਧੀਜੀਵੀ ਵਰਗ ਉਨ੍ਹੀਵੀਂ ਸਦੀ ਤਕ ਰਾਜਿਆਂ ਭੂਪਤੀਆਂ ਦਾ ਮੁਹਤਾਜ ਸੀ, ਤੇ ਅੰਗਰੇਜ਼ੀ ਰਾਜ ਵਿਚ ਪਹਿਲਾਂ ਅੰਗਰੇਜ਼ ਹਾਕਮਾਂ ਦਾ ਮੁਹਤਾਜ ਰਿਹਾ ਅਤੇ ਪਿਛੋਂ ਜਾ ਕੇ ਪੂੰਜੀਪਤੀ ਸ਼੍ਰੇਣੀ ਦੀ ਸਹਾਇਤਾ ਨਾਲ ਅੰਗਰੇਜ਼ੀ ਸਾਮਰਾਜ ਵਿਰੁਧ ਆਵਾਜ਼ ਉਠਾਉਣ ਜੋਗਾ ਹੋਇਆ । ਸੁਤੰਤਰਤਾ ਦੀ ਪਰਾਪਤੀ ਪਿਛੋਂ ਇਹ ਵਰਗ ਫਿਰ ਹਾਕਮ ਸ਼੍ਰੇਣੀ ਦਾ, ਜੋ ਭਾਰਤ ਵਿੱਚ ਇਸ ਸਮੇਂ ਪੂੰਜੀਵਾਦੀ ਸ਼੍ਰੇਣੀ ਹੈ, ਮੁਹਤਾਜ ਬਣਿਆ ਹੋਇਆ ਹੈ । ਸੁਤੰਤਰਤਾ ਦੇ ਪਿਛਲੇ 17—18 ਵਰ੍ਹਿਆਂ ਵਿਚ ਇਹ ਵੇਖਣ ਵਿਚ ਆਇਆ ਹੈ ਕਿ ਭਾਰਤੀ ਬੁਧੀਜੀਵੀ, ਪਰੋਫੈਸਰ, ਟੀਚਰ, ਲੇਖਕ, ਵਿਦਿਆਰਥੀ ਸਭਨਾਂ ਦਾ ਵਡਾ ਭਾਗ, ਇਸ ਝਾਕ ਵਿਚ ਕਿ ਇਸ ਨੂੰ ਰਾਜ-ਪ੍ਰਬੰਧ ਵਿਚ ਸੁਖਾਵੀਂ ਥਾਂ ਮਿਲ ਰਹੀ ਹੈ ਤੇ ਮਿਲੇਗੀ, ਸੋਚਣ ਵਿਚਾਰਨ ਦੀ ਉਹ ਸ਼ਕਤੀ ਗੰਵਾ ਬੈਠਾ ਹੈ, ਜੋ ਇਸਦਾ ਜੌਹਰ ਹੈ । ਜਿਸ ਢੰਗ ਨਾਲ ਵੀ ਭਾਰਤ ਦੀ ਪੂੰਜੀਵਾਦੀ ਰਾਜਾ ਸ਼੍ਰੇਣੀ ਨੇ ਅਮਰੀਕਾ, ਬਰਤਾਨੀਆਂ ਨਾਲ ਮਿਲੀਭੁਗਤ ਵਧਾਈ ਹੈ, ਅਤੇ ਗਵਾਂਢੀ ਦੇਸਾਂ ਨਾਲ ਦੁਸ਼ਮਣੀ, ਭਾਰਤੀ ਬੁਧੀਜੀਵੀ ਵਰਗ ਨੇ ਉਸ ਦੇ ਪਿਛੇ ਲਗ ਕੇ ਹੀ ਆਪਣੀ ਜੀਭ ਤੇ ਕਲਮ ਵਗਾਈ ਹੈ ।

ਅੱਜ ਕਲ ਵਿਦੇਸ ਨੀਤੀ ਸ਼ਾਇਦ ਪੁਰਾਣੇ ਸਮਿਆਂ ਨਾਲੋਂ ਵਧੇਰੇ ਮਹੱਤਾ ਰਖਦੀ ਹੈ, ਕਿਉਂਕਿ ਇਸ ਉਤੇ ਅਮਨ ਸ਼ਾਂਤੀ ਦਾ ਵਡਾ ਆਸਰਾ ਹੈ । ਪੂੰਜੀਵਾਦੀ ਰਾਜਾ ਸ਼੍ਰੇਣੀ ਜਦੋਂ ਦੇਸ ਦੇ ਅੰਦਰਲੇ ਕਲੇਸ਼ਾਂ ਨਾਲ ਨਿਬੜਨ ਤੋਂ ਅਸਮਰਥ ਹੋ ਜਾਂਦੀ ਹੈ, ਤਾਂ ਇਹ ਵਿਦੇਸਾਂ ਨਾਲ ਝਗੜੇ ਸਹੇੜ ਲੈਂਦੀ ਹੈ । ਇਨ੍ਹਾਂ ਝਗੜਿਆਂ ਦੇ ਵਧ ਜਾਣ ਨਾਲ ਦੋਹਾਂ ਧਿਰਾਂ, ਆਪਣਿਆਂ ਤੇ ਪਰਾਇਆਂ, ਤੋਂ ਕੁਝ ਵਧੀਕੀਆਂ ਹੋ ਜਾਂਦੀਆਂ ਹਨ । ਪਰ ਇਹ ਰਾਜਾ ਸ਼੍ਰੇਣੀ ਆਪਣੀਆਂ ਵਧੀਕੀਆਂ ਨੂੰ ਲੁਕਾਈ ਰਖਦੀ ਹੈ ਤੇ ਪਰਾਇਆਂ ਦੀਆਂ ਵਧੀਕੀਆਂ ਦੇ ਢੋਲ ਪਿਟਦੀ ਹੈ ।

ਬੁਧੀਜੀਵੀ ਵਰਗ ਦਾ ਭਾਗ ਹੈ ਇਨ੍ਹਾਂ ਦੇ ਇਨ੍ਹਾਂ ਢੋਲਾਂ ਦੇ ਪੋਲ ਨੂੰ ਵੇਖੇ । ਪਰ ਇਥੇ ਆ ਕੇ ਬੁਧੀਜੀਵੀ ਵਰਗ ਨੂੰ ਇਸ ਰਾਜਾ ਵਰਗ ਦੀ ਸ਼ਰਨ ਤਿਆਗਣੀ ਪੈਂਦੀ ਹੈ ਤੇ ਨਾਰਾਜ਼ਗੀ ਵੀ ਮੁਲ ਲੈਣੀ ਪੈਂਦੀ ਹੈ । ਭਾਰਤ ਦੇ ਬੁਧੀਜੀਵੀ ਵਰਗ ਵਿਚ ਅੱਜ ਇਹ ਸ਼ਕਤੀ ਵਿਖਾਈ ਨਹੀਂ ਦੇ ਰਹੀ । ਸਾਡੇ ਦੇਸ ਦੀ ਵਿਦੇਸ ਨੀਤੀ ਨੇ ਕਈ ਕਲੇਸ਼ ਉਤਪੰਨ ਕੀਤੇ ਹੋਏ ਹਨ । ਇਨ੍ਹਾਂ ਕਲੇਸ਼ਾਂ ਵਿਚ ਸਦਾ ਆਪਣਾ ਪੱਖ ਸਿਧ ਕਰੀ ਜਾਣ ਨਾਲ ਮਾਮਲੇ ਰਾਸ ਨਹੀਂ ਹੋਇਆ ਕਰਦੇ ।

ਅਜਿਹੇ ਸਮੇਂ ਬੁਧੀਜੀਵੀ ਵਰਗ ਦਾ ਕੰਮ ਹੈ, ਆਪਣੀ ਰਾਜਾ ਸ਼੍ਰੇਣੀ ਦੇ ਅੱਗੇ ਅਨੁਰੋਧ ਦੀ ਆਵਾਜ਼ ਉਠਾਵੇ ।

ਅਸਾਡੇ ਦੇਸ਼ ਵਿਚ ਬੁਧੀਜੀਵੀ ਵਰਗ ਵਲੋਂ ਇਹ ਆਵਾਜ਼ ਨਹੀਂ ਉਠ ਰਹੀ ।

ਪਰ ਅੰਦਰਲੇ ਹਾਲਾਤ ਕੁਝ ਅਜਿਹੇ ਵਿਗੜ ਰਹੇ ਹਨ, ਕਿ ਬੁਧੀਜੀਵੀ ਵਰਗ ਦੀ ਆਪਣੀ ਰਾਜਾ ਸ਼੍ਰੇਣੀ ਪਾਸੋਂ ਪ੍ਰਤਿਪਾਲਨਾ ਦੀ ਆਸ ਕਮਜ਼ੋਰ ਪੈ ਰਹੀ ਹੈ। ਦੇਸ਼ ਵਿਚ ਥਾਂ ਥਾਂ ਟੀਚਰਾਂ, ਕਲਰਕਾਂ, ਡਾਕਟਰਾਂ, ਆਦਿ, ਨੇ ਹੜਤਾਲਾਂ ਕੀਤੀਆਂ ਹਨ, ਪਰ ਉਨ੍ਹਾਂ ਦੇ ਮਾਮਲੇ ਹਲ ਨਹੀਂ ਹੋ ਰਹੇ ।

ਇਸ ਕਠਨਾਈ ਦਾ ਹੱਲ ਇਹ ਹੀ ਹੈ ਕਿ ਬੁਧੀਜੀਵੀ ਵਰਗ ਨੂੰ ਰਾਜ ਸੱਤਾ ਵਿੱਚ ਉਹ ਭਾਗ ਪ੍ਰਾਪਤ ਹੋਵੇ ਜੋ ਇਸ ਨੂੰ ਹੁਣ ਪ੍ਰਾਪਤ ਨਹੀਂ ।। ਪਿਛੇ ਜੇਹੇ ਜਦੋਂ ਪੰਜਾਬ ਸਰਕਾਰ ਨੇ ਮੈਨੂੰ ਸਨਮਾਨ ਦਿੱਤਾ ਸੀ ਤਾਂ ਉਸ ਸਮਾਗਮ ਵਿਚ ਮੈਂ ਆਖਿਆ ਸੀ ਕਿ ਸਾਡੀਆਂ ਸਰਕਾਰਾਂ ਤੋਂ ਸਾਡਾ ਬੁਧੀਜੀਵੀ ਵਰਗ ਕੁਝ ਵਧੇਰੇ ਹੀ ਉਦਾਸ ਤੇ ਨਿਰਾਸ਼ ਹੋ ਰਹਿਆ ਹੈ । ਤਾਂ ਸ: ਦਰਬਾਰਾ ਸਿੰਘ ਗ੍ਰਹਿ ਮੰਤਰੀ, ਨੇ ਉੱਤਰ ਦਿੱਤਾ ਸੀ ਕਿ ਅਸਾਡੇ ਲੋਕ-ਰਾਜ ਵਿਚ ਬੁਧੀਜੀਵੀ ਵਰਗ ਲਈ ਚੋਣਾਂ ਦਾ ਰਾਹ ਖੁਲ੍ਹਾ ਹੈ, ਉਹ ਇਸ ਵਿਚ ਦੂਜੀਆਂ ਸ਼੍ਰੇਣੀਆਂ ਦੇ ਨੇਤਾਵਾਂ ਨਾਲ ਦੋ ਹੱਥ ਕਰ ਲਿਆ ਕਰਨ । ਪਰ ਸਰਦਾਰ ਦਰਬਾਰਾ ਸਿੰਘ ਨੇ ਮੇਰੀ ਗੱਲ ਦਾ ਭਾਵ ਨਹੀਂ ਸਮਝਿਆ ਸੀ ਜੋ ਇਹ ਸੀ ਕਿ ਇਸ ਚੋਣ ਪ੍ਰਣਾਲੀ ਵਿਚ ਬੁਧੀਜੀਵੀ ਵਰਗ ਪਾਸ ਪੂੰਜੀਵਾਦੀ ਸ਼੍ਰੇਣੀ ਦੀਆਂ ਜਥੇਬੰਦੀਆਂ ਨਾਲ ਟੱਕਰ ਲੈਣ ਦੀ ਸ਼ਕਤੀ ਨਹੀਂ । ਉਹ ਇਸ ਢੰਗ ਨਾਲ ਰਾਜ-ਸੱਤਾ ਵਿਚ ਆਪਣਾ ਯੋਗ ਭਾਗ ਪ੍ਰਾਪਤ ਨਹੀਂ ਕਰ ਸਕਦਾ। ਉਸ ਨੂੰ ਰਾਜ ਸੱਤਾ ਵਿਚ ਯੋਗ ਭਾਗ ਕਿਵੇਂ ਪ੍ਰਾਪਤ ਹੋਏ, ਇਹ ਦੂਜਾ ਮਸਲਾ ਹੈ। ਪਹਿਲਾ ਮਸਲਾ ਇਹ ਹੈ ਕਿ ਕੀ ਬੁਧੀਜੀਵੀ ਵਰਗ ਨੂੰ ਰਾਜ ਸੱਤਾ ਵਿਚ ਕਿਸੇ ਵਿਸ਼ੇਸ਼ ਭਾਗ ਦੇ ਪ੍ਰਾਪਤ ਕਰਨ ਦੀ ਲੋੜ ਹੈ। ਇਸ ਉਤੇ ਮੈਂ ਆਪਣੇ ਹੋਰ ਵਿਚਾਰ ਕਦੀ ਅੱਗੇ ਚਲ ਕੇ ਦੇਵਾਂਗਾ ਤੇ, ਹੋਰ ਪਾਠਕ ਸਜਨਾਂ ਨੂੰ ਵੀ ਸੱਦਾ ਦਿੰਦਾ ਹਾਂ ਕਿ ਇਸ ਬਾਰੇ ਕੁਝ ਸੋਚਣ ਵਿਚਾਰਨ ਤੇ ਪ੍ਰਗਟ ਕਰਨ ।

●

ਪੁਸਤਕ ਉਂਝ ਤਾਂ ਬਹੁਤ ਸਾਧਾਰਨ ਚੀਜ਼ ਹੈ, ਪਰ ਇਹ ਦੁਨੀਆਂ ਦਾ ਸਭ ਤੋਂ ਵੱਡਾ ਤੇ ਰੋਚਿਕ ਚਮਤਕਾਰ ਹੈ। ਕਾਗਜ਼ ਦੇ ਇਹਨਾਂ ਟੋਟਿਆਂ ਤੋਂ, ਜਿਹਨਾਂ ਉਤੇ ਕਾਲੇ ਚਿੰਨ੍ਹ ਅੰਕਤ ਰਹਿੰਦੇ ਹਨ, ਕਦੇ ਸਾਡੀਆਂ ਅੱਖਾਂ ਸਿਜਲ ਹੋ ਜਾਂਦੀਆਂ ਹਨ। ਕਦੇ ਸਾਨੂੰ ਕਰੋਧ ਆਉਣ ਲਗਦਾ ਹੈ ਕਦੇ ਅਸੀਂ ਸੁਪਨੇ ਦੀ ਦੁਨੀਆਂ ਵਿਚ ਪੁਜ ਜਾਂਦੇ ਹਾਂ ਅਤੇ ਕਦੇ ਖਿੜ ਖੜਾ ਕੇ ਹਸਣ ਲਗਦੇ ਹਾਂ ।

ਮੈਕਸਿਮ ਗੋਰਕੀ

●

# ਦੇਸ ਭਗਤੀ

(ਇੱਕ ਦ੍ਰਿਸ਼ਟੀਕੋਣ)

ਆਤ੍ਰਾ. ਛਛਾ.

ਮਨ ਹੀ ਮਨ ਕਈ ਵਾਰੀ ਅਨੁਭਵ ਕੀਤਾ ਏ ਕਿ ਜਦੋਂ ਦੇਸ ਤੇ ਭੀੜ ਬਣੀ ਹੁੰਦੀ ਹੈ, ਸੰਕਟ ਦੀ ਸਮੱਸਿਆ ਆ ਬਣੀ ਹੁੰਦੀ ਏ, ਉਸ ਵੇਲੇ ਮੇਰੇ ਮਨ ਵਿਚ ਦੇਸ ਭਗਤੀ ਦੀਆਂ ਭਾਵਨਾਵਾਂ ਦੀ ਅਨਹੋਂਦ ਮੈਨੂੰ ਇਸ ਸੋਚ ਵਿਚ ਪਾ ਦੇਂਦੀ ਏ ਕਿ ਸ਼ਾਇਦ ਮੈਂ ਆਪਣੇ ਦੇਸ ਵਾਸੀਆਂ ਦੀ ਭਾਵਨਾ ਨਾਲ ਇਕਸੁਰ ਨਹੀਂ ਹਾਂ । ਕਈ ਵਾਰ ਇਹ ਸੋਚਕੇ ਆਪਣੇ ਆਪ ਨੂੰ ਦੋਸ਼ੀ ਸਮਝਣ ਲਗ ਪੈਂਦਾ ਹਾਂ। ਭਾਵੇਂ ਮੈਂ ਸੁਤੰਤਰਤਾ ਤੋਂ ਪਹਿਲਾਂ ਸੁਤੰਤਰਤਾ ਸੰਗਰਾਮ ਵਿਚ ਆਪਣੀ ਉਮਰ ਜਾਂ ਸੋਚ ਸਮਝ ਅਨੁਸਾਰ ਹਿੱਸਾ ਲੈਂਦਾ ਰਿਹਾ ਸਾਂ । ਮੇਰੇ ਪਿਤਾ ਜੀ ਸ਼ਹਿਰ ਦੇ ਕਾਂਗਰਸੀ ਨੇਤਾਵਾਂ ਵਿਚੋਂ ਸਨ । ਉਨ੍ਹਾਂ ਦੇ ਪ੍ਰਭਾਵ ਹੇਠਾਂ ਮੈਂ ਵੀ ਜੇ ਹੋਰ ਕੁਝ ਨਹੀਂ ਤਾਂ ਕਦੀ ਕਦਾਈਂ ਖੱਦਰ ਦੀ ਪਗੜੀ ਬੰਨ੍ਹਦਾ ਹੁੰਦਾ ਸਾਂ । ਇਹਨੂੰ ਬੰਨ੍ਹਣਾ ਦੂਜੀ ਪਗੜੀ ਨਾਲੋਂ ਸੁਖਾਲਾ ਵੀ ਲੱਗਦਾ ਸੀ । ਛੱਬੀ ਜਨਵਰੀ ਦੇ ਜਲੂਸ ਨਿਕਲਦੇ ਸਨ ਤਾਂ ਉਨ੍ਹਾਂ ਵਿਚ ਹਿਸਾ ਲੈਂਦਾ ਸਾਂ ਇਕ ਵਾਰੀ ਅਸਾਂ ਸਕੂਲ ਵਿਚ ਹੜਤਾਲ ਕੀਤੀ ਸੀ, ਨਾਹਰੇ ਲਾਏ ਸਨ । ਸਕੂਲ ਦੀਅ ਬਾਰੀਆਂ ਵਿਚੋਂ ਛਾਲਾਂ ਮਾਰ ਕੇ ਬਾਹਰ ਭੱਜ ਗਏ ਸਾਂ ਤੇ ਜਾ ਕੇ ਕਾਂਗਰਸ ਦੇ ਜਲੂਸ ਵਿ ਸ਼ਾਮਲ ਹੋ ਗਏ ਸਾਂ । ਪਿਤਾ ਜੀ ਕੋਲ ਪਈਆਂ ਦੇਸ ਭਗਤੀ ਦੀਆਂ ਪੁਸਤਕਾਂ ਪੜ੍ਹਦਾ ਹੁੰਦਾ ਸਾਂ ਇਨ੍ਹਾਂ ਪੁਸਤਕਾਂ ਵਿਚੋਂ ਕੁਝ ਅਜੇਹੀਆਂ ਵੀ ਹੁੰਦੀਆਂ ਸਨ ਜਿਹੜੀਆਂ ਸਰਕਾਰ ਵਲੋਂ ਵਰਜਤ ਚੁੱਕੀਆਂ ਹੁੰਦੀਆਂ । ਇਨ੍ਹਾਂ ਨੂੰ ਪੜ੍ਹ ਕੇ ਸਗੋਂ ਬਹੁਤਾ ਮਜ਼ਾ ਆਉਂਦਾ ਸੀ ਤੇ ਮੈਂ ਭਾਰਤ ਦ ਪੁਰਾਤਨ ਗੌਰਵਤਾ 'ਤੇ ਬੜਾ ਮਾਣ ਕਰਦਾ ਤੇ ਫੁੱਲਿਆ ਫਿਰਦਾ ।

ਪਰ ਅਜ ਕਲ੍ਹ ਜਦੋਂ ਕਈ ਲੋਕਾਂ ਨੂੰ ਦੇਸ ਭਗਤੀ ਦੇ ਨਾਹਰੇ ਲਾਂਦਿਆਂ ਸੁਣਦਾ ਹ ਝੱਗੋ ਝੱਗ ਹੋਏ ਲੀਡਰਾਂ ਜਾਂ ਵਰਕਰਾਂ ਨੂੰ ਕਿਸੇ ਗੁਆਂਢੀ ਦੇਸ ਵਿਰੁੱਧ ਬੋਲਦਾ ਸੁਣਦਾ ਹਾਂ ਮੈਂ ਬੜਾ ਅਛੋਹ ਜਿਹਾ ਹੋ ਕੇ ਮੋਨਾ-ਲੀਜ਼ੀਅਨ ਮੁਸਕਾਣ ਰਾਹੀਂ ਉਨ੍ਹਾਂ ਪ੍ਰਤੀ ਆਪਣਾ ਵਿਅ ਦਸਦਾ ਹੋਇਆ ਉਥੋਂ ਲੰਘ ਜਾਂਦਾ ਹਾਂ ।

ਵੰਡ ਪਿਛੋਂ ਜਦੋਂ ਘਰ ਬਾਹਰ ਛੱਡ ਕੇ ਅਸੀਂ ਏਧਰ ਆਏ ਸਾਂ ਤਾਂ ਪੁਰਾਣੇ ਸੁੱਖ ਸੁਰੱਖਿਆ ਦੀ ਅਣਹੋਂਦ ਭਾਵੇਂ ਮੈਨੂੰ ਸੁਚੇਤ ਰੂਪ ਵਿਚ ਨਹੀਂ ਸੀ ਅਨੁਭਵ ਹੁੰਦੀ ਪਰ ਫਿਰ ਮੈਂ ਉਸ ਸਮੇਂ ਦੀ ਸਾਰੀ ਅਵਸਥਾ ਰਾਹੀਂ ਉਪਜੇ ਵਾਤਾਵਰਨ ਵਿਚ ਮੁਸਲਮਾਨਾਂ ਵਿਰੁਧ ਬ

ਤਰਵੈ

ਤੀਖਣਤਾ ਨਾਲ ਸੋਚਣ ਲੱਗ ਪਿਆ ਸਾਂ। ਅੰਮ੍ਰਿਤਸਰ ਗੁਰੂ ਰਾਮ ਦਾਸ ਸਰਾਂ ਵਿਚ ਰਹਿੰਦਿਆਂ ਜਨ ਸੰਘੀਆ ਹੱਥੋਂ ਮੁਸਲਮਾਨਾਂ ਦੀ ਕਤਲ ਕੀਤੀ ਗੱਡੀ ਦਾ ਵੇਰਵਾ ਸੁਣਕੇ ਬੜਾ ਸੰਤੋਸ਼ ਹੁੰਦਾ ਸੀ। ਉਹੀ ਵੇਰਵਾ ਜਦੋਂ ਹੁਣ ਯਾਦ ਕਰਦਾ ਹਾਂ ਤਾਂ ਲੂੰ ਕੰਡੇ ਖੜੇ ਹੋ ਜਾਂਦੇ ਹਨ। ਇਕ ਘਟਨਾ ਮੈਨੂੰ ਹੁਣ ਤਕ ਕੰਬਾ ਦੇਂਦੀ ਹੈ ਕਿ ਕਿਵੇਂ ਜਨ ਸੰਘੀ ਸੁਇੰਮ ਸੇਵਕਾਂ (!)ਨੇ ਛੋਟੇ ਬੱਚਿਆਂ ਨੂੰ ਦੋਹਾਂ ਲੱਤਾਂ ਤੋਂ ਪਕੜ ਕੇ ਚੀਰ ਸੁਟਿਆ । ਇਹ ਬੱਚੇ ਪਾਕਿਸਤਾਨ ਬਨਾਣ ਵਿਚ ਕਿੰਨੇ ਕੁ ਸਹਾਈ ਹੋਏ ਹੋਣਗੇ, ਇਹ ਮੈਨੂੰ ਉਦੋਂ ਪਤਾ ਨਹੀਂ ਸੀ।

ਤੇ ਅਜ ਜਦੋਂ ਦੇਸ ਭਗਤਾਂ ਨੂੰ ਰਾਸ਼ਟਰੀਅਤਾ ਦਾ ਵਾਸਤਾ ਪਾ ਪਾ ਕੇ ਗੁਆਂਢੀ ਦੇਸਾਂ ਨੂੰ ਕੱਢੀਆਂ ਜਾਂਦੀਆਂ ਗਾਹਲਾਂ ਸੁਣਦਾ ਹਾਂ ਤਾਂ ਮੈਨੂੰ ਆਪਣੇ ਮਨ ਵਿਚ ਲਤਾਂ ਤੋਂ ਪਕੜ ਕੇ ਚੀਰੇ ਜਾਂਦੇ ਬੱਚਿਆਂ ਦੀ ਤਸਵੀਰ ਉਭਰਦੀ ਨਜ਼ਰ ਆਉਂਦੀ ਏ। ਪਤਾ ਨਹੀਂ ਇਹ ਦੇਸ ਭਗਤਾਂ ਨਾਲ ਜੁੜੀ ਮਾਣਸਕ ਤਸਵੀਰ ਮੇਰੇ ਮਨ ਵਿਚ ਉਸ ਵੇਲੇ ਪਈ ਗੰਢ ਦਾ ਕੋਈ ਬਚਿਆ ਅੰਸ਼ ਹੈ, ਜਦੋਂ ਪਾਕਿਸਤਾਨ ਬਣਨ ਪਿਛੋਂ ਮੈਂ ਵੀ ਉਸ ਦੇਸ ਵਿਰੁਧ ਸੋਚਣ ਲਗ ਪਿਆ ਸਾਂ। ਨਫ਼ਰਤ ਦੇ ਨਿੱਘ ਵਿਚ ਅਲਸਾਈ ਬੁੱਧੀ ਬੜਾ ਨਿਰਮੋਹ ਬਣਾਈ ਰਖਦੀ ਸੀ। ਮਹਾਤਮਾਂ ਗਾਂਧੀ ਦੇ ਦੁਆਏ ਪਾਕਿਸਤਾਨ ਨੂੰ 55 ਕਰੋੜ ਰੁਪੇ ਬਾਰੇ ਸੋਚ ਕੇ ਮੇਰੀ ਰਾਸ਼ਟਰੀ ਭਾਵਨਾ ਜਾਗ ਉੱਠਦੀ ਸੀ ਤੇ ਮੈਂ ਗਾਂਧੀ ਵਿਰੁੱਧ ਕਈ ਕੁਝ ਸੋਚ ਜਾਂਦਾ ਸਾਂ।

(ਭਾਵੇਂ ਜਿਸ ਦਿਨ ਸ਼ਾਮ ਨੂੰ ਮੇਰੇ ਫੁਫੜ ਜੀ ਨੇ ਸਾਨੂੰ ਗਾਂਧੀ ਦੇ ਕਤਲ ਦੀ ਸੂਚਨਾ ਸੁਣਾਈ ਉਸ ਵੇਲੇ ਮੇਰਾ ਮਨ ਇੰਝ ਬੈਠਣਾ ਸ਼ੁਰੂ ਹੋ ਗਿਆ ਸੀ ਜਿਵੇਂ ਕਦੀ ਸੁਫਨੇ ਵਿਚ ਮੈਂ ਕਿਸੇ ਖਾਈ ਵਿਚ ਡਿਗਦਾ ਹੋਇਆ ਮਹਿਸੂਸ ਕਰਦਾ ਸਾਂ। ਗਾਂਧੀ ਵਿਰੁਧ ਮਨ ਵਿਚ ਜੋ ਵਿਚਾਰ ਕਦੀ ਆਏ ਸਨ ਉਹ ਉਸ ਵੇਲੇ ਬਿਲਕੁਲ ਮਨ ਵਿਚੋਂ ਅਲੋਪ ਹੋ ਗਏ ਸਨ।)

ਸ਼ਾਇਦ ਪੰਜਾਬੀ ਆਜ਼ਾਦੀ ਮਿਲਣ ਵੇਲੇ ਅਜਿਹੀ ਅਵਸਥਾ ਵਿਚੋਂ ਲੰਘਿਆ ਸੀ ਕਿ ਦੇਸ ਭਗਤੀ ਦੀਆਂ ਭਾਵਨਾਵਾਂ ਦੇ ਲੱਛਣਾਂ ਵਿਚ ਘਿਰਣਾ ਦੀ ਬਹੁਤ ਸਾਰੀ ਮਾਤਰਾ ਰਲ-ਮਿਲ ਗਈ ਸੀ। ਪਰ ਇਹ ਵਿਚਾਰ ਤਾਂ ਹੀ ਠੀਕ ਸਮਝਿਆ ਜਾ ਸਕਦਾ ਹੈ ਜੇ ਪਿਛੋਂ ਏਸ ਘਿਰਣਾ ਦੀ ਮਾਤਰਾ ਘਟ ਗਈ ਹੋਵੇ ਜਾਂ ਅਲੋਪ ਹੋ ਗਈ ਹੋਵੇ। ਪਰ ਅਜੇਹਾ ਨਹੀਂ ਹੋਇਆ ਸਗੋਂ ਘਿਰਣਾ ਦੀ ਭਾਵਨਾ ਬਾਰ ਬਾਰ ਉੱਭਰਦੀ ਰਹੀ ਹੈ। ਜਾਂ ਉਭਾਰੀ ਜਾਂਦੀ ਰਹੀ ਹੈ। ਪ੍ਰਭਾਵ ਇਹ ਹੀ ਪੈਂਦਾ ਹੈ ਕਿ ਘਿਰਣਾਂ ਦੇਸ ਭਗਤੀ ਦਾ ਮੁੱਖ ਗੁਣ ਹੈ। ਸ਼ਾਇਦ ਘਿਰਣਾ ਦੇਸ ਭਗਤੀ ਦੀ ਸੰਚਾਲਨ ਸ਼ਕਤੀ ਹੈ। ਜੇਕਰ ਘਿਰਣਾ ਨਾ ਜਗਾਈ ਭੜਕਾਈ ਜਾਏ ਤਾਂ ਦੇਸ ਭਗਤੀ ਦੀ ਹੋਂਦ ਜਾਂ ਅਣਹੋਂਦ ਦਾ ਨਿਰਨਾ ਹੀ ਨਹੀਂ ਹੋ ਸਕਦਾ।

ਜਲੂਸ ਕਢਣ ਜਿਸ ਵਿਚ ਪੁਰਸ਼ ਤੇ ਇਸਤਰੀਆਂ ਝੱਗੋ ਝੱਗ ਨਾਹਰੇ ਲਾਂਦੇ ਹੋਏ। (ਜੇ ਏਸ ਕੰਮ ਲਈ ਇਸਤਰੀਆਂ ਤੇ ਉਹ ਵੀ ਜੇ ਕੁਝ ਬਣਦੀਆਂ ਫਬਦੀਆਂ ਹੋਣ, ਤਾਂ ਪ੍ਰਭਾਵ ਹੋਰ ਵੀ ਤੀਖਣ ਹੋ ਜਾਂਦਾ ਹੈ) ਗਲੇ ਬੈਠੇ ਹੋਏ, ਪਸੀਨੇ ਵਗਦੇ, ਡਿਗਦੇ, ਢਹਿੰਦੇ, ਗਲੀਆਂ ਬਜ਼ਾਰਾਂ ਵਿਚੋਂ ਲੰਘਦੇ ਹੋਣ ਤਾਂ ਇਹ ਦੇਸ ਭਗਤ ਅਖਵਾਉਂਦੇ ਹਨ।

ਮੈਨੂੰ ਉਹ ਦਿਨ ਯਾਦ ਆਉਂਦੇ ਨੇ ਜਦੋਂ ਵਿਦਿਆਰਥੀ ਹੁੰਦੇ ਹੋਏ ਅਸੀਂ ਵੀ ਏਸੇ ਤਰ੍ਹਾਂ ਕਰਦੇ ਹੁੰਦੇ ਸਾਂ। ਕੋਈ ਸਮੱਸਿਆ ਸੱਚੀ ਹੁੰਦੀ ਸੀ ਤੇ ਕੁਝ ਸਮੱਸਿਆਵਾਂ ਨੂੰ ਲਭ ਲਭਾ

ਕੇ ਉਨ੍ਹਾਂ ਦੇ ਨਾਲ ਜੋੜਿਆ ਜਾਂਦਾ ਸੀ ਤਾਂ ਜੋ ਵਿਦਿਆਰਥੀਆਂ ਦੇ ਚੌੜੇ ਤੋਂ ਚੌੜੇ ਖੇਤਰ ਨੂੰ ਪ੍ਰੇਰਿਆ ਜਾ ਸਕੇ, ਭੜਕਾਇਆ ਜਾ ਸਕੇ। ਤੇ ਕਈ ਵਾਰੀ ਕਿਸੇ ਪ੍ਰਾਂਤਕ ਸਮੱਸਿਆ ਨੂੰ ਵਧੇਰੇ ਪ੍ਰੇਰਨਾਸ਼ੀਲ ਬਨਾਣ ਲਈ ਸਥਾਨਕ ਸਮੱਸਿਆ ਦਾ ਸਹਾਰਾ ਲਿਆ ਜਾਂਦਾ ਸੀ। ਸ਼ਾਇਦ ਰਾਜ ਨੀਤੀ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਪਿਛੇ ਲਾ ਕੇ ਭੜਕਾ ਸਕਣਾ ਹੀ ਸਮਰੱਥਾ ਤੇ ਸਫਲਤਾ ਦੀ ਨਿਸ਼ਾਨੀ ਹੈ। ਸ਼ਾਇਦ ਜੇ ਅਜੇਹਾ ਨਾ ਕੀਤਾ ਜਾਵੇ ਤਾਂ ਲੋੜੀਂਦਾ ਪ੍ਰਭਾਵ ਹੀ ਨਾ ਪਵੇ।

ਏਸ ਵਾਸਤੇ ਆਪਣੇ ਏਸ ਅਨੁਭਵ ਨੂੰ ਯਾਦ ਕਰਕੇ ਇਉਂ ਮਹਿਸੂਸ ਹੁੰਦਾ ਹੈ ਕਿ ਦੇਸ ਭਗਤੀ ਦੇ ਇਹ ਢਕੋਂਸਲੇ ਉਨ੍ਹਾਂ ਨੱਥੀ ਕੀਤੀਆਂ ਸਥਾਨਕ ਸਮੱਸਿਆਵਾਂ ਵਰਗੇ ਸੰਦ ਹਨ ਜਿਨ੍ਹਾਂ ਨਾਲ ਸੁਆਰਥੀ ਰਾਜਨੀਤਕ ਉੱਲੂ ਸਿੱਧਾ ਕੀਤਾ ਜਾਂਦਾ ਹੈ। ਇਹ ਇਕ ਬਹਾਨਾ ਹੈ ਜਿਸ ਨਾਲ ਪਾਰਟੀ ਦਾ ਰਾਜਨੀਤਕ ਪ੍ਰੇਰਨਾ ਖੇਤਰ ਵਧੇਰੇ ਮੰਨਣ ਯੋਗ ਤੇ ਸਤਕਾਰ ਯੋਗ ਬਣਾਇਆ ਜਾ ਸਕਦਾ ਹੈ।

ਇਕੋ ਪਾਰਟੀ ਅਜੇਹਾ ਨਹੀਂ ਕਰਦੀ ਸਗੋਂ ਸੱਭ ਪਾਰਟੀਆਂ ਇਕ ਦੂਜੇ ਤੋਂ ਵਧ ਕੇ ਇਹ ਜਤਾਣ ਦਾ ਯਤਨ ਕਰਦੀਆਂ ਹਨ ਕਿ ਉਹ ਵਧੇਰੇ ਦੇਸ ਭਗਤ ਹਨ। ਇਹ ਯਤਨ ਮੁਕਾਬਲੇ ਦੀ ਦੌੜ ਬਣ ਜਾਂਦੀ ਹੈ ਤੇ ਕਈ ਅੰਤਰਰਾਸ਼ਟਰੀ ਵਿਚਾਰਾਂ ਵਾਲੀਆਂ ਪਾਰਟੀਆਂ ਵੀ ਏਸ ਚੱਕਰ-ਵਿਊ ਵਿਚ ਫਸ ਕੇ ਘੇਰੂ ਖੇਰੂ ਹੋ ਜਾਂਦੀਆਂ ਹਨ। ਉਹ ਦ੍ਰਿਸ਼ ਬਣਦਾ ਹੈ ਜਿਵੇਂ ਕਿਸੇ ਸਾਮੰਤ ਸ਼ਾਹੀ ਰਾਜੇ ਦੇ ਦਰਬਾਰੀ ਵੱਧ ਤੋਂ ਵੱਧ ਆਪਣੀ ਸੱਚੀ ਵਫ਼ਾਦਾਰੀ ਜਤਾਣ ਦਾ ਯਤਨ ਕਰਦੇ ਹੋਣ। ਇਕ ਦੂਜੇ ਨੂੰ ਪਛਾੜਣ ਦੇ ਯਤਨ ਵਿਚ ਕਈ ਵਾਰੀ ਇੱਕੋ ਗੁਟ ਦੇ ਦਰਬਾਰੀ ਆਪੋ ਵਿਚ ਸ਼ੰਕਾ ਕਰਨ ਲਗ ਪੈਂਦੇ ਹਨ, ਪਾਟ ਜਾਂਦੇ ਹਨ।

ਆਪਣੇ ਪ੍ਰਚਾਰਾਂ ਰਾਹੀਂ ਰਾਸ਼ਟਰੀ ਨੇਤਾ ਪਹਿਲਾਂ ਦੇਸ ਭਗਤੀ ਦੀ ਭਾਵਨਾ ਜਗਾਂਦ, ਉਭਾਰਦੇ, ਭੜਕਾਂਦੇ, ਦ੍ਰਿੜ ਕਰਵਾਂਦੇ ਹਨ ਅਤੇ ਪਿਛੋਂ ਜਦੋਂ ਇਹ ਵਿਚਾਰ ਲੋਕਾਂ ਲਈ ਇਕ ਸ਼ਕਤੀ ਸ਼ਾਲੀ ਸੰਚਾਲਨ ਸ਼ਕਤੀ ਬਣ ਜਾਂਦਾ ਹੈ ਤਾਂ ਇਸ ਨੂੰ ਵੱਧ ਤੋਂ ਵੱਧ ਐਕਸਪਲਾਇਟ ਕਰਨ ਦਾ ਯਤਨ ਕੀਤਾ ਜਾਂਦਾ ਹੈ।

"Exploitation of the Conditioned Countrymen is the pattern which is repeated.

ਆਮ ਜਨਤਾ ਨੂੰ ਅਮਲ ਦੀ ਗੁੜ੍ਹਤੀ ਰਾਹੀਂ ਨੱਕੋਂ ਫੜ ਕੇ ਮੋੜਿਆ ਤੋੜਿਆ ਜਾ ਸਕੇ। ਅਮਲੀ ਉਤਪੰਨ ਕੀਤੇ ਜਾਂਦੇ ਹਨ ਤੇ ਫੇਰ ਅਮਲ ਦੀ ਤੋਟ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਸਮੇਂ ਸਮੇਂ ਭੜਕਾ ਕੇ ਆਹਰੇ ਲਾ ਕੇ ਗਣਤੰਤਰਤਾ ਦਾ ਝੰਡਾ ਲਹਿਰਾਇਆ ਜਾਂਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਲੋਕਾਂ ਦੀ ਦੇਸ ਪ੍ਰਤੀ ਭਾਵਨਾ ਵੱਧ ਤੋਂ ਵੱਧ ਜਿੱਤਣ ਦਾ ਯਤਨ ਕੀਤਾ ਜਾਂਦਾ ਹੈ।"

ਇਸ ਗੱਲ ਨੂੰ ਗਣਤੰਤਰਤਾ ਦੀ ਮਹਾਨ ਕਰਾਮਾਤ ਕਰਕੇ ਝੂਠੀ ਫਲਾਹੁਣੀ ਵੀ ਦਿੱਤੀ ਜਾ ਸਕਦੀ ਹੈ ਕਿਉਂਕਿ ਜਿਹੜੇ ਲੋਕ ਇਸ ਤਰ੍ਹਾਂ ਕਹਿੰਦੇ ਹਨ, ਬਹੁਤੀ ਵਾਰੀ ਉਹ ਇਹ ਜਾਣਦੇ ਹੁੰਦੇ ਹਨ ਕਿ ਉਨ੍ਹਾਂ ਦਾ ਇਸ ਭਾਵਨਾ ਨੂੰ ਭੜਕਾਣਾ ਕਿੰਨਾ ਕੁ ਨਿਰੋਲ ਦੇਸ ਭਗਤੀ ਹੁੰਦੀ ਹੈ ਤੇ ਕਿੰਨੀ ਕੁ ਸੁਆਰਥੀ ਰਾਜਨੀਤੀ।

ਪਾਕਿਸਤਾਨ ਇਕ ਨਵਾਂ ਬਣਿਆ ਦੇਸ਼ ਹੈ। ਉਨ੍ਹਾਂ ਵਾਸਤੇ ਇਹ ਜ਼ਰੂਰੀ ਹੈ ਕਿ ਉਹ ਆਪਣੇ ਦੇਸ਼ ਵਾਸੀਆਂ ਦੇ ਮਨਾਂ ਵਿਚੋਂ ਇਹ ਭਾਵਨਾ ਕੱਢ ਸਕਣ ਕਿ ਕਦੀ ਉਹ ਇੱਕ ਵਡੇਰੇ ਦੇਸ਼ ਦਾ ਭਾਗ ਸਨ ਜਿਸ ਨਾਲ ਹੁਣ ਵੀ ਉਨ੍ਹਾਂ ਦਾ ਬਹੁਤ ਕੁਝ ਸਾਂਝਾ ਹੈ। ਸ਼ਾਇਦ ਜਰਮਨੀ ਦੇ ਮੁਕਾਬਲੇ ਤੇ ਅਸੀਂ ਇਸ ਲਈ ਇਸ ਗਲ ਨੂੰ ਜਲਦੀ ਵਿਸਰ ਗਏ ਹਾਂ ਕਿਉਂਕਿ ਜਰਮਨੀ ਦੀ ਵੰਡ ਵੀ ਏਨੀ ਨਜ਼ਰੀ ਨਾ ਆਵੇ ਜੇ ਬਰਲਿਨ ਸ਼ਹਿਰ ਦੀ ਵੰਡ ਇਸ ਵਖੇਵੇਂ ਦੀ ਭਾਵਨਾ ਨੂੰ ਬਹੁਤ ਤੀਖਣ ਰੂਪ ਨਾ ਦੇਂਦੀ ਹੋਵੇ। ਇਹ ਵੰਡ ਜਰਮਨਾਂ ਨੂੰ ਇਸ ਵੰਡ ਵਿਰੁਧ ਸੋਚਣ ਲਈ ਪ੍ਰੇਰਦੀ ਰਹਿੰਦੀ ਹੈ ਤੇ ਦ੍ਰਿੜ ਕਰਵਾਉਂਦੀ ਹੈ ਕਿ ਉਹ ਕਦੀ ਇਕੱਠੇ ਸਨ। ਜੇ ਸਾਡੇ ਵੀ ਲਾਹੌਰ ਜਾਂ ਅੰਮ੍ਰਿਤਸਰ ਸ਼ਹਿਰ ਵਿਚੋਂ ਇਹ ਸੀਮਾਂ ਲੰਘਦੀ ਹੁੰਦੀ ਤਾਂ ਸ਼ਾਇਦ ਪੰਜਾਬੀਆਂ ਦਾ ਇਕ ਦੂਜੇ ਨੂੰ ਵਿਸਰ ਜਾਣਾ ਏਨਾ ਸੰਪੂਰਨ ਨਾ ਹੁੰਦਾ। ਪਰ ਹੁਣ ਜੋ ਅਵਸਥਾ ਹੈ ਉਸ ਵਿਚ ਭੂਗੋਲਕ ਦਸ਼ਾ ਦੇ ਨਾਲ ਨਾਲ ਪਾਕਿਸਤਾਨ ਵਿਚ ਕੀਤੇ ਗਏ ਪਰਚਾਰ ਨੇ ਉਨ੍ਹਾਂ ਅੰਦਰ ਵਖਰੀ ਰਾਸ਼ਟਰੀਅਤਾ ਦੀ ਭਾਵਨਾ ਪੱਕੀ ਕਰ ਦਿਤੀ ਹੈ। ਇਸ ਅਵਸਥਾ ਵਿਚ ਉਨ੍ਹਾਂ ਦਾ ਘਿਰਨਾ ਨੂੰ ਦੇਸ਼ ਭਗਤੀ ਦਾ ਕੇਵਲ ਮਾਤਰ ਮਾਧਿਅਮ ਮੰਨ ਕੇ ਵਰਤਣਾ ਬੜਾ ਸੁਭਾਵਕ ਜਿਹਾ ਲਗਦਾ ਹੈ। "ਮੌਸੀ ਮਿਹਰੋ" ਜਾਂ "ਮਾਸੀ ਰਹਿਮੋ" ਉਨ੍ਹਾਂ ਦੀਆਂ ਅੰਦਰਲੀਆਂ ਵਿਰੋਧਤਾਈ ਵਿਰੁਧ ਤਰਲੇ ਹਨ। ਇਨ੍ਹਾਂ ਤਰਲਿਆਂ ਦੀ ਲੋੜ ਹੀ ਨਾ ਰਹੇ ਸ਼ਾਇਦ ਜੇ ਨਫਰਤ ਲਈ ਕੋਈ ਸਥਾਈ ਕੇਂਦਰ ਉਨ੍ਹਾਂ ਸਾਹਮਣੇ ਰਹੇ। ਪਾਕਿਸਤਾਨੀ ਨੇਤਾਵਾਂ ਨੇ ਭਾਰਤ ਨੂੰ ਘਿਰਨਾ ਪਾਤਰ ਚੁਣਿਆ ਹੈ ਜਿਵੇਂ ਅਜ ਅਸਾਂ ਚੀਨ ਨੂੰ ਬਣਾਇਆ ਹੈ।

ਪਰ ਅਸੀਂ ਤਾਂ ਕਿਸੇ ਇਕ ਪ੍ਰਵਾਹ ਵਿਚ ਚਲਦੇ ਆ ਰਹੇ ਦੇਸ਼ ਨਾਲੋਂ ਵਖ ਨਹੀਂ ਹੋਏ ਸਗੋਂ ਸਾਡਾ ਇਕ ਅੰਗ ਵਖ ਕੀਤਾ ਗਿਆ ਹੈ। ਅਸਾਂ ਤਾਂ ਸਮੁਚੇ ਦੇਸ਼ ਦੀ ਪ੍ਰੰਪਰਾ ਤੇ ਭਾਵਨਾ ਨੂੰ ਵਿਰਸੇ ਵਿਚ ਪ੍ਰਾਪਤ ਕੀਤਾ ਹੈ। ਅਸੀਂ ਵੀ ਵੱਖ ਵੱਖ ਪ੍ਰਾਂਤਾਂ ਦੀਆਂ ਆਪਸ ਵਿਚ ਚੁੰਜਾ ਲੜਦੀਆਂ ਵੇਖੀਆਂ ਹਨ ਪਰ ਹੈਰਾਨੀ ਦੀ ਗਲ ਹੈ ਕਿ ਅਸਾਂ ਵੀ ਘਿਰਨਾ ਨੂੰ ਹੀ ਅੰਤ੍ਰੀਵ ਏਕਤਾ ਪ੍ਰਾਪਤੀ ਦਾ ਸਾਧਨ ਮੰਨ ਲਿਆ ਹੈ। ਤੇ ਚੀਨ ਨਾਲ ਸੀਮਾਂ ਸਮੱਸਿਆ ਨੇ ਸਾਨੂੰ ਇਹ ਘਿਰਨਾ ਕੇਂਦਰ ਪ੍ਰਦਾਨ ਕਰ ਦਿੱਤਾ ਹੈ। ਸ਼ਾਇਦ ਦੇਸ਼ ਭਗਤੀ ਹੋਰ ਕੁਝ ਨਹੀਂ ਸਿਰਫ ਇਕ ਘਿਰਨਾ ਕੇਂਦਰ ਨੂੰ ਲੱਭ ਕੇ ਸਾਰੇ ਲੋਕਾਂ ਦਾ ਧਿਆਨ ਉਸ ਵਲ ਕੇਂਦਰਤ ਕਰਨਾ ਹੈ ਤਾਂ ਜੋ ਲੋਕ ਹੋਰ ਸਮੱਸਿਆਂ ਨੂੰ ਭੁਲ, ਜੋਸ਼ੀਲੇ ਨਾਹਰੇ ਲਾਂਦੇ ਹੋਏ ਆਪਣਾ ਸਾਰਾ ਗੁਸਾ ਕਿਸੇ ਦਿਸਦੇ, ਅਣ ਦਿਸਦੇ ਵਿਰੋਧੀ ਵਿਰੁਧ ਉਗਲ ਲੈਣ। ਰਾਜਨੀਤੀ ਏਸ ਗਲ ਦੀ ਮੰਗ ਕਰਦੀ ਹੈ ਕਿ ਦੇਸ਼ ਭਗਤੀ ਦੀ ਇਹ ਧਾਰਨਾ ਬਣੀ ਰਹੇ ਕਿਉਂਕਿ "ਜੋ ਹੈ ਸੋ ਠੀਕ ਹੈ" ਦੀ ਸਰਬੋਤਮ ਫਲ ਪ੍ਰਾਪਤੀ ਇਸੇ ਮਾਰਗ ਤੇ ਚਲਕੇ ਹੀ ਪ੍ਰਾਪਤ ਰਹਿ ਸਕਦੀ ਹੈ।

ਪਾਕਿਸਤਾਨ ਵਿਚ ਧਰਮ ਵੀ ਰਾਸ਼ਟਰੀਯਤਾ ਦੀ ਭਾਵਨਾ ਨੂੰ ਸ਼ਕਤੀਸ਼ਾਲੀ ਕਰਨ ਦਾ ਇਕ ਸਾਧਨ ਹੈ। ਇਹ ਉਹਨਾਂ ਲਈ ਜ਼ਰੂਰੀ ਹੈ ਕਿਉਂਕਿ ਧਾਰਮਕ ਆਧਾਰ ਤੇ ਸਥਾਪਨਾ ਉਹਨਾਂ ਲਈ ਇਸ ਗਲ ਨੂੰ ਜ਼ਰੂਰੀ ਬਣਾ ਦੇਂਦੀ ਹੈ। ਉਹਨਾਂ ਲਈ ਇਹ ਗਲ ਬੜੀ ਜ਼ਰੂਰੀ ਹੈ ਕਿ ਥੋੜੇ ਤੋਂ ਥੋੜੇ ਸਮੇਂ ਵਿਚ ਆਪਣੇ ਦੇਸਵਾਸੀਆਂ ਨੂੰ ਏਨੀ ਚੰਗੀ ਤਰ੍ਹਾਂ Condition ਕਰ ਦੇਣ ਤਾਂ ਜੋ ਉਥੋਂ ਦੇ ਰਾਜਨੀਤਕਾਂ ਨੂੰ ਏਸ ਭਾਵਨਾ ਨੂੰ ਲੋੜ ਅਨੁਸਾਰ ਵਰਤਣ ਦਾ ਅਵਸਰ

ਮਿਲ ਸਕੇ। ਇਸ ਲਈ ਜੇ ਉਹ ਉਥੋਂ ਘਟਗਿਣਤੀ ਦੇ ਲੋਕਾਂ ਨੂੰ ਕਢਦੇ ਹਨ ਤਾਂ ਏਸੇ ਲਈ ਕਿ ਸਮਾਂ ਉਹਨਾਂ ਕੋਲ ਥੋੜਾ ਹੈ ਤੇ ਘਟਗਿਣਤੀ ਦੇ ਲੋਕਾਂ ਦੀਆਂ ਰਾਜਨੀਤਕ ਪਾਲਸੀਆਂ ਨੂੰ ਉਨੇ ਵਿਸਵਾਸ਼ ਨਾਲ ਪਰਵਾਨ ਨਹੀਂ ਕਰਦੇ ਜਿੰਨਾ ਕਿ ਦੇਸ ਭਗਤਾਂ ਕੋਲੋਂ ਆਸ਼ਾ ਰਖੀ ਜਾਂਦੀ ਹੈ। ਚੋਣਾਂ ਵਿਚ ਹਾਕਮ ਪਾਰਟੀ ਨੂੰ (ਪੂਰਬੀ ਪਾਕਿ ਵਿਚ) ਬਹੁਤ ਵਿਰੋਧੀ ਵੋਟਾਂ ਦਾ ਸਾਹਮਣਾ ਏਸੇ ਲਈ ਕਰਨਾ ਪਿਆ ਕਿਉਂਕਿ ਘਟਗਿਣਤੀ ਦੇ ਲੋਕ ਉਹਨਾਂ ਦੀ ਆਪਣੀ ਬਣਾਈ ਰਾਜਨੀਤੀ ਦੀ ਵਿਉਂਤ ਵਿਚ ਥਾਂ ਸਿਰ ਨਹੀਂ ਢੁਕਦੇ ਤੇ ਲੋੜ ਅਨੁਸਾਰ ਉਚੇ ਨੀਵੇਂ ਮੰਤਵ ਲਈ ਵਰਤੋਂ ਵਿਚ ਨਹੀਂ ਲਿਆਏ ਜਾ ਸਕਦੇ।

ਭਾਰਤ ਦਾ ਸੁਤੰਤਰਤਾ ਸੰਗਰਾਮ ਦੇਸ ਭਗਤੀ ਦੀ ਭਾਵਨਾ ਨੂੰ ਦ੍ਰਿੜ ਕਰਾਉਣ ਦਾ ਇਤਿਹਾਸਕ ਕਾਰਨ ਸੀ। ਪਰ ਹਾਲਾਤ ਦੀ ਪਕੜ ਹਥੋਂ ਨਿਕਲਦੀ ਵੇਖ ਕੇ ਕਿਸੇ ਹੋਰ Stimulant ਦੀ ਲੋੜ ਚੀਨ ਨੇ ਪੂਰੀ ਕਰ ਦਿੱਤੀ ਹੈ। ਸਾਂਝੇ ਧਰਮ ਦੀ ਅਣਹੋਂਦ, ਕਿਸੇ ਰਾਸ਼ਟਰੀ ਉਭਾਰ ਦੀ ਸੁਤੰਤਰਤਾ ਪਿਛੋਂ ਅਲੋਪਤਾ ਸਾਡੀਆਂ ਅੰਦਰਲੀਆਂ ਵਿਰੋਧਤਾਈਆਂ ਨੂੰ ਵਧੇਰੇ ਤਿੱਖਾ ਕਰਦੀਆਂ ਹੋਈਆਂ ਨੇਤਾਵਾਂ ਨੂੰ ਚਿੰਤਾ ਲਾ ਰਹੀਆਂ ਸਨ। ਭਲਾ ਹੋਵੇ ਹਿੰਦ-ਚੀਨ ਸਰਹੱਦੀ ਝਗੜੇ ਦਾ ਜਿਸ ਨੇ ਇਹਨਾਂ ਨੇਤਾਵਾਂ ਨੂੰ ਦੁਬਧਾ ਵਿਚੋਂ ਕੱਢਿਆ ਤੇ ਉਹਨਾਂ ਦੇ ਜੀਵਨ ਉਦੇਸ਼ ਨੂੰ ਇਕ ਸੇਧ ਦਿੱਤੀ, ਸੰਚਾਲਕ ਸ਼ਕਤੀ ਬਖਸ਼ੀ।

●

ਅਸੀਂ ਵਸਤੂ ਤੇ ਰੂਪ ਵਿੱਚ ਇਕ ਸੁਰਤਾ ਦੀ ਮੰਗ ਕਰਦੇ ਹਾਂ। ਹੁਨਰੀ ਖ਼ੂਬੀ ਤੋਂ ਰਹਿਤ ਸਾਹਿੱਤ ਤੇ ਕਲਾ ਕਿਰਤਾਂ ਪਰਭਾਵ ਰਹਿਤ ਤੇ ਬੇਫਾਇਦਾ ਹਨ।

ਅਸੀਂ ਜਿੱਥੇ ਹਾਨੀਕਾਰਕ ਪ੍ਰਤੀਗਰਮੀ ਵਸਤੂ ਵਾਲੇ ਸਾਹਿੱਤ ਤੇ ਹੁਨਰ ਦੀ ਨਿਖੇਧੀ ਕਰਦੇ ਹਾਂ ਉਥੇ ਇਸ਼ਤਿਹਾਰੀ ਨਾਅਰੇਬਾਜ਼ੀ ਵਾਲੇ ਢੰਗ ਦੀਆਂ ਕਿਰਤਾਂ ਦੀ ਵੀ ਨਿੰਦਿਆ ਕਰਦੇ ਹਾਂ। ਸਾਹਿੱਤ ਤੇ ਕਲਾ ਦੇ ਪਿੜ ਵਿੱਚ ਇਹ ਦੋ ਮੋਰਚੇ ਹਨ, ਜਿਹਨਾਂ ਉਤੇ ਸਾਨੂੰ ਲੜਨਾ ਪੈਣਾ ਹੈ।

ਮਾਉ-ਜ਼ੇ-ਤੁੰਗ

●

# ਕਲਾਕਾਰ ਤੇ ਅੱਗੇ ਵਧੂ ਸਮਾਜਿਕ ਪ੍ਰਬੰਧ

ਫ਼ੈਜ਼ ਅਹਿਮਦ ਫ਼ੈਜ਼

ਸਭ ਤੋਂ ਪਹਿਲਾਂ ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਇਕ ਸਿਰਜਨਾਤਮਕ ਕਲਾਕਾਰ, ਚਾਹੇ ਉਹ ਕੁਝ ਵੀ ਹੋਵੇ, ਇਕ ਹਨੇਰ ਦਾ ਸਪਾਹੀ, ਪਖੰਡੀ ਤੇ ਬੁਜ਼ਦਿਲ ਨਹੀਂ ਹੁੰਦਾ। ਸਾਨੂੰ ਇਹ ਵੀ ਮੰਨ ਲੈਣਾ ਚਾਹੀਦਾ ਹੈ ਕਿ ਇਸ ਨੂੰ ਇਸ ਸਚਾਈ ਦਾ ਗਿਆਨ ਹੋਵੇਗਾ ਉਹ ਨਾ ਤਾਂ ਉਸ ਨੂੰ ਸਸਤੇ ਭਾਅ ਵੇਚੇਗਾ ਤੇ ਨਾ ਹੀ ਕਿਸੇ ਦੇ ਭੈ ਨਾਲ ਇਸ ਤੇ ਪਰਦਾ ਪਾਵੇਗਾ। ਇਹ ਸੱਚ ਹੀ ਉਸ ਦੇ ਜੀਵਨ ਦੀ ਦੇਣ ਹੈ ਤੇ ਉਸ ਦੀ ਕਲਾ ਦਾ ਪ੍ਰਤੀਬਿੰਬ। ਅਸੀਂ ਇਸ ਸਮੇਂ ਕਲਾਕਾਰ ਦੇ ਨਿਜੀ ਚਰਿਤਰ ਦਾ ਜ਼ਿਕਰ ਨਹੀਂ ਕਰ ਰਹੇ (ਹਾਲਾਂ ਕਿ ਇਸ ਦੀ ਵੀ ਮਹੱਤਤਾ ਹੈ) ਸਗੋਂ ਸਦਾਚਾਰ ਦਾ ਵਰਨਣ ਕਰ ਰਹੇ ਹਾਂ, ਜੋ ਉਸ ਦੀ ਕਲਾ ਉਤੇ ਲਾਗੂ ਹੈ, ਉਸ ਸਦਾਚਾਰ ਦਾ; ਜੋ ਉਸਦੇ ਸੁਹਜ ਦੀਆਂ ਕਦਰਾਂ ਦਾ ਤੱਤ ਹੈ।

ਇਹ ਸੱਚ ਕੀ ਹੈ ਤੇ ਇਸ ਦੇ ਦਰੁਸਤ ਜਾਂ ਗਲਤ ਹੋਣ ਦਾ ਕੀ ਪੈਮਾਨਾ ਹੈ? ਇੱਕ ਕਲਾਕਾਰ ਜੀਵਨ ਮਾਰਗ ਦੇ ਤਿੰਨ ਸਮਕੇਂਦਰਤ ਘੇਰਿਆਂ ਵਿਚੋਂ ਦੀ ਵਿਚਰਦਾ ਹੈ। ਪਹਿਲਾ ਘੇਰਾ ਉਸ ਦੇ ਆਪਣੀ ਪਦਾਰਥਕ ਤੇ ਅੰਤਰਮੁਖੀ ਵਿਅਕਤੀਤੱਵ ਦਾ ਹੈ। ਦੂਜਾ ਘੇਰਾ ਉਸ ਦੀ ਬਰਾਦਰੀ ਤੇ ਉਸ ਦੀ ਕੌਮ ਦਾ ਹੈ। ਅਤੇ ਤੀਜਾ ਘੇਰਾ ਮਨੁਖਤਾ ਦੇ ਉਸ ਦੌਰ ਦਾ ਹੈ, ਜਿਸ ਵਿੱਚ ਉਹ ਰਹਿੰਦਾ ਹੈ।

ਸਮੇਂ ਦੇ ਇਹ ਤਿੰਨ ਪੜਾ ਭੂਤ, ਵਰਤਮਾਨ ਤੇ ਭਵਿਸ਼ ਹਨ। ਜੀਵਨ ਦੇ ਤਿੰਨ ਘੇਰੇ ਹੀ ਉਹ ਸਚਾਈ ਹਨ ਜਿਸ ਦੀ ਹੋਂਦ ਕਲਾਕਾਰ ਲਈ ਮਹਾਨਤਾ ਰਖਦੀ ਹੈ। ਇਹ ਹਕੀਕਤ ਤੇ ਸਚਾਈ ਕਲਾਕਾਰ ਤੇ ਉਸ ਦੇ ਪਾਠਕਾਂ, ਦਰਸ਼ਕਾਂ ਤੇ ਸਰੋਤਿਆਂ ਸਭ ਦੇ ਸਾਹਮਣੇ ਉਜਾਗਰ ਹੈ। ਪਰ ਕਲਾਕਾਰ ਇਸ ਸਚਾਈ ਤੋਂ ਕਿਸ ਹਦ ਤਕ ਪ੍ਰਭਾਵਤ ਹੈ। ਇਸ ਦਾ ਮਾਪ ਇਹੀ ਹੈ ਕਿ ਉਸ ਨੇ ਹਕੀਕਤ ਤੇ ਸੱਚ ਦਾ ਚਿਤਰਨ ਆਪਣੀ ਕਲਾ ਵਿਚ ਕਿਸ ਹੱਦ ਤਕ ਕੀਤਾ ਹੈ। ਸੱਚ ਤੇ ਹਕੀਕਤ ਦਾ ਇਹ ਅਨੁਭਵ ਕਲਾਕਾਰ ਅੱਗੇ ਕਈ ਰੂਪਾਂ ਵਿਚ ਪੇਸ਼ ਆਉਂਦਾ ਹੈ। ਕਦੇ ਇਹ ਵਸਤੂਆਂ ਤੇ ਉਹਨਾਂ ਦੇ ਪ੍ਰਸਪਰ ਸਬੰਧਾਂ ਦੀ ਸੂਰਤ ਵਿਚ ਦਾਖਲ ਹੁੰਦਾ ਹੈ। ਕਦੇ ਇਤਿਹਾਸਕ ਘਟਨਾਵਾਂ ਦੇ ਰੂਪ ਵਿਚ ਉਜਾਗਰ ਹੁੰਦਾ ਹੈ, ਅਤੇ ਕਦੇ ਵਿਕਾਸ਼ ਤੇ ਵਿਕਾਸ਼ ਦੀ ਖਿੱਚ ਵਿਚ ਪਰਗਟ ਹੁੰਦਾ ਹੈ। ਕਦੇ ਵਿਰੋਧਾਂ ਟੱਕਰਾਂ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਕਦੇ ਤਕਰੀਰ ਦੇ ਰੂਪ ਵਿਚ ਆਉਂਦਾ ਹੈ। ਕਦੇ ਇਸ ਵਿਚ ਸੁਮੇਲ ਹੁੰਦਾ ਹੈ ਤੇ ਕਦੇ ਵਿਛੋੜਾ। ਇਸ ਤਰ੍ਹਾਂ ਦੀ ਇਸ ਕਲਾ ਮਈ ਸੂਝ ਨਾਲ ਵਸਤੂਆਂ ਤੇ ਉਹਨਾਂ ਦੇ ਪਰਸਪਰ ਸਬੰਧਾਂ ਦੇ ਮੂਲ ਵੀ ਨਿਸਚਤ ਹੋ

ਜਾਂਦੇ ਹਨ।

ਕਲਾਕਾਰ ਖੁਦ ਵੀ ਆਪਣੇ ਚੁਗਿਰਦੇ ਦੀਆਂ ਹਕੀਕਤਾਂ ਉਤੇ ਪ੍ਰਭਾਵ ਪਾਉਂਦਾ ਹੈ। ਇਸ ਪ੍ਰਭਾਵ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾਂਦਾ ਹੈ ਕਿ ਕਲਾਕਾਰ ਦੇ ਆਪਣੀ ਕਲਾ ਦੇ ਰਾਹੀਂ ਯਥਾਰਥ ਦੇ ਅਨੁਭਵ ਨੂੰ ਆਪਣੇ ਸਰੋਤਿਆਂ ਪਾਠਕਾਂ ਆਦਿ ਤੱਕ ਕਿਸ ਹੱਦ ਤੱਕ ਪੁਚਾਇਆ ਹੈ। ਇਸ ਅਨੁਭਵ ਨੂੰ ਕਲਾ ਰਾਹੀਂ ਸਰੋਤਿਆਂ, ਦਰਸ਼ਕਾਂ, ਪਾਠਕਾਂ ਤਕ ਪੁਚਾਉਣ ਨਾਲ ਉਹ ਪ੍ਰਭਾਵ ਲੈਂਦੇ ਹਨ ਅਤੇ ਉਹਨਾਂ ਵਿਚ ਤਬਦੀਲੀਆਂ ਪੈਦਾ ਹੁੰਦੀਆਂ ਹਨ। ਜਦ ਪਾਠਕਾਂ ਦੇ ਦਿਮਾਗ ਵਿੱਚ ਤਬਦੀਲੀਆਂ ਆਉਂਦੀਆਂ ਹਨ ਤਾਂ ਉਹ ਆਪਣੀ ਸਭਿਅਤਾ ਤੇ ਸਮਾਜ ਦੇ ਯਥਾਰਥ ਬਾਰੇ ਉਹਨਾਂ ਦੇ ਦ੍ਰਿਸ਼ਟੀਕੋਣ ਤੇ ਰੁਝਾਨਾਂ ਵਿੱਚ ਵੀ ਤਬਦੀਲੀ ਲਿਆਉਂਦੇ ਹਨ ਤੇ ਸਿੱਟੇ ਵਜੋਂ ਉਹਨਾਂ ਦੇ ਚੁਗਿਰਦੇ ਦੀਆਂ ਸਮਾਜੀ ਹਕੀਕਤਾਂ ਤੇ ਉਹਨਾਂ ਦੇ ਸਬੰਧਾਂ ਵਿੱਚ ਵੀ ਤਬਦੀਲੀਆਂ ਆ ਜਾਂਦੀਆਂ ਹਨ।

ਸਮਾਜੀ ਹਕੀਕਤਾਂ ਤੇ ਮਨੁਖ ਦੇ ਪਰਸਪਰ ਰਿਸ਼ਤੇ ਵਿੱਚ ਤਬਦੀਲੀ ਦਾ ਸਿੱਟਾ ਇਹ ਹੁੰਦਾ ਹੈ ਕਿ ਉਹ ਹਕੀਕਤ ਵੀ ਬਦਲ ਜਾਂਦੀ ਹੈ ਜਿਸ ਦਾ ਅਨੁਭਵ ਤੇ ਜਿਸਦੀ ਪਛਾਣ ਕਲਾਕਾਰ ਦੂਜਿਆਂ ਕੋਲ ਪੁਚਾਂਦਾ ਹੈ। ਸਿੱਟੇ ਵਜੋਂ ਜਦ ਵੀ ਸੂਖ਼ਸ਼ਟਤਮ ਕਲਾ ਦੀ ਰਚਨਾ ਹੁੰਦੀ ਹੈ, ਉਸਦੇ ਨਾਲ ਨਾਲ ਇਕ ਨਵੀਂ ਦੁਨੀਆਂ ਤੇ ਨਵੀਂ ਹਕੀਕਤ ਵੀ ਜਨਮ ਧਾਰਦੀ ਹੈ। ਇਕ ਮਹਾਨ ਕਲਾਕਾਰ ਦੀ ਰਚਨਾ ਦਾ ਇਹੀ ਕਰਤਵ ਹੈ।

ਦਰੁਸਤ ਅਰਥਾਂ ਵਿਚ ਇਕ ਸਿਰਜਨਾਤਮਕ ਕਲਾਕਾਰ ਦਾ ਫਰਜ਼ ਇਹ ਹੈ ਕਿ ਉਹ ਆਪਣੀ ਕਲਾ ਦੀਆਂ ਹੱਦਾਂ ਵਿਚ ਆਪਣੇ ਵਿਅਕਤਤਵ, ਆਪਣੀ ਕੌਮ, ਆਪਣੇ ਸਮੇਂ ਦੇ ਭੂਤ, ਵਰਤਮਾਨ ਤੇ ਭਵਿਸ਼ ਨੂੰ ਜਾਣ ਸਕੇ ਤੇ ਮਹਿਸੂਸ ਕਰ ਸਕੇ ਅਤੇ ਇਸ ਤੋਂ ਪਿਛੋਂ ਆਪਣੇ ਗਿਆਨ ਤੇ ਅਹਿਸਾਸਾਂ ਦਾ ਮੁੱਲ ਨੀਅਤ ਕਰੇ, ਅਤੇ ਇਸ ਦੀ ਸਿਰਜਣਾ ਤੇ ਚਿਤਰਨ ਕਰੇ।

ਇਸ ਪਿਛੋਕੜ ਵਿਚ ਏਸ਼ੀਆ ਤੇ ਅਫਰੀਕਾ ਦੇ ਸਿਰਜਣਾਤਮਕ ਕਲਾਕਾਰਾਂ ਦੇ ਗਿਆਨ ਅਤੇ ਇਸ ਦੇ ਮੁੱਲ ਨੀਅਤ ਕਰਨ ਦਾ ਕੀ ਅਰਥ ਹੋਣਾ ਚਾਹੀਦਾ ਹੈ? ਸਭ ਤੋਂ ਪਹਿਲਾਂ ਇਹ ਕਿ ਉਸ ਨੂੰ ਭੂਤ ਦਾ ਗਿਆਨ ਹੋਣਾ ਚਾਹੀਦਾ ਹੈ। ਭੂਤ ਤੋਂ ਕੇਵਲ ਇਹੀ ਕਾਫੀ ਨਹੀਂ ਕਿ ਉਹ ਕੇਵਲ ਨੇੜਲੇ ਭੂਤ ਤੋਂ ਜਾਣੂ ਹੋਵੇ. ਜਿਸ ਵਿਚ ਕਿ ਉਸ ਦਾ ਦੇਸ ਸਾਮਰਾਜੀਅਤ ਤੇ ਬਸਤੀਵਾਦ ਦੀ ਗੁਲਾਮੀ ਦੀ ਲਾਹਣਤ ਦਾ ਸ਼ਿਕਾਰ ਰਿਹਾ ਹੈ। ਇਹ ਦੌਰ ਸਭ ਤੋਂ ਨੇੜੇ ਹੋਣ ਕਾਰਨ ਵਰਤ-ਮਾਨ ਲਈ ਸਭ ਤੋਂ ਮਹੱਤਵਪੂਰਨ ਹੈ, ਪਰ ਕੇਵਲ ਨੇੜਲੇ ਭੂਤ ਤੋਂ ਜਾਣੂ ਹੋਣਾ ਕਾਫੀ ਨਹੀਂ ਕਲਾਕਾਰ ਨੂੰ ਉਸ ਪਰਾਚੀਨ ਭੂਤ ਤੋਂ ਵੀ ਜਾਣੂ ਹੋਣਾ ਚਾਹੀਦਾ ਹੈ ਜਿਸ ਵਿਚ ਖੂਨ, ਦੌਲਤ, ਰਾਜਸੀ ਜਲੌ, ਸਭ ਕੁਝ ਹੀ ਸੀ ਅਤੇ ਫੇਰ ਉਹ ਬੰਸਰੀ ਤੇ ਹਲ ਦਾ ਭੂਤ, ਮਿੱਟੀ ਤੇ ਪੱਥਰ ਦਾ ਭੂਤ ਵੀ, ਅਤੇ ਇਸ ਤੋਂ ਉਪਰੰਤ ਦੁਨੀਆਂ ਵਿਚ ਜੀਵਨ ਦੇ ਮੁਢਲੇ ਦੌਰ ਦਾ ਉਹ ਪਰਾਚੀਨ ਸਮਾਂ ਜਦ ਮੁਟਿਆਰ ਧਰਤੀ ਦੇ ਜਿਸਮ ਨੂੰ ਪਹਿਲੀ ਵਾਰ ਨੰਗਾ ਕੀਤਾ ਗਿਆ ਸੀ।

ਅਤੇ ਫਿਰ ਵਰਤਮਾਨ ਜਿਸ ਵਿਚ ਉਮੀਦਾਂ ਹਨ, ਬੇਉਮੀਦੀਆਂ ਵੀ, ਜਿਸ ਵਿਚ ਸਫਲ-ਤਾਵਾਂ ਵੀ ਤੇ ਅਸਫਲਤਾਵਾਂ ਵੀ, ਆਸ਼ਾਵਾਂ ਵੀ ਹਨ ਤੇ ਤਲਖ ਹਕੀਕਤਾਂ ਵੀ, ਨਵੀਆਂ ਆਜ਼ਾਦੀਆਂ ਵੀ ਹਨ ਤੇ ਨਵੇਂ ਜ਼ੁਲਮ ਵੀ।

ਅਤੇ ਅੰਤ ਵਿਚ ਭਵਿਸ਼ ਅਜਿਹਾ ਭਵਿਸ਼ ਜਿ ਸਦਾ ਘੇਰਾ ਖੁਦ ਕਲਾਕਾਰ ਨੇ ਕਲਪਿਆ ਹੈ। ਜੇ ਕਲਾਕਾਰ ਦੀ ਕਲਪਣਾ ਥੋੜੀ ਹੈ ਤਾਂ ਇਹ ਧਰਤੀ ਇਕ ਛੋਟੀ, ਘਟੀਆ ਜਿਹੀ ਹਕੀਕਤ ਹੋ ਕੇ ਰਹਿ ਜਾਵੇਗੀ। ਪ੍ਰੰਤੂ ਜੇ ਕਲਪਣਾ ਵਿਚ ਵਿਸ਼ਾਲਤਾ ਹੋਵੇ ਤਾਂ ਇਹੀ ਧਰਤੀ ਬ੍ਰਹਿਮੰਡ ਦੇ ਸਾਰੇ ਪਸਾਰ ਵਿਚ ਨਾ ਸਮਾ ਸਕੇਗੀ। ਇਹੀ ਕੈਫ਼ੀਅਤ ਕਲਾਕਾਰ ਦੇ ਵਿਅਕਤਿੱਵ ਦੇ ਤਿੰਨਾਂ ਘੇਰਿਆਂ ਦੀ ਹੈ। ਇਹੀ ਕਲਾਕਾਰ ਆਪਣੇ ਸ੍ਰਿਸ਼ਟੀ ਗਿਆਨ ਦੀ ਹੱਦਾਂ ਵਿੱਚ ਹੀ ਕੈਦ ਹੋ ਜਾਵੇ ਅਤੇ ਆਪਣੇ ਬਿਮਾਰ ਅੰਤਰੀਵ ਦੇ ਦਰਦ ਨੂੰ ਭੁਲਾਣ ਦਾ ਪ੍ਰਯਤਨ ਕਰੇ ਅਤੇ ਇਹ ਵੀ ਹੋ ਸਕਦਾ ਹੈ ਕਿ ਉਹ ਆਪਣੇ ਸੀਮਤ ਮਾਹੌਲ ਦੀਆਂ ਘਟਨਾਵਾਂ ਦੀਆਂ ਹੱਦਾਂ ਤੋਂ ਉੱਚਾ ਉਠ ਜਾਵੇ।

ਪ੍ਰੰਤੂ ਕਲਾਕਾਰ ਦੀ ਕਲਪਣਾ ਵੀ ਉਸ ਸਮੇਂ ਤਕ ਨਿਰਾਰਥਕ ਅਤੇ ਬੇਮੁੱਲ ਰਹੇਗੀ। ਜਦ ਤਕ ਕਲਾਕਾਰ ਇਸ ਦਾ ਅਧਿਅਨ ਇਸ ਦੇ ਅਸਲੀ ਕਾਰਨਾ ਤੇ ਸਿੱਟਿਆਂ ਦੁਨੀਆਗੀਰ ਸਭਿਅਤਾ ਦੀ ਤੌਰ ਸਾਮਰਾਜੀਅਤ, ਨੌਆਬਾਦੀਅਤ ਤੇ ਲੁਟ ਖਸੁੱਟ ਦੇ ਪਿਛੋਕੜ ਵਿਚ ਨਾ ਕਰੇ ਅਤੇ ਇਹ ਵੀ ਹੋ ਸਕਦਾ ਹੈ ਕਿ ਇਸ ਯਤਨ ਵਿਚ ਕਲਾਕਾਰ ਕਲਾ ਦੇ ਆਖਰੀ ਪੜਾਅ ਤੇ ਪਹੁੰਚ ਜਾਵੇ ਅਤੇ ਚੁਗਿਰਦੇ ਦੀਆਂ ਹਕੀਕਤਾਂ ਅਤੇ ਵਿਰੋਧਤਾਈਆਂ ਨੂੰ ਇਕ ਵਿਸ਼ਾਲ ਦ੍ਰਿਸ਼ਟੀਕੋਣ ਤੋਂ ਵੇਖੇ ਅਤੇ ਆਪਣੇ ਨਿਜੀ ਦੁਖ ਨੂੰ ਆਪਣੀ ਕੌਮ ਦੇ ਦੁਖਾਂ ਵਿਚ ਸਮੋ ਦੇਵੇ ਅਤੇ ਕੌਮ ਦੇ ਦੁਖਾਂ ਨੂੰ ਇਸ ਦੌਰ ਦੇ ਸਮੁਚੇ ਦੁਖਾਂ ਦੇ ਇਸ ਵਿਸ਼ਾਲ ਤਸੱਵਰ ਵਿਚ ਸਮੋ ਦੇਵੇ, ਜਿਸ ਵਿਚ ਜ਼ੁਲਮ ਵੀ ਹਨ ਅਤੇ ਬਗਾਵਤਾਂ ਵੀ, ਤਰ੍ਹਾਂ ਤਰ੍ਹਾਂ ਦੇ ਜ਼ਬਰ ਅਤੇ ਲੁਟ ਖਸੁਟ ਵੀ ਹੈ ਅਤੇ ਇਨਸਾਫ਼ ਦਾ ਖੂਨ ਵੀ ਅਤੇ ਇਸੇ ਦੇ ਨਾਲ ਨਾਲ ਅਨਿਆ ਨੂੰ ਖਤਮ ਕਰਨ ਲਈ ਸੰਘਰਸ਼ ਵੀ, ਜਿਸ ਵਿੱਚ ਸਫਲਤਾਵਾਂ ਵੀ ਹਨ ਅਤੇ ਅਸਫਲਤਾਵਾਂ ਵੀ।

ਇਹ ਵਿਸ਼ਾਲ ਕਲਪਨਾ ਹੀ ਕਲਾਕਾਰ ਨੂੰ ਆਪਣੇ ਵਰਤਮਾਨ ਸਮੇਂ ਦੀ ਪੱਧਰ ਤੋਂ ਉੱਚਾ ਲੈ ਜਾਂਦੀ ਹੈ ਅਤੇ ਅੰਤ ਸਾਡੇ ਬ੍ਰਹਿਮੰਡ ਦੀ ਹਕੀਕਤ ਅਤੇ ਸਾਡੇ ਸਮੇਂ ਦੀ ਸਮੁਚੀ ਸਚਾਈ ਤੋਂ ਜਾਣੂ ਕਰਵਾ ਦਿੰਦੀ ਹੈ।

ਪੱਛਮੀ ਪੂੰਜੀਵਾਦੀ ਸਮਾਜਕ ਪ੍ਰਬੰਧ ਵਿਚ ਭਾਰੂ ਸ਼੍ਰੇਣੀਆਂ ਨੇ ਸਫਲਤਾ ਨਾਲ ਕਲਾਕਾਰ ਨੂੰ ਆਪਣੇ ਕਰਦਾਰ ਤੋਂ ਵਾਂਝਿਆਂ ਕਰ ਦਿਤਾ ਹੈ। ਇਨ੍ਹਾਂ ਦੇਸ਼ਾਂ ਵਿੱਚ ਕਲਾਕਾਰ ਇੱਕ ਇਕਲਾ ਵਿਅਕਤੀ ਹੈ, ਉਸ ਦੀ ਕੋਈ ਸ਼੍ਰੇਣੀ ਨਹੀਂ, ਉਸ ਦਾ ਕੋਈ ਭੂਤ ਨਹੀਂ, ਉਸ ਦਾ ਕੋਈ ਭਵਿਖ਼ਤ ਨਹੀਂ, ਆਪਣੇ ਨਿਜਤਵ ਜਾਂ ਉਨ੍ਹਾਂ ਲੋਕਾਂ, ਜੋ ਉਸ ਦਾ ਮਾਲ ਖਰੀਦਦੇ ਹਨ, ਤੋਂ ਬਿਨਾ ਕਿਸੇ ਅੱਗੇ ਜਵਾਬਦੇਹ ਨਹੀਂ। ਅਰੋਵਧੂ ਸਮਾਜਕ ਪਰਬੰਧਾਂ ਵਿਚ ਪਿਛਲੀ ਸਾਮਰਾਜੀਅਤ ਅਤੇ ਬਸਤੀ-ਵਾਦ ਦੇ ਪਰਭਾਵ ਕਾਰਨ ਕਲਾਕਾਰ ਖੁਦ ਆਪਣੇ ਨਿਜਤਵ ਅਤੇ ਸਾਥੀਆਂ ਤੋਂ ਬਹੁਤ ਦੂਰ ਹੋ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਇਹਨਾਂ ਸਮਾਜਕ ਪਰਬੰਧਾਂ ਦਾ ਕਲਾਕਾਰ ਅਜਿਹੀ ਭਾਸ਼ਾ, ਅਜਿਹੇ ਸ਼ਬਦ ਤੇ ਮੁਹਾਵਰੇ ਨੂੰ ਮਹੱਤਤਾ ਦਿੰਦਾ ਸੀ, ਜਿਸ ਨੂੰ ਸਮੇਂ ਦੀ ਵਿਸ਼ਾਲ ਜਨਤਾ ਨਹੀਂ ਸੀ ਸਮਝ ਸਕਦੀ, ਉਸ ਨੇ ਕਲਪਨਾ ਦੀ ਇਕ ਅਜਿਹੀ ਦੁਨੀਆਂ ਬਣਾ ਲਈ ਸੀ ਜਿਸ ਲਈ ਸਾਧਾਰਣ ਜੀਵ ਅਜਨਬੀ ਸਨ। ਇਹ ਕਲਾਕਾਰ ਖੁਦ ਆਪਣੇ ਆਪ ਤੋਂ ਬਿਗਾਨਾ ਇਸ ਲਈ ਹੋ ਗਿਆ ਸੀ ਕਿ ਇਸ ਨੇ ਆਪਣੇ ਆਪ ਨੂੰ ਨਿਵੇਕਲਾ ਵੇਖਿਆ ਅਤੇ ਉਸ ਨੂੰ ਇਸ ਤਲਖੀ ਦਾ ਅਹਿਸਾਸ ਹੋਇਆ ਕਿ ਉਸ ਦੀ ਚੀਖ ਪੁਕਾਰ ਦੀ ਆਵਾਜ਼ ਉਸ ਦੇ ਨਿਜਤਣ ਦੇ

ਵੀਰਾਨੇ ਨਾਲ ਗੂੰਜਦੀ। ਇਸ ਲਈ ਉਹ ਸਾਰਥਕ, ਕਲਾਤਮਕ ਸਿਰਜਣਾ ਤੋਂ ਭਟਕ ਗਿਆ। ਉਸ ਨੇ ਆਪਣੀ ਅਤੇ ਆਪਣੇ ਸਾਥੀਆਂ ਦੀ ਸੋਝੀ ਨੂੰ ਡੂੰਘਾ ਅਤੇ ਵਿਸ਼ਾਲ ਕਰਨ ਦਾ ਯਤਨ ਛਡ ਦਿਤਾ ਅਤੇ ਉਸ ਦਾ ਧਿਆਨ ਦੂਜੀਆਂ ਟਾਕਰੇ ਤੇ ਘੱਟ ਅਹਿਮ ਵਸਤੂਆਂ ਵਲ ਹੋ ਗਿਆ ਹੈ। ਅਸਲ ਸ਼ੈ ਨੂੰ ਸਵਾਰਣ ਦੀ ਉਸ ਦੇ ਸਾਂਚਿਆਂ ਵਲ ਧਿਆਨ ਦੇਣ ਲੱਗਾ। ਉਚੇਰੇ ਵਿਚਾਰਾਂ ਦ ਸਿਰਜਣਾ ਦੇ ਥਾਂ ਸ਼ਬਦ ਤੇ ਆਵਾਜ਼ਾਂ ਆਦਿ ਨੂੰ ਖਿਚਪਾਊ ਬਣਾਉਣ ਦੇ ਯਤਨਾਂ ਅਤੇ ਮਸ਼ਕਾ ਵਿੱਚ ਆਪਣੀ ਸਿਰਜਣਾਤਮਕ ਇੱਛਾ ਦੀ ਤ੍ਰਿਪਤੀ ਲੱਭਣ ਲੱਗਾ।

ਅੱਗੇਵਧੂ ਸਮਾਜਕ ਪਰਬੰਧਾਂ ਦੇ ਇਸ ਦੌਰ ਵਿੱਚ ਸਿਰਜਣਾਤਮਕ ਕਲਾਕਾਰ ਦਾ ਇਹ ਕਿਰਦਾਰ ਨਹੀਂ ਹੋ ਸਕਦਾ। ਲੋਕਾਂ ਨੂੰ ਇਹ ਅਧਿਕਾਰ ਪਰਾਪਤ ਹੈ ਕਿ ਉਹ ਮੰਗ ਕਰਨ ਕਿ ਉਹਨਾਂ ਦਾ ਕਲਾਕਾਰ ਉਸ ਭਾਸ਼ਾ ਵਿਚ ਗੱਲ ਕਰੇ ਜਿਸ ਨੂੰ ਉਹ ਸਮਝਦੇ ਹਨ। ਘਟੋ ਘੱਟ ਕਲਾ ਦੇ ਖੇਤ ਵਿਚ ਜਨਤਾ ਦੇ ਘੋਲਾਂ. ਔਕੜਾਂ ਤਕਲੀਫਾਂ; ਗਮਾਂ ਤੇ ਖੁਸ਼ੀਆਂ ਵਿਚ ਉਹਨਾਂ ਦ ਭਾਈਵਾਲ ਬਣੇ। ਜਿਨ੍ਹਾਂ ਵਿਚੋਂ ਬਹੁਤ ਸਾਰੇ ਸਮਾਜਿਕ ਸਬੰਧ ਵੀਹਵੀਂ ਸਦੀ 'ਚ ਪੈਦਾ ਹੋਏ ਤੇ ਇ ਅਜੇ ਮੁਢਲੀਆਂ ਮੰਜ਼ਲਾਂ ਤਹਿ ਕਰ ਰਹੇ ਹਨ। ਇਹ ਸਮਾਜਕ ਪਰਬੰਧ ਜਿਸ ਨਵੇਂ ਦੌਰ ਵਿਚ ਪੈਦ ਹੋਏ ਹਨ ਉਹ ਵਿਗਿਆਨ ਅਤੇ ਸਨਅਤ ਦਾ ਦੌਰ ਹੈ। ਇਸ ਦੌਰ ਵਿਚ ਨਵੀਆਂ ਕਲਪਨਾਵ ਤੇ ਆਰਥਕ ਸਬੰਧਾਂ ਵਿਚ ਸਮਾਨਤਾ ਦੇ ਦ੍ਰਿਸ਼ਟੀਕੋਣ ਨੇ ਜਨਮ ਲਿਆ ਹੈ। ਇਹ ਨਵੇਂ ਸਮਾਜਿ ਪਰਬੰਧ ਕਲਾਕਾਰ ਤੋਂ ਆਸ ਕਰਦੇ ਹਨ, ਉਹ ਇਸ ਨਵੇਂ ਦੌਰ ਵਿਚ ਮੁਢਲੀਆਂ ਮੰਜ਼ਲਾਂ ਤਿ ਕਰਨ ਵਿਚ ਆਪਣੀ ਆਪਣੀ ਕਲਾ ਵਿਚ ਆਪਣੇ ਸਮਾਜਿਕ ਪਰਬੰਧ ਦੀ ਸਹਾਇਤਾ ਕਰਨ ਇਹ ਸਮਾਜਿਕ ਪਰਬੰਧ ਆਸ ਕਰਦੇ ਹਨ ਕਿ ਕਲਾਕਾਰ ਨਵੀਆਂ ਅਤੇ ਪੁਰਾਣੀਆਂ ਬੇਇਨ-ਸਾਫੀਆਂ, ਨਵੇਂ ਅਤੇ ਪੁਰਾਣੇ ਜ਼ੁਲਮਾਂ ਤੇ ਲੁਟਾਂ ਚੋਂਘਾਂ ਅਤੇ ਉਹਨਾਂ ਸਾਰੇ ਤੂਫ਼ਾਨਾਂ ਦੇ ਵਿਰੁ ਘੋਲ ਵਿੱਚ ਸਮਾਜਿਕ ਪਰਬੰਧ ਵਿਚ ਸਹਾਇਤਾ ਕਰਨ ਜੋ ਜੀਵਨ ਮਾਨਣ ਅਤੇ ਸੁਤੰਤਰਤਾ ਵਿਰੁਧ ਜਾਂਦੇ ਹਨ। ਉਹ ਇਹ ਵੀ ਆਸ ਕਰਦੇ ਹਨ ਕਿ ਕਲਾਕਾਰ ਉਸ ਸੁਹਣੇਰੇ ਭਵਿੱਖ ਦ ਕਲਪਨਾ ਉਤੇ ਵਿਸ਼ਵਾਸ ਰੱਖਣ ਵਿਚ ਸਹਾਇਤਾ ਕਰੇ ਜਿਹੜਾ ਭਵਿਖ ਛੇਤੀ ਹੀ ਉਸਰ ਵਾਲਾ ਹੈ।

ਪੁਸਤਕ ਪੜਚੋਲ

# ਪੰਜਾਬੀ ਕਵਿਤਾ ਵਿੱਚ "ਕਾਗਜ਼ ਦਾ ਰਾਵਣ"

ਸੁਰਜਨ ਜ਼ੀਰਵੀ

ਜਸਬੀਰ ਸਿੰਘ ਆਹਲਵਾਲੀਆ ਦੇ ਪਲੇਠੀ ਦੇ ਕਾਵਿ ਸੰਗ੍ਰਹਿ ਲਈ *ਕਾਗਜ਼ ਦੇ ਰਾਵਣ ਨਾਲੋਂ ਢੁਕਵਾਂ ਕੋਈ ਹੋਰ ਨਾਂਅ ਸ਼ਾਇਦ ਹੀ ਮਿਲਦਾ। ਉਸਦੀ ਸਾਰੀ ਕਵਿਤਾ "ਮਾਸ ਹੀਣ ਕੁੱਠਾ" ਦੇ ਬੇਡੌਲ ਪਿੰਜਰ ਉਤੇ ਵਲ੍ਹੇਟੇ ਹੋਏ ਕਾਲੇ ਰੰਗ ਦੇ ਕਾਗਜ਼ ਵਾਂਗ ਹੈ–ਇਸ ਦੇ ਧੜ ਉਤੇ "ਪਰਜੋਗਵਾਦ" ਦੇ ਦਸ ਖਾਲੀ ਸਿਰ ਲਗੇ ਹੋਏ ਹਨ। ਦੂਰੋਂ ਇਹ ਕਵਿਤਾ "ਦਸਮ ਦੁਸਹਿਰੇ" ਢੁਆਤੀ ਦੀ ਉਡੀਕ ਕਰ ਰਹੇ ਰਾਵਣ ਵਾਂਗ ਬੜੀ ਵਿਕਰਾਲ, ਬੜੀ ਸਹਿੰਮਾ ਦੇਣ ਵਾਲੀ ਜਾਪਦੀ ਹੈ। ਫਰਕ ਸਿਰਫ ਇਹ ਹੈ ਕਿ ਕਾਗਜ਼ ਦੇ ਰਾਵਣ ਵਾਂਗ ਜਸਬੀਰ ਦੀ ਕਵਿਤਾ ਵਿੱਚ ਏਨੀ ਵੀ ਜਾਨ ਨਹੀਂ ਕਿ ਅਗਨ ਭੇਟ ਹੋਕੇ ਚਾਰ ਪਟਾਕੇ ਹੀ ਪਾ ਜਾਵੇ।

ਭਾਵੇਂ ਜਸਬੀਰ ਆਪਣੀ ਕਵਿਤਾ ਵਿਚ ਆਪਣੇ ਦੋਸਤਾਂ ਤੋਂ ਆਪ ਇਹ ਮੰਗ ਕਰਦਾ ਹੈ!

> ਜਾਂ ਫਿਰ ਮੈਨੂੰ ਨੌਂ ਨੌਰਾਤੇ ਲੀਲ੍ਹਾ ਮਗਰੋਂ
> ਦਸਮ ਦੁਸਹਿਰੇ ਭੀੜ ਦੇ ਅਗੇ
> ਕਾਲੇ ਮੈਂਡੇ ਕਪੜੇ ਪਾਕੇ
> ਗਿਟਿਆਂ ਤੀਕਰ ਜ਼ਿਮੀਂ 'ਚ ਗੱਡੋ
> ਤਾਂ ਜੋ ਮੈਂ ਕਾਗਜ਼ ਦਾ ਰਾਵਣ
> ਸਦਾ ਲਈ ਅਮਰ ਹੋ ਜਾਵਾਂ
> ਸਾਂਭ ਕੇ ਰਖੀ ਹਉਮੈ ਤਾਈਂ
> ਸਦੀਆਂ ਦੀ ਮੈਂ ਝੋਲੀ ਪਾਵਾਂ।

ਜਾਪਦਾ ਨਹੀਂ ਕਿ ਉਸਦੇ ਦੋਸਤ ਇਸ ਬੇਲਜ਼ਤ ਗੁਨਾਹ ਲਈ ਤਿਆਰ ਹੋਣ। ਇਹ ਕੰਮ ਮੈਨੂੰ, ਇਕ ਪਾਠਕ ਵਜੋਂ ਕਰਨਾ ਪੈ ਰਿਹਾ ਹੈ।

ਜਸਬੀਰ ਦੇ ਜਿਸ ਕਾਵਿ ਸੰਗ੍ਰਹਿ ਵਿਚੋਂ ਲੰਘਦਿਆਂ ਕਿਸੇ ਵਿਸ਼ਵਾਸ਼ ਦੀ ਕੋਈ ਬਾਰਾਂਦਰੀ ਮਨੁਖ ਨਾਲ ਸਾਂਝ ਤੇ ਦਰਦਮੰਦੀ ਦਾ ਕੋਈ ਰਾਹਤਬਖਸ਼ ਇਹਸਾਸ, ਪੁਰ ਖਲੂਸ-ਜਜ਼ਬਿਆਂ ਦਾ ਕੋਈ ਨਖਲਿਸਤਾਨ ਤੇ ਫੈਜ਼ ਦੇ ਲਫਜ਼ਾਂ ਵਿਚ "ਤੇਰੇ ਹੱਥਾਂ ਦੀ ਚਾਂਦ." ਲਈ ਨੀਮ ਤਾਰੀਕ

---

*"ਕਾਗਜ਼ ਦਾ ਰਾਵਣ" ਕਾਵਿ ਸੰਗ੍ਰਹਿ—ਜਸਬੀਰ ਸਿੰਘ ਆਹਲੂਵਾਲੀਆ
ਕੀਮਤ ਚਾਰ ਰੁਪਏ
ਪ੍ਰਕਾਸ਼ਕ—ਹਿੰਦ ਪਬਲਿਸ਼ਰਜ਼, ਜਲੰਧਰ

ਭਾਹਾਂ ਵਿਚ ਮਾਰੇ ਜਾਣ ਦੀ ਕੋਈ ਨੁਰਪਾਸ਼ ਤੜਪ ਨਹੀਂ ਮਿਲਦੀ।

ਸ਼ਾਇਦ ਜਸਬੀਰ ਨੂੰ ਇਹ ਦਾਅਵਾ ਵੀ ਨਹੀਂ ਕਿ ਉਸ ਦੀ ਕਵਿਤਾ ਵਿਚ ਇਹ ਕੁਝ ਹੈ। ਸ਼ਾਇਦ ਉਹ ਇਕ ਕਵੀ ਦੇ ਤੌਰ ਤੇ ਆਪਣੀ ਵਿਸ਼ੇਸ਼ਤਾ ਹੀ ਇਸ ਗਲ ਵਿਚ ਸਮਝਦਾ ਹੈ ਕਿ ਉਸਦੀ ਕਵਿਤਾ ਅਜਿਹੇ ਰੰਗਾਂ ਤੋਂ ਪਾਕ ਹੈ। ਪਰ ਕੀ ਇਹਨਾਂ ਰੰਗਾਂ ਤੋਂ ਬਿਨਾਂ ਕੋਈ ਕਵਿਤਾ ਕਵਿਤਾ ਰਹਿ ਜਾਂਦੀ ਹੈ ? ਜਸਬੀਰ ਨੂੰ ਪੜ੍ਹਕੇ ਇਸ ਸੁਆਲ ਦਾ ਉਤਰ ਲੱਭਣਾ ਔਖਾ ਨਹੀਂ ਰਹਿ ਜਾਂਦਾ।

ਮੰਨਿਆਂ ਕਿ ਜਸਬੀਰ ਵਾਂਗ ਇਕ ਖ਼ਾਸ ਮਾਹੌਲ ਵਿਚ, ਪਲਣ ਤੇ ਵਿਚਰਣ ਵਾਲੇ ਵਿਅਕਤੀ ਦੀ ਸ਼ਖਸੀਅਤ ਕਿਣਕਾ ਕਿਣਕਾ ਹੋਕੇ ਕਿਰ ਗਈ ਹੈ। ਮੰਨਿਆਂ ਕਿ ਅਧੂਰੀਆਂ, ਅੱਧਢਠੀਆਂ ਤੇ ਅਣਗਿਣਤ ਖਪਿਆਂ ਵਾਲੀਆਂ ਸ਼ਖਸੀਅਤਾਂ ਦੇ ਮਾਲਕ ਇਹ ਵਿਅਕਤੀ ਕਾਫੀ ਦੇ ਪਿਆਲਿਆਂ, ਡਾਲਡੇ ਦੇ ਰੰਗੀਨ ਕੈਲੰਡਰਾਂ, ਨਾਈਲਨ ਦੀਆਂ ਸਾੜ੍ਹੀਆਂ ਵਿਚ ਲਿਪਟੇ ਹੋਏ "ਸਰਦ ਜਿਸਮਾਂ" ਨਾਲ ਆਪਣੀਆਂ ਸੁੰਵੀਆਂ ਰੂਹਾਂ ਨੂੰ ਵਰਚਾਉਣ ਦੇ ਤੇ "ਸੁਆਰੀ ਆਪਣੇ ਸਾਮਾਨ ਦੀ ਆਪ ਜ਼ਿੰਮੇਵਾਰ ਹੈ" ਵਰਗੇ ਬੇਮਰੱਵਤ ਤੇ ਬੇਲਿਹਾਜ਼ ਮਾਹੌਲ ਵਿਚ ਬੀਮਿਆਂ ਦੀ ਮਦਦ ਨਾਲ ਪਾਏਦਾਰੀ ਤੇ ਸਾਂਝ ਦਾ ਇਹਸਾਸ ਪੈਦਾ ਕਰਨ ਦੇ ਹਾਸੋ ਹੀਣੇ ਯਤਨਾ ਵਿਚ ਰੁਝੇ ਰਹਿੰਦੇ ਹਨ।

ਪਰ ਕੀ ਇਸ ਮਾਹੌਲ ਵਿਚ ਪਲਣ ਵਾਲੇ ਕਵੀ ਲਈ ਆਪਣੇ ਆਪ ਤੋਂ ਤੇ ਆਪਣੇ ਆਲੇ ਦੁਆਲੇ ਤੋਂ ਉਤਾਂਹ ਉਠ ਕੇ ਝਾਤੀ ਮਾਰ ਸਕਣਾ ਅਸੰਭਵ ਹੈ ? ਕੀ ਇਹ ਸਮਾਂ, ਜਿਸ ਨੂੰ ਪਰਯੋਗਵਾਦੀ ਦੋਸਤ ਪ੍ਰਗਤੀਵਾਦ ਤੋਂ ਪਿਛੋਂ ਦਾ ਸਮਾਂ ਕਹਿਣਾ ਪਸੰਦ ਕਰਦੇ ਹਨ, ਏਨਾ ਹੀ ਸਖਣਾ ਹੈ ਕਿ ਇਸ ਕੋਲ ਕਵਿਤਾ ਲਈ ਅਜਿਹੇ ਵਿਅਕਤੀਆਂ ਦੀਆਂ ਬੇਮਾਅਨੀ ਤੇ ਅੰਤਰਮੁਖੀ ਮਾਨਸਕ ਉਲਝਣਾ ਤੋਂ ਡੂੰਘਾ ਹੋਰ ਕੋਈ ਵਿਸ਼ਾ ਨਹੀਂ ?

ਇਹ ਠੀਕ ਹੈ ਕਿ ਕੋਈ ਕਵੀ ਉਸ ਮਾਹੌਲ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦਾ ਜਿਹੜਾ ਚੰਗੀਆਂ ਭਲੀਆਂ ਰੂਹਾਂ ਵਿਚੋਂ ਹਰ ਵਿਸ਼ਵਾਸ਼ ਹਰ ਜ਼ਜ਼ਬਾ ਨਚੋੜ ਦਿੰਦਾ ਹੈ ਤੇ ਉਹ ਰੌਣਕਾਂ, ਰੌਸ਼ਨੀਆਂ ਵਿਚ ਵੀ ਇਕ ਪਰੇਤ ਵਾਂਗ ਭਟਕਦੀਆਂ ਮਹਿਸੂਸ ਕਰਦੀਆਂ ਹਨ।

ਪਰ ਇਸ ਮਾਹੌਲ ਨੂੰ ਨਜ਼ਰ ਅੰਦਾਜ਼ ਨਾ ਕਰਨ ਦਾ ਮਤਲਬ ਇਹ ਨਹੀਂ ਕਿ ਜਸਬੀਰ ਵਾਂਗ ਇਸ ਨੂੰ ਆਖਰੀ ਸਚਾਈ ਮੰਨ ਲਿਆ ਜਾਏ ਤੇ ਆਪਣੇ ਆਪ ਨੂੰ "ਲੈਜਾਰਲ" ਦਸਕੇ ਇਸ ਉਤੇ ਹੱਸ ਕੇ ਜਾਂ –

> ਔਹ ਵੇਖੋ ਆਨੰਦ ਜੇ ਆਇਆ
> ਸੁਪਨੇ ਕਿੰਨੇ ਨਾਲ ਲਿਆਇਆ
> ਜਿਵੇਂ ਇਕ ਬੀਮਾਰ ਦੀ ਉਲਟੀ
> ਕੁਤਾ ਜਿਸ ਨੂੰ ਚਟ ਰਿਹਾ ਹੈ

ਵਰਗੀ ਕਵਿਤਾ ਲਿਖਕੇ ਸੰਤੁਸ਼ਟ ਹੋ ਲਿਆ ਜਾਵੇ। ਜੇ ਜਸਬੀਰ ਮੈਨੂੰ ਮੁਆਫ਼ ਕਰੇ ਤਾਂ ਉਸ ਦੀ ਆਪਣੀ ਸਾਰੀ ਕਵਿਤਾ ਰੋਗੀ ਮੰਨਤਾਂ ਦੀਆਂ ਬੀਮਾਰ ਉਲਟੀ ਤੋਂ ਵੱਧ ਕੁਝ ਨਹੀਂ।

ਉਸ ਦੀ ਕਵਿਤਾ ਪੜ੍ਹਕੇ ਆਦਮੀ ਹਡੋਂ ਰੋਗੀ ਜਾਂ ਮੁਰਦ ਘਾਟ ਵਿਚ ਆ ਗਿਆ

ਮਹਿਸੂਸ ਕਰਦਾ ਹੈ। ਏਥੇ ਜੇ ਕਿਸੇ ਗੋਰੀ ਦੀ ਯਾਦ ਹਿਰਾਂ ਪਿਛੋਂ ਆਉਂਦੀ ਹੈ ਤਾਂ ਕਬਰ ਵਿਚੋਂ ਜਿਉਂ ਉਠੇ ਮੁਰਦੇ ਵਾਂਗ, ਜਿਥੇ ਜੇ ਕੋਈ ਯਾਦ ਮੁਰਦੇ ਵਾਂਗ ਉਠ ਵੀ ਖਲੋਂਦੀ ਹੈ ਤਾਂ ਉਸ ਨੂੰ ਨੋਚਣ ਲਈ ਗਿਰਝਾਂ ਉਡੀਕ ਰਹੀਆਂ ਹੁੰਦੀਆਂ ਹਨ, ਜਿਥੇ ਮਨ ਕਬਰਸਤਾਨ ਹੈ, ਜਿਥੇ ਜਿਉਣਾ ਕੂੜ ਦਾ ਵਪਾਰ ਹੈ, ਜਿਥੇ ਵਿਛੋੜਾ ਇਕ ਨਾਟਕ ਬਣ ਕੇ ਰਹਿ ਗਿਆ ਹੈ ਜਿਸ ਵਿਚ ਨਾਇਕਾ ਹੰਝੂ ਵਹਾਉਣ ਦਾ ਆਪਣਾ ਫਰਜ਼ ਪੂਰਾ ਕਰਨ ਲਈ ਗਲੈਸਰੀਨ ਦੀ ਸ਼ੀਸ਼ੀ ਨਾਲ ਰਖਦੀ ਹੈ, ਜਿਥੇ 16 ਸਾਲ ਦੀ ਉਰਵਸ਼ੀ ਦੇ ਆਪਣੇ ਡੈਡੀ ਨੂੰ ਆਖੇ ਇਸ ਫਿਕਰੇ ਦੁਆਲੇ "ਡੈਡੀ ਇਸ ਤਰ੍ਹਾਂ ਨਹੀਂ ਪਿਆਰ ਕਰਦੇ" ਗੁਰੂ ਗ੍ਰੰਥ ਸਾਹਿਬ ਦੀਆਂ ਤੁਕਾਂ ਤੇ ਧਰਮ ਗ੍ਰੰਥਾਂ ਤੇ ਸ਼ਾਸਤਰਾਂ ਤੋਂ ਲਈ ਬਿੰਬਾਵਲੀ ਦਾ ਬੇਸਿਰ ਪੈਰ ਤਾਣਾ ਬਾਣਾ ਉਣਿਆਂ ਗਿਆ ਹੈ, ਜਿਥੇ ਦਹਿਲੀਜ਼ ਤੇ ਖੜ੍ਹੇ ਵਿਅਕਤੀ ਨੂੰ ਇਹ ਪਤਾ ਨਹੀਂ ਲਗਦਾ ਕਿ :

ਚੜ੍ਹਦੇ ਦੀ ਇਹ ਮਹਿੰਦੀ ਹੈ ਜਾਂ
ਲਹਿੰਦੇ ਦੀ ਇਹ ਖ਼ੂਨੀ ਸੂਰਤ।

ਜਿਥੇ ਦਿਲ ਇਕ ਪਿੰਗਲਵਾੜਾ ਹੈ, ਜਿਥੇ ਜ਼ਿੰਦਗੀ ਮਾਨੁਖ ਦੇ ਗਲ ਵਿਚ ਪਿਆ ਹੋਇਆ ਮਰਿਆ ਜਾਂ ਜਿਉਂਦਾ ਸੱਪ ਹੈ, (ਇਹ ਹਜ਼ਰਤ ਸੱਪ ਤਕਰੀਬਨ ਹਰ ਕਵਿਤਾ ਦੀ ਖੁੱਡ ਵਿਚ ਮੌਜੂਦ ਹੈ) ਤੇ ਇਹ ਸਭ ਕੁਝ ਵੀ ਬੜੀਆਂ ਹੀ ਅਢੁਕਵੀਆਂ ਤਸ਼ਬੀਹਾਂ, ਅਸਪਸ਼ਟ ਸੰਕੇਤਾਂ ਤੇ ਲਫ਼ਜ਼ਾਂ ਦੇ ਗੁਤਾਵੇ ਦੀ ਸ਼ਕਲ ਵਿਚ। ਅਜਿਹੀ ਕਵਿਤਾ ਦਾ ਕੋਈ ਕੀ ਬਣਾਏ ਖਾਸ ਤੌਰ ਤੇ ਉਸ ਹਾਲਤ ਵਿਚ ਜਦੋਂ ਇਸ ਵਿਚ ਜ਼ਿੰਦਗੀ ਵਲ ਕਿਸੇ ਸਪਸ਼ਟ ਵਤੀਰੇ ਦੀ-ਭਾਵੇਂ ਉਹ ਵਤੀਰਾ ਸਿਨੀਕਲ ਹੀ ਕਿਉਂ ਨਾ ਹੁੰਦਾ—ਉੱਕਾ ਹੀ ਅਣਹੋਂਦ ਹੈ।

ਸ਼ਾਇਦ ਜਸਬੀਰ ਨੂੰ ਭੁਲੇਖਾ ਹੋਵੇ ਕਿ ਉਸਦੀਆਂ ਕਵਿਤਾਵਾਂ ਵਿਚ ਖਾਲੀ ਤੇ ਖੋਖਲੇ ਮਾਨੁਖਾਂ, ਤੇ ਥੋਥੀਆਂ ਕਦਰਾਂ ਤੇ ਅਨਿਆਈ ਨਿਯਮਾਂ ਉਤੇ ਬੜੀ ਭਰਪੂਰ ਤਨਜ਼ ਹੈ ਜਾਂ ਉਹਨਾਂ ਦੇ ਖਿਲਾਫ ਗੁਸੇ ਦਾ ਇਜ਼ਹਾਰ ਹੈ। ਅੰਧੇਰ ਨਗਰੀ ਚੌਪਟ ਰਾਜਾ, ਜ਼ਰੂਰੀ ਸੂਚਨਾ, ਗੁਆਚੇ ਗੌਤਮ ਦੀ ਭਾਲ (ਜਿਸ ਵਿੱਚ ਉਸ ਨੇ ਇਹ ਕਹਿਣ ਦੀ ਕੋਸ਼ਸ਼ ਕੀਤੀ ਹੈ ਕਿ ਅਜ ਨਿਰਵਾਣ ਰੋਜ਼ਗਾਰ ਦੀ ਤਲਾਸ਼ ਬਣਕੇ ਰਹਿ ਗਿਆ ਹੈ), ਲਾਲ ਬੱਤੀ ਚੌਕ ਅੰਦਰ, ਸਾਗਰ ਮੰਥਨ (ਜਿਸ ਵਿਚ ਉਹ ਲਿਖਦਾ ਹੈ, ਹੋਣੀ ਦੇ ਇਸ ਖੇਲ ਦੀ-ਹੁਣ ਹੋਈ ਅਖੀਰੀ ਰਾਤ ਨੀ) ਵਰਗੀਆਂ ਕੁਝ ਇਕ ਕਵਿਤਾਵਾਂ ਵਿਚ ਉਹ ਅਜਿਹੀ ਕੋਸ਼ਸ਼ ਕਰਦਾ ਜਾਪਦਾ ਹੈ ਪਰ ਉਸ ਦੇ ਕੋਲ ਨਾ ਤਾਂ ਤਲਖੀ ਜਾਂ ਗੁਸੇ ਦਾ ਇਜ਼ਹਾਰ ਕਰਨ ਜੋਗਾ ਜਿਗਰਾ ਹੈ ਤੇ ਨਾ ਹੀ ਚੱਜ। ਇਹਨਾਂ ਕਵਿਤਾਵਾਂ ਵਿਚ ਉਸ ਨੇ ਕਟਾਖਸ਼ ਦੇ ਤੀਰ ਜਾਂ ਰੋਹ ਦੇ ਗੁਰਜ ਚਲਾਏ ਨਹੀਂ, ਇਹਨਾਂ ਨੂੰ ਚਲਾਉਣ ਦਾ ਕੇਵਲ ਪਰਯੋਗ ਕੀਤਾ ਹੈ। ਉਸਦੇ ਤੀਰ ਉਸੇ ਕਿਸਮ ਦੇ ਹਨ ਜਿਹੋ ਜਿਹੇ ਦੁਸਹਿਰੇ ਵਿਚ ਰਾਮ ਤੇ ਲਛਮਣ ਚਲਾਉਂਦੇ ਹਨ-ਗੱਤੇ ਦੀਆਂ ਅਣੀਆਂ ਵਾਲੇ ਕਾਨਿਆਂ ਦੇ ਤੀਰ ਜਿਨ੍ਹਾਂ ਉਤੇ ਪੰਨੇ ਤੇ ਝਾਲਰਾਂ ਲਗੀਆਂ ਹੁੰਦੀਆਂ ਹਨ। ਪਰ ਜ਼ਿੰਦਗੀ ਰਾਮ ਲੀਲਾ ਨਹੀਂ ਜਿਥੇ ਤੀਰ ਭਾਵੇਂ ਕਾਨਿਆਂ ਦੇ ਹੀ ਕਿਉਂ ਨਾ ਹੋਣ ਤੇ ਨਿਸ਼ਾਨੇ ਦੇ ਉਲਟ ਹੀ ਕਿਉਂ ਨਾ ਚਲਾਏ ਗਏ ਹੋਣ, ਰਾਵਣ ਨੇ ਹਰ ਹਾਲਤ ਵਿਚ ਮਰ ਹੀ ਜਾਣਾ ਹੈ। ਜਸਬੀਰ ਦੇ ਪਰਯੋਗਾਂ ਦਾ ਮਕਸਦ ਤੀਰ ਨਿਸ਼ਾਨੇ ਉਤੇ ਮਾਰਨਾ ਨਹੀਂ, ਕਿਉਂਕਿ ਜੇ ਉਹ ਇਸ ਤਰ੍ਹਾਂ ਕਰਦਾ ਤਾਂ ਉਸ ਉਤੇ ਪ੍ਰਗਤੀਵਾਦੀ ਹੋਣ ਦੀ ਤੁਹਮਤ ਲਗ ਜਾਣੀ ਸੀ। ਉਸਦੇ ਪਰਯੋਗਾਂ ਦਾ ਮਕਸਦ ਇਹਨਾਂ ਤੀਰਾਂ ਨੂੰ ਅਜੀਬ ਅਜੀਬ ਤਸ਼ਬੀਹਾਂ ਤੇ ਇਸਤ-

ਅਦਾਰਿਆਂ ਦੇ ਫੁਮਣਾ ਤੇ ਝਾਲਰਾਂ ਨਾਲ ਸਜਾਉਣਾ ਹੈ। ਨਤੀਜਾ ਇਹ ਹੈ ਕਿ ਅਜਿਹੀਆਂ ਕਵਿਤਾਵਾਂ ਪਾਠਕ ਉਤੇ ਕੋਈ ਪ੍ਰਭਾਵ ਨਹੀਂ ਛਡਦੀਆਂ।

ਜੇ ਉਸ ਨੇ ਇਹ ਗਲ ਪੂਰੇ ਖਲੂਸ ਨਾਲ ਆਖੀ ਹੈ ਕਿ ਜਿਸ ਰਾਮਰਾਜ ਵਿਚ ਕਾਲੇ ਧਨ ਦਾ ਬੋਲ ਬਾਲਾ ਹੈ, ਹਰ ਤੋਲ ਇਕ ਵਿਕ ਰਿਹਾ ਹੈ, ਐੜੇ ਦੀ ਸਜ਼ਾ ਊੜੇ ਨੂੰ ਭੁਗਤਣੀ ਪੈਂਦੀ ਹੈ ਤੇ ਨੇਤਾ ਜੀ ਨੂੰ ਸੱਚ ਤੇ ਝੂਠ ਦੀ ਕੋਈ ਤਮੀਜ਼ ਨਹੀਂ, ਉਸ ਭਰੋਸੇ ਹੀਣ ਰਾਜ ਵਿੱਚ ਉਸਦਾ ਦਮ ਘੁਟ ਰਿਹਾ ਹੈ, ਤਾਂ ਉਹ ਉਹਨਾਂ ਲੱਖਾਂ ਊੜਿਆਂ ਐੜਿਆਂ ਉਤੇ ਕਿਉਂ ਖਫਾ ਹੈ ਜਿਹੜੇ ਇਕ ਦਿਨ ਹੱਥਾਂ ਵਿਚ ਮਸਾਲਾਂ ਲੈ ਇਹ ਆਖਦੇ ਹੋਏ ਤੁਰ ਪਏ ਸਨ, "ਜਿਸ ਜਗਾ ਸਰਕਾਰ ਸੁਤੀ, ਰੋਸ਼ਨੀ ਦੀ ਲੋੜ ਹੈ।"

ਆਪਣੀ ਕਵਿਤਾ "ਮੈਂ ਤੇ ਓ" (ਜਨਵਿਅਕਤੀ) ਵਿਚ ਉਸ ਨੇ ਮਸਾਲਾਂ ਲੈਕੇ ਤੁਰੇ ਹੋਏ ਲੱਖਾਂ ਊੜਿਆਂ ਐੜਿਆਂ ਦੇ ਪੈਰਾਂ ਵਿਚ ਇੱਕ ਅਜਿਹੇ ਵਿਅਕਤੀ ਨੂੰ ਦਰੜਿਆ ਜਾਂਦਾ ਵਿਖਾਇਆ ਹੈ ਜਿਹੜਾ ਅਣਭੋਲ ਹੀ ਇਹਨਾਂ ਵਿਚ ਆ ਫਸਿਆ ਸੀ।

ਮਹਿੰਗਾਈ, ਟੈਕਸਾਂ ਤੇ ਨਵੇਂ ਜੰਮੇ ਬੱਚੇ ਦੇ ਵਾਧੂ ਆ ਪਏ ਖਰਚਾਂ ਦਾ ਬੌਂਦਲਾਇਆ ਹੋਇਆ ਇਹ ਵਿਅਕਤੀ ਇਹ ਸੋਚਕੇ ਕਿ ਸ਼ਾਇਦ ਬਲਦੀਆਂ ਮਸਾਲਾਂ ਲੈਕੇ ਮੰਗ ਪਤਰ ਪੇਸ਼ ਕਰਨ ਵਿਚ ਹੀ ਭਲਾ ਹੋਵੇ, ਊੜੇ ਐੜਿਆਂ ਦੇ ਇਸ ਹਜੂਮ ਪਿਛੇ ਹੋ ਤੁਰਦਾ ਹੈ। ਪਰ, ਜਸਬੀਰ ਅਨੁਸਾਰ, ਲੱਖਾਂ ਊੜੇ ਐੜਿਆਂ ਨੂੰ ਉਸਦੀ ਕੋਈ ਪਰਵਾਹ ਹੀ ਨਹੀਂ। ਉਹ ਉਸ ਨੂੰ ਡਿਗੇ ਪਏ ਨੂੰ ਉਠਾਉਣ ਦੀ ਖੇਚਲ ਹੀ ਨਹੀਂ ਕਰਦੇ। ਇਸ ਵਿਅਕਤੀ ਦੀ ਰੂਹ ਨੂੰ ਜਸਬੀਰ ਆਪਣੇ ਪਰਯੋਗਵਾਦ ਦਾ ਅੰਮ੍ਰਿਤ ਪਿਆ ਕੇ ਲੈਜ਼ਾਰਸ ਵਾਂਗ ਜਿਵਾ ਦਿੰਦਾ ਹੈ ਤੇ ਉਸ ਭੀੜ ਉਤੇ ਹਸਾਉਂਦਾ ਹੈ ਜਿਸ ਨੂੰ ਇਸ ਗਲ ਦੀ ਪਰਵਾਹ ਨਹੀਂ ਕਿ ਉਸ ਨੇ ਆਪਣੀਆਂ ਸਫਾਂ ਵਿਚ ਸ਼ਾਮਲ ਇਕ ਬੰਦਾ ਮਾਰ ਦਿੱਤਾ ਹੈ।

(ਜੇ ਮੈਂ ਵੀ ਥੋਹੜਾ ਜਿਹਾ ਪਰਯੋਗਵਾਦ ਕਰ ਲਵਾਂ ਤਾਂ ਏਥੇ ਜਸਬੀਰ ਨੇ "ਚਿੜੀਓਂ ਸੇ ਮੈਂ ਬਾਜ਼ ਤੁੜਾਊਂ, ਤਬੈ ਗੋਬਿੰਦ ਸਿੰਘ ਨਾਮ ਧਰਾਊਂ" ਵਾਲੀ ਸ਼ਾਨ ਵਿਖਾਈ ਹੈ। ਗੱਲ ਭਾਵੇਂ ਬਹੁਤੀ ਢੁਕਦੀ ਨਹੀਂ ਪਰ ਜਿਸ ਕਿਸੇ ਨੇ ਜਸਬੀਰ ਦੀ ਕਵਿਤਾ ਪੜ੍ਹੀ ਹੈ, ਉਹ ਮੇਰੇ ਉਤੇ ਇਸ ਪਖੋਂ ਬਹੁਤੀ ਨੁਕਤਾਚੀਨੀ ਨਹੀਂ ਕਰ ਸਕੇਗਾ।)

ਇਸ ਤਰ੍ਹਾਂ ਜਸਬੀਰ ਇਹ ਨਤੀਜਾ ਕਢਦਾ ਹੈ ਕਿ ਜੇ ਹੁਣ ਦੇ ਕਾਨੂੰਨ ਤੇ ਨਿਯਮ ਬੇਰਹਿਮ ਤੇ ਪਥਰ ਦਿਲ ਹਨ ਤਾਂ ਇਹਨਾਂ ਦੇ ਖਿਲਾਫ ਆਵਾਜ਼ ਉਠਾਉਣ ਵਾਲੇ "ਊੜੇ ਐੜੇ" ਵੀ ਉਨੇ ਹੀ ਬੇਫਿਕਰ ਤੇ ਬੇਹਿਸ ਹਨ।

ਪਰ ਕੀ "ਲੈਜ਼ਾਰਸ" ਬਣਕੇ ਹੱਸਣ ਵਾਲੀ ਇਹ ਰੂਹ ਭੁਖ ਹਥੋਂ ਸਤੇ ਹੋਏ ਕਿਸੇ ਜਨ-ਵਿਅਕਤੀ ਦੀ ਹੈ ਜਾਂ ਜਸਬੀਰ ਵਾਂਗ ਕਿਸੇ ਅਜਿਹੇ ਸਵੈ-ਸੰਤੁਸ਼ਟ ਬੰਦੇ ਦੀ ਜਿਹੜਾ ਇਸ ਗਲੋਂ ਚਿੜ ਗਿਆ ਹੈ ਕਿ ਹੱਥਾਂ ਵਿਚ ਮਸਾਲਾਂ ਲੈਕੇ ਆਪਣੀ ਧੁਨ ਵਿਚ ਅਗੇ ਵੱਧ ਰਿਹਾ ਲੱਖਾਂ ਊੜੇ ਐੜਿਆਂ ਦਾ ਕਾਫਲਾ ਉਸਦੀ ਕੋਈ ਪਰਵਾਹ ਹੀ ਨਹੀਂ ਕਰ ਰਿਹਾ—ਉਹ, ਜਿਹੜਾ ਪਰਯੋਗ-ਵਾਦ ਦਾ ਮੋਢੀ ਹੈ ਤੇ ਉਹਨਾਂ ਉਤੇ ਡਾਂਗਾਂ ਤੇ ਗੋਲੀਆਂ ਚਲਵਾ ਸਕਣ ਦਾ ਸੀਮਤ ਜਿਹਾ ਅਧਿਕਾਰ ਰਖਦਾ ਹੈ।



-ਪਰਿੰਦ

ਜਸਬੀਰ ਦਾ ਦੁਖਾਂਤ ਇਹ ਹੈ ਕਿ ਉਹ ਜਾਣਦਾ ਹੈ ਕਿ ਨਿਆਂ ਕਿਨ੍ਹਾਂ ਆਦਰਸ਼ਾਂ ਤੇ ਉਦੇਸ਼ਾਂ ਦਾ ਪਰਤੀਕ ਹੈ ਤੇ ਅਨਿਆਂ ਦੀਆਂ ਪ੍ਰਤਿਨਿਧਤਾ ਕਰਨ ਵਾਲੀਆਂ ਤਾਕਤਾਂ ਕਿਹੜੀਆਂ ਹਨ। ਪਰ ਉਹ ਨਿਆਂ ਤੇ ਅਨਿਆਂ ਦੇ ਸੰਘਰਸ਼ ਵਿਚ ਰਲ ਨਹੀਂ ਸਕਦਾ। ਉਹ ਬੋਲ ਸਕਦਾ ਨਹੀਂ ਪਰ ਚੁਪ ਰਹਿਣਾ ਨਹੀਂ ਚਾਹੁੰਦਾ। ਇਸ ਲਈ ਉਹ ਅਜਿਹੇ ਢੰਗ ਨਾਲ ਗੱਲ ਕਰਨਾ ਚਾਹੁੰਦਾ ਹੈ, ਜਿਸ ਨਾਲ ਕਿਸੇ ਨੂੰ ਪਤਾ ਵੀ ਨਾ ਲਗੇ ਤੇ ਹਰ ਕੋਈ ਸਮਝ ਵੀ ਜਾਏ। ਇਸ ਵਤੀਰੇ ਦਾ ਮੰਤਕ ਹੌਲੀ ਹੌਲੀ ਉਸ ਨੂੰ ਉਸ ਥਾਂ ਉਤੇ ਲੈ ਗਿਆ ਹੈ ਜਿਥੇ ਨਿਆਂ ਤੇ ਅਨਿਆਂ ਦੀਆਂ ਗੱਲਾਂ ਉਸ ਨੂੰ ਫਜ਼ੂਲ ਲਗਣ ਲੱਗ ਪਈਆਂ ਹਨ, ਜਿਥੇ ਉਸ ਨੂੰ ਸੀਤਾਵਾਂ ਹੋਣ ਦੇ ਜੋਂ ਟੁੰਗਦੀਆਂ ਦਿੱਸ ਰਹੀਆਂ ਹਨ, ਜਿਥੇ ਜੇ ਦੋਧੀ ਉਸ ਨੂੰ ਪਾਣੀ ਵਾਲਾ ਦੁਧ ਦੇ ਜਾਂਦਾ ਹੈ ਤਾਂ ਇਹ ਵੀ ਅਗੋਂ ਖੋਟੇ ਸਿੱਕੇ ਉਸ ਦੇ ਮੱਥੇ ਮਾਰ ਦਿੰਦਾ ਹੈ, ਜਿਥੇ ਉਸ ਨੂੰ ਜ਼ਿੰਦਗੀ ਦੀਆਂ ਹਕੀਕਤਾਂ ਦਾ ਸਾਹਮਣਾ ਕਰਨ ਦੀ ਦਲੇਰੀ ਬੇਕਾਰ ਸਿਰਲੱਥਪੁਣਾ ਜਾਪਣ ਲੱਗ ਪਈ ਹੈ।

ਇਹੀ ਕਾਰਨ ਹੈ ਕਿ ਜਦੋਂ ਉਹ ਸਵੇਰ ਵੇਲੇ ਚਾਹ ਪੀਕੇ ਅਖਬਾਰ ਵਲ ਹੱਥ ਵਧਾਉਂਦਾ ਹੈ ਤਾਂ ਉਸ ਨੂੰ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਉਹ ਕਾਲੇ ਨਾਗ ਦੀ ਪਟਾਰੀ ਖੋਲ੍ਹ ਰਿਹਾ ਹੋਵੇ ਜਾਂ ਬਿਜਲੀ ਦੀ ਤਾਰ ਨੂੰ ਛੋਹ ਰਿਹਾ ਹੋਵੇ। ਵੀਅਤਨਾਮ, ਅੰਗੋਲਾ, ਕਾਂਗੋ, ਦਖਣੀ ਅਫਰੀਕਾ ਤੇ ਡੋਮੀਨੀਕਨ ਵਿਚ ਤੇ ਅਣਗਿਣਤ ਥਾਵਾਂ ਉਤੇ ਆਜ਼ਾਦੀ, ਮਨੁਖੀ ਗੌਰਵ ਤੇ ਬਰਾਬਰੀ ਲਈ ਲੜੀਆਂ ਜਾ ਰਹੀਆਂ ਲੜਾਈ ਦੀਆਂ ਖਬਰਾਂ, ਅਨਿਆਂ, ਜਬਰ ਤੇ ਜ਼ੁਲਮ ਦੀਆਂ ਖਬਰਾਂ, ਧਰਤੀ ਉਤੇ ਅਮਨ, ਸੁਖ ਤੇ ਸ਼ਾਂਤੀ ਲਈ ਮਹਾਨ ਤੇ ਵਿਸ਼ਾਲ ਅੰਦੋਲਨਾਂ ਦੀਆਂ ਖਬਰਾਂ, ਇਤਹਾਦੀ ਸਭਾ ਦੇ ਹੈਡਕੁਆਰਟਰ, ਵ੍ਹਾਈਟ ਹਾਊਸ ਤੇ ਵਾਈਟ ਹਾਲ ਅਗੇ ਤੇ ਟੋਕੀਓ ਤੇ ਸਿਉਲ ਵਿੱਚ ਇਨਸਾਨੀ ਜ਼ਿੰਦਗੀ ਨੂੰ ਤਬਾਹ ਕਰਨ ਦੀਆਂ ਸਬੀਲਾਂ ਦੇ ਖਿਲਾਫ ਮੁਜ਼ਾਹਰਿਆਂ ਦੀਆਂ ਖਬਰਾਂ, ਹੋਲਨਾਕ ਕੰਗਾਲੀ ਤੇ ਘਤਾਮਤ ਦੀਆਂ ਤੇ ਹਾਕਮਾਂ ਦੀ ਰਿਆਕਾਰੀ ਦੀਆਂ ਖਬਰਾਂ, ਜਰਮਨੀ ਵਿੱਚ ਮੁੜ ਤੋਂ ਸਿਰ ਚੁਕ ਰਹੇ ਫਾਸ਼ਿਜ਼ਮ ਦੀਆਂ ਖਬਰਾਂ, ਹਰ ਜਿਊਂਦੀ ਜ਼ਮੀਰ ਨੂੰ ਮਜਬੂਰ ਕਰਦੀਆਂ ਹਨ ਕਿ ਉਹ ਕੋਈ ਧਿਰ ਚੁਣੇ। ਜਸਬੀਰ ਇਹੀ ਨਹੀਂ ਕਰਨਾ ਚਾਹੁੰਦਾ, ਕਿਉਂਕਿ ਇਹ ਕਾਫੀ ਮਹਿੰਗਾ ਤੇ ਔਖਾ ਸੌਦਾ ਹੈ। ਇਸ ਦੇ ਲਈ ਘਰ ਫੂਕਣੇ ਪੈਂਦੇ ਹਨ, ਕੰਨ ਪੜਵਾਉਣੇ ਪੈਂਦੇ ਹਨ, ਗਰੇਬਾਨ ਚਾਕ ਕਰਨੇ ਪੈਂਦੇ ਹਨ। ਇਹ ਕੰਮ 'ਸ਼ਰੀਫ ਜ਼ਾਦਿਆਂ' ਦਾ ਨਹੀਂ। ਇਸ ਲਈ ਉਹ ਜ਼ਿੰਦਗੀ ਦੀ ਹਰ ਉਸ ਘਟਨਾਂ ਤੋਂ ਅੱਖ ਬਚਾ ਕੇ ਲੰਘ ਗਿਆ ਹੈ ਜਿਹੜੀ ਉਸ ਤੋਂ ਕਿਸੇ ਆਦਰਸ਼ ਲਈ ਵਫਾ ਜਾਂ ਹਮਦਰਦੀ ਦਾ ਤਕਾਜ਼ਾ ਕਰ ਸਕਦੀ ਹੈ। ਉਹ ਜ਼ਾਹਰ ਇੰਝ ਕਰਦਾ ਹੈ ਜਿਵੇਂ ਉਹ ਕਾਮੂ ਦੇ ਨਾਵਲ "ਓਪਰਾ" ਦੇ ਮੁਖ ਕਿਰਦਾਰ ਵਾਂਗ ਜ਼ਿੰਦਗੀ ਦੇ ਚਿੱਕੜ ਤੋਂ ਨਿਰਲੇਪ ਹੈ। ਪਰ ਕਾਮੂ ਦਾ ਮੁਖ ਕਿਰਦਾਰ ਤਾਂ ਉਸ ਵਾਂਗ ਪ੍ਰੀਟੈਨਸ਼ਸ ਨਹੀਂ ਸੀ। ਉਸ ਨੇ ਕਦੇ ਕਵਿਤਾ ਨਹੀਂ ਸੀ ਲਿਖੀਆਂ, ਉਸ ਨੇ ਆਪਣੀ ਹਉਮੈ ਦੂਸਰਿਆਂ ਦੀ ਝੋਲੀ ਪਾਉਣ ਦੇ ਯਤਨ ਨਹੀਂ ਸਨ ਕੀਤੇ, ਉਹ ਜੋ ਕੁਝ ਸੀ ਆਪਣੇ ਤਕ ਸੀਮਤ ਸੀ।

ਜਸਬੀਰ ਆਪਣੇ ਆਪ ਬਾਰੇ ਪੰਜਾਬੀ ਕਵਿਤਾ ਵਿਚ ਪ੍ਰਗਤੀਵਾਦ ਤੋਂ ਬਾਅਦ ਦੇ ਦੌਰ ਦਾ ਮੋਢੀ ਦਸਦਾ ਹੈ। ਸਦਾ ਦਾਅਵਾ ਹੈ ਕਿ ਉਸ ਤੋਂ ਪਹਿਲਾਂ ਮਾਨਸਕ ਬਰੀਕੀਆਂ ਤੇ ਰਮਜ਼ਾਂ ਨੂੰ ਉਸ ਵਾਂਗ ਨਾ ਕਿਸੇ ਸਮਝਿਆ ਸੀ ਤੇ ਨਾ ਕਿਸੇ ਲਿਖਿਆ ਸੀ, ਹਾਲਾਂ ਕਿ ਉਸ ਨੇ

ਪਾਠਕਾਂ ਨੂੰ ਜੋ ਕੁਝ ਦਿੱਤਾ ਹੈ ਉਹ ਉਸ ਦੇ ਆਪਣੇ ਮਨ ਦਾ ਕੂੜਾ ਹੈ। ਉਹ ਪ੍ਰਗਤੀਵਾਦੀ ਕਵਿਤਾ ਨੂੰ ਨਾਅਰੇਬਾਜ਼ੀ ਆਖਦਾ ਹੈ ਕਿਉਂਕਿ ਉਸ ਵਿਚ ਪ੍ਰਗਤੀਵਾਦੀ ਹੋਣ ਜੋਗੀ ਸਮਰਥਾ ਜਾਂ ਮਾਨਸਕ ਡੂੰਘਾਈ ਨਹੀਂ। ਇਕ ਗੱਲ ਜਸਬੀਰ ਨੂੰ ਜ਼ਰੂਰ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਜੇ ਪ੍ਰਗਤੀਵਾਦੀ ਕਵਿਤਾ ਨਿਰੀ ਨਾਅਰੇਬਾਜ਼ੀ ਵੀ ਹੋਵੇ, ਤਾਂ ਵੀ ਨਾਅਰੇ ਮਾਰਨਾ ਪਰਯੋਗਵਾਦੀ ਕਵਿਤਾ ਨਾਲੋਂ ਕਿਤੇ ਵਧ ਔਖਾ ਕੰਮ ਹੈ। ਜ਼ਹਿਰ ਦੇ ਪਿਆਲੇ ਹਮੇਸ਼ਾਂ ਨਾਅਰੇ ਮਾਰਨ ਵਾਲਿਆਂ ਨੂੰ ਪੀਣੇ ਪਏ ਹਨ।

ਹਰ ਕਵਿਤਾ ਆਪਣੇ ਆਪ ਵਿਚ ਨਵਾਂ ਪਰਯੋਗ ਹੁੰਦੀ ਹੈ, ਫੇਰ ਜਸਬੀਰ ਨੇ ਨਵੀਂ ਗੱਲ ਕੀ ਕੀਤੀ ਹੈ ? ਸਿਰਫ ਇਹ ਕਿ ਕਵਿਤਾ ਜਿਹੀ ਮਹਾਨ ਕਲਾ ਨੂੰ ਹੁਸਨ, ਨਿਆਂ, ਹੱਕ ਤੇ ਸੱਚ ਵਲੋਂ ਮੋੜ ਕੇ ਮੱਧ ਸ਼੍ਰੇਣੀ ਦੀ ਨਿਪੁੰਸਕ ਮਾਨਸਕ ਗੀਂ ਗੀਂ ਦੀ ਪੱਧਰ ਉਤੇ ਕਿਵੇਂ ਲਿਆਂਦਾ ਜਾ ਸਕਦਾ ਹੈ। ਤੇ ਉਹ ਵੀ "ਤੂੜੀ ਦੇ ਕੂਪ ਤੋਂ ਵੀ ਲਮੇਰੀ ਆਸ" ਵਰਗੀਆਂ ਬੇਸਿਰ ਪੈਰ ਤਸ਼ਬੀਹਾਂ ਨਾਲ।

●

ਸਮਾਜਵਾਦੀ ਅਸਲਵਾਦ ਹਸਤੀ ਨੂੰ ਕਿਰਿਆ ਤੇ ਰਚਨਾ ਦੇ ਰੂਪ ਵਿੱਚ ਵੇਖਦਾ ਹੈ। ਸਮਾਜਵਾਦਕ ਯਥਾਰਥਵਾਦੀ ਲੇਖਕ ਮਨੁੱਖ ਨੂੰ ਚਿਤ੍ਰਕਾਰ ਵਾਂਗ ਕਿਰਿਆ ਰਹਿਤ ਰੂਪ ਵਿਚ ਨਹੀਂ ਚਿਤਰਦਾ ਸਗੋਂ ਉਹ ਮਨੁੱਖ ਨੂੰ ਲਗਾਤਾਰ ਕਿਰਿਆ ਤੇ ਕਰਮ ਵਿੱਚ ਚਿਤਰਨ ਦਾ ਯਤਨ ਕਰਦਾ ਹੈ। ਉਹ ਇਸ ਨੂੰ ਆਪਸ ਵਿੱਚ, ਜਮਾਤਾਂ ਵਿੱਚ, ਗਰੁਪਾਂ ਤੇ ਸ਼ਖਸੀਅਤਾਂ ਵਿੱਚ ਟੱਕਰਾਉਂਦਾ ਤੇ ਘੋਲ ਕਰਦਾ ਵੇਖਦਾ ਹੈ।

ਮੈਕਸਿਮ ਗੋਰਕੀ

●

# ਦਰਦ ਦਾ ਮਾਰਗ

ਨ. ਕ. ਜੋਸ਼ੀ

ਮਨੁਖ ਨੂੰ ਆਪਣੇ ਵਿਕਾਸ਼ ਵਿੱਚ ਹੋਰਾਂ ਪ੍ਰਤੀਭਾਵਾਂ ਦੇ ਨਾਲ ਨਾਲ "ਦਰਦ" ਮਾਨਣ ਦੀ ਸ਼ਕਤੀ ਨਸੀਬ ਵੀ ਹੋਈ ਹੈ। ਉਂਞ ਤਾਂ ਪਸ਼ੂ ਪੰਛੀਆਂ ਵਿਚ ਵੀ ਪੀੜਾ ਮਹਿਸੂਸ ਕਰਨ ਦੀ ਯੋਗਤਾ ਹੈ ਪਰ ਇਹ ਯੋਗਤਾ ਆਪਣੀ ਜਸਮਾਨੀ ਪੀੜਾ ਤੱਕ ਹੀ ਸੀਮਤ ਹੈ । "ਦਰਦ" ਰੂਪੀ ਸਦੀਵੀ ਅੰਤ ਹੀਣ ਚੁਭਣ ਕੇਵਲ ਮਨੁਖ ਦਾ ਹੀ ਵਿਰਸਾ ਹੈ, ਕੇਵਲ ਮਨੁਖ ਦਾ ਸਰਮਾਇਆ ਹੈ।

*"ਕਰਕ ਕਲੇਜੇ ਮਾਹਿੰ"—ਇਹ ਇੱਕ ਮਨੁਖ ਦੇ ਇੱਕ ਪ੍ਰਸਥਿਤੀ ਵਿੱਚ ਉਚਰੇ ਸ਼ਬਦ ਹੀ ਨਹੀਂ ਸਗੋਂ ਵੱਖੋ ਵੱਖ ਪ੍ਰਸਥਿਤੀਆਂ ਵਿੱਚ, ਵੱਖ ਵੱਖ ਸਮਿਆਂ ਤੇ ਹਰ ਮਨੁਖ ਦੀ ਅਤਿ ਪਿਆਰੀ ਪੀੜਾ ਦੇ ਪਰਤੀਕ ਹਨ। ਦਰਦ ਦਾ ਅਭਾਸ ਜੋ ਕੇਵਲ ਇੱਕ ਵਿਅਕਤੀ ਦੀ ਨਿੱਜੀ ਜਿਸਮਾਨੀ ਪੀੜਾ ਤੋਂ ਅਰੰਭ ਹੋਇਆ ਵਿਕਸਦਾ ਵਿਕਸਦਾ ਅੱਜ ਇਕ ਮੱਠ ਹੋਕੇ, ਜਿਸਮਾਨੀ ਸੀਮਾਂ ਉਲੰਘਕੇ ਤੇ ਵਿਅਕਤੀ ਦੇ ਅੰਤਰ ਦੇ ਘੇਰੇ ਟੱਪਕੇ ਸਾਰੀ ਮਾਨਵਤਾ ਦਾ ਮੀਤ ਬਣ ਗਿਆ ਹੈ। ਪਰ ਅੱਜ ਵੀ ਹਰ ਮਨੁੱਖ ਨੂੰ ਪੀੜਾ ਦੇ ਉਹ ਸਾਰੇ ਪੜਾ ਲੰਘਕੇ ਹੀ ਦਰਦ ਦੇ ਪੂਰਣ ਸਾਕਾਰ ਰੂਪ ਨੂੰ ਪਹਿਚਾਨਣ ਦਾ ਮੌਕਾ ਮਿਲਦਾ ਹੈ।

ਜੋਗਾ ਸਿੰਘ, ਦਰਦ ਦੇ ਅਭਾਸ ਦੇ ਪਹਿਲੇ ਪੜਾਵਾਂ ਵਿਚੋਂ ਲੰਘ ਰਿਹਾ ਹੈ, ਜਿਥੇ ਕਿ ਨਿੱਜੀ ਗ਼ਮ, ਸਾਂਝਾਂ ਦੀ ਅਣਹੋਂਦ, ਜੀਵਨ ਦੀਆਂ ਚੰਗੀਆਂ ਵਸਤਾਂ ਦੀ ਥੁੜੋਂ ਤੇ ਇਸਤਰੀ ਸਬੰਧਾਂ ਵਿਚ ਨਿੱਜੀ ਨਿਰਾਸ਼ਤਾ ਭਾਰੂ ਹੁੰਦੀਆਂ ਹਨ। ਦਰਦ ਦਾ ਅਹਿਸਾਸ ਵੀ ਬਹੁਤ ਗੂਹੜਾ ਤੇ ਤਲਖ ਹੁੰਦਾ ਹੈ। ਪ੍ਰਿਤਮਾਂ ਦੀ ਜੁਦਾਈ "ਘੁੱਟੀਂ ਘੁੱਟੀਂ" ਪੀਣੀ ਪੈਂਦੀ ਹੈ, ਜੀਵਨ ਓਪਰਾ ਓਪਰਾ ਜਾਪਦਾ ਹੈ। ਰਚਨਾ ਤੇ ਸਿਰਜਣ ਲਈ ਪਰੇਰਨਾ ਦੀ ਘਾਟ ਹੋ ਜਾਂਦੀ ਹੈ। ਅੱਖਾਂ ਦੀ ਰੌਸ਼ਨੀ ਖੱਤਮ ਹੋ ਜਾਂਦੀ ਹੈ :

ਤੈਂ ਬਿਨ ਖਾਲੀ ਨੈਨ ਨੀ

ਮੰਨਦਾ ਮਹਿਰਮ ਅੱਖੋਂ ਉਹਲ ਹੁੰਦਾ ਤੇ 'ਤਾਰਿਆਂ ਜਿਡੀ ਦੂਰੀ' ਤੇ ਜਾ ਪੁੱਜਦਾ ਹੈ। ਸਾਰੀ ਕਾਇਨਾਤ ਆ ਕੇ ਇੱਕ ਨੁਕਤੇ ਉਤੇ ਰੁੱਕ ਜਾਂਦੀ ਹੈ। ਸਭ ਕੁਝ ਗੁਆਚਿਆ

---

*"ਕਰਕ ਕਲੇਜੇ ਮਾਹਿੰ" ਕਾਵਿ ਸੰਗ੍ਰਹਿ—ਜੋਗਾ ਸਿੰਘ
ਕੀਮਤ ਤਿੰਨ ਰੁਪਏ
ਪ੍ਰਕਾਸ਼ਕ : ਲਿਖਾਰੀ ਸਭਾ ਬਰਨਾਲਾ

ਗੁਆਚਿਆ ਨਜ਼ਰ ਆਉਂਦਾ ਹੈ । ਹਰ ਚੀਜ਼ ਓਪਰਾਪਣ ਅਖਤਿਆਰ ਕਰ ਜਾਂਦੀ ਹੈ । ਗਾਲਬ ਤੇ ਮੋਮਨ ਦੀ ਤਰ੍ਹਾਂ ਅਜ ਦਾ ਨੌਜਵਾਨ ਵੀ ਮੁਢਲੀ ਗੱਲ ਕਹਿਣ ਉਤੇ ਉੱਤਰ ਆਉਂਦਾ ਹੈ :

ਸਾਡੇ ਕੋਲ ਜਦ ਸਾਡੜਾ ਯਾਰ ਹੁੰਦਾ ਨਹੀਂ
ਕਿਸੇ ਕਲੀ ਤੇ ਉਦੋਂ ਨਿਖਾਰ ਹੁੰਦਾ ਨਹੀਂ

ਅਜਿਹੀ ਮਾਨਸਕ ਦਸ਼ਾ ਵਿੱਚ ਹਿਜਰ ਦੇ ਹੌਕੇ ਦੇ ਨਾਲ ਨਾਲ ਮਨੁੱਖ ਨੂੰ ਆਪਣੇ ਨਿੱਜੀ ਬਲ ਤੇ ਅਖਤਿਆਰ ਦੇ ਸੀਮ ਹੋਣ ਦਾ ਗੰਭੀਰ ਅਹਿਸਾਸ ਹੁੰਦਾ ਹੈ । ਬੇਤਾਬੀ ਤੇ ਪਰੇਸ਼ਾਨੀ ਵਿਚ ਇਹ ਦੁਖਾਂਤਕ ਅਹਿਸਾਸ ਆਪਣੀ ਪੂਰੀ ਸ਼ਕਤੀ ਨਾਲ ਮਨ ਉਤੇ ਅੰਕਤ ਹੁੰਦਾ ਹੈ :

ਨਾ ਮੇਰੇ ਆਖੇ ਲੱਗਣ ਪੌਣਾ
ਨਾ ਧੁੱਪਾਂ ਨਾ ਛਾਵਾਂ

ਮਹਿਰੂਮੀਅਤ, ਇਕੱਲਤਾ ਤੇ ਅਪੂਰਤੀ ਦੇ ਹਨੇਰ ਵਿੱਚ ਜੋਗਾ ਸਿੰਘ—'ਉਡੀਕ' ਦੇ ਪਸਾਰ ਵਿਚੋਂ ਕੋਈ ਪੁਰ-ਉਮੀਦ ਕਿਰਨ ਲੱਭਣ ਦਾ ਯਤਨ ਕਰਦਾ ਹੈ । ਉਮੀਦ ਕੀ, ਉਸ ਨੂੰ ਯਕੀਨ ਹੈ ਕਿ :

ਰਾਤਾਂ ਨੂੰ ਦਿਲ ਕਿਸੇ ਦਾ ਜਲਦਾ ਜ਼ਰੂਰ ਹੈ

ਕਿਸੇ ਦੇ ਦਿਲ ਦੇ ਜਲਨ ਦਾ ਕਿੱਸਾ ਬੜੀ ਲੰਮੀਂ ਲਪੇਟ ਰਖਦਾ ਹੈ । ਪੀੜਾ ਜਦ ਗ਼ਮ ਦਾ ਸਮੁੰਦਰ ਪਾਰ ਕਰ ਕੇ ਦਰਦ ਵਿਚ ਢਲਦੀ ਹੈ ਤਾਂ ਇਸ ਦੀ ਪ੍ਰਕਿਰਤੀ ਤਬਦੀਲੀ ਦੇ ਨਾਲ ਨ ਲ ਇਸ ਦੀ ਜੱਕੜ ਅਥਾਹ ਗਹਿਰੀ ਹੋ ਜਾਂਦੀ ਹੈ । ਆਪਣਾ ਗ਼ਮ ਤੇ ਬਦ-ਨਸੀਬੀ ਯਾਰਾਂ ਮਿਤਰਾਂ ਦੀ ਝੋਲੀ ਵਿੱਚ ਵੀ ਦਿਸ ਪੈਂਦੀ ਹੈ । ਮਨੁੱਖ ਦੂਜੇ ਦੇ ਗ਼ਮਾਂ ਵਿਚ ਸ਼ਰੀਕ ਹੋ ਜਾਂਦਾ ਹੈ । ਗ਼ਮ ਦਾ ਘੇਰਾ ਪਸਰ ਕੇ 'ਦਰਦ' ਦਾ ਰੂਪ ਧਾਰਦਾ ਹੈ । ਜੋਗਾ ਸਿੰਘ ਇਸ ਅਵਸਥਾ ਨੂੰ ਇਉਂ ਬਿਆਨ ਕਰਦਾ ਹੈ :

ਸਾਡਾ ਇਹ ਰਾਜ਼ ਯਾਰੋ ਸਭਨਾ ਦਾ ਰਾਜ਼ ਹੈ

ਇਸ ਪੜਾ ਉਤੇ ਆ ਕੇ ਨਿੱਜੀ ਮੇਲ ਦਾ ਰਿਸ਼ਤਾ ਤੇ ਇਸ ਤੋਂ ਉਪਰੰਤ ਦੁੱਖ ਤੇ ਸ਼ੋਕ ਹਕੀਰ ਜਾਪਦੇ ਹਨ ਅਤੇ ਦਰਦ ਦਾ ਨਵਾਂ ਪੈਮਾਨਾ ਵੱਡਮੁੱਲੇ ਤੇ ਸਬਾਈ ਨੇੜ ਪਾਲਣ ਵਿੱਚ ਸਹਾਈ ਹੁੰਦਾ ਹੈ । ਯਾਰ ਮਿਤਰ 'ਦਰਦ ਦੇ ਸਾਨੀ' ਨਜ਼ਰ ਆਉਂਦੇ ਹਨ । ਹਰ ਅਪੂਰਨਤਾ ਦੇ ਨਾਲ ਇਕ ਯਾਦ ਬੱਝ ਜਾਂਦੀ ਹੈ :

ਸਭੋ ਕੁੱਝ ਗੰਵਾ ਕੇ ਬੱਸ ਇੱਕ
ਯਾਦ ਤੇਰੀ ਨੂੰ ਪਾਇਆ ।

ਜੋਗਾ ਸਿੰਘ ਹੰਝੂਆਂ ਦਾ ਚੀਦਾ ਪਾ ਕੇ ਯਾਦਾਂ ਪਾਲੀ ਜਾਂਦਾ ਹੈ । ਪ੍ਰੋ: ਅਤਰ ਸਿੰਘ ਦੇ ਕਥਨ ਅਨੁਸਾਰ ਜੋਗਾ ਸਿੰਘ "ਅਜੇ ਪੀੜ, ਨਿਰਾਸ਼ਾ ਅਤੇ ਵਿਸ਼ਾਦ ਦੇ ਜਾਣੇ ਪਹਿਚਾਣੇ ਰਾਹਾਂ ਉੱਤੇ ਹੀ ਤੁਰਿਆ ਹੈ" ਪਰ ਉਸ ਨੇ "ਕਈ ਥਾਈਂ ਇਸ ਗੱਲ ਦੇ ਪਰਮਾਣ ਦਿਤੇ ਹਨ ਕਿ ਉਹ ਇਸ ਹੱਦ ਤੱਕ ਤਾਂ ਅੱਪੜ ਗਿਆ ਹੈ ਕਿ ਉਹ ਪੀੜ ਜਰਨ ਤੇ ਨਿਰਾਸ਼ਾ ਭੁਗਤਣ ਦੀ ਮਨੁੱਖੀ ਵਿਰਾਸਤ

ਨੂੰ ਪਹਿਚਾਣ ਲਵੇ” ਇਹ ਕਹਿਣ ਲਈ ਸ਼ਾਇਦ ਪਰੋਫੈਸਰ ਅਤਰ ਸਿੰਘ ਜੋਗਾ ਸਿੰਘ ਦੀਆਂ ਅਜੇਹੀਆਂ ਸਤਰਾਂ ਨੂੰ ਮਨ ਵਿਚ ਰਖਦਾ ਹੈ :

ਨਿੱਤ ਹੰਝੂਆਂ ਦੇ ਸੌਦੇ, ਨਿੱਤ ਹੌਕਿਆਂ ਦੇ ਰਿਸ਼ਤੇ
ਨਿੱਤ ਠੋਹਕਰਾਂ ਦਾ ਖਾਣਾ, ਨਿੱਤ ਤਲਖੀਆਂ ਦਾ ਪੀਣਾ ।

ਜਾਂ

ਲੱਖ ਵਾਰੀਂ ਜਿਉਣਾ ਮਰਨਾ ਪਵੇਗਾ

ਸ਼ਾਇਦ ਇਹ ਅਹਿਸਾਸ ਪੂਰਾ ਨਿਖਰਕੇ ਕਲਾਸਕੀ ਪਧਰ ਉਤੇ ਇੰਝ ਪਰਗਟ ਹੁੰਦਾ ਹੈ ।

ਕਲੀ ਗਈ ਮੁਰਝਾ ਟਹਿਣੀ ਸੁੱਕ ਗਈ
ਇਹ ਵੀ ਇਕ ਕਹਾਣੀ ਆਪਣੀ ਹੋ ਗਈ

ਜਾਂ

ਉਮਰ ਭਰ ਮੈਂ ਰੱਜ ਕੇ ਇਹ ਮਾਨਣਾ
ਮੈਨੂੰ ਦਰਦਾਂ ਦਾ ਭੰਡਾਰਾ ਮਿਲ ਗਿਆ ।

ਜੋਗਾ ਸਿੰਘ ਦੀ ਦਰਦ ਦੀ ਸਾਧਨਾ ਆਪਣੇ ਨਿੱਜੀ ਦੁਖ ਤੋਂ ਉੱਠ ਕੇ ਦੂਜਿਆਂ ਨਾਲ ਸਾਂਝ ਪਾਉਣ ਦੇ ਰਾਹ ਵੱਲੇ ਤੁਰ ਪਈ ਹੈ। ਇਸ ਰਾਹ ਵਿੱਚ ਅਨੇਕਾਂ ਔਕੜਾਂ ਹਨ । ਦਰਦ ਪੈਂਡਾ ਨਾ ਕੇਵਲ ਲੰਬਾ ਹੈ ਸਗੋਂ ਬੇਅੰਤ ਗੁੰਝਲਾਂ ਤੇ ਦੁੱਖਾਂ ਨਾਲ ਭਰਿਆ ਹੋਇਆ ਹੈ । ਅਜ ਦੇ ਬਹੁਤ ਸਾਰੇ ਨੌਜਵਾਨ ਇਸ ਪੈਂਡੇ ਤੋਂ ਥਿੜਕ ਜਾਂਦੇ ਹਨ । ਘਬਰਾਕੇ ਨਿੱਜੀ ਪੀੜਾ ਤੋਂ ਨਿਜੀ ਵਿਸ਼ਾਦ ਵਲ ਤੁਰਦੇ ਹੱਨ ਤੇ ਅੰਤ ਵਿੱਚ ਨਿਰਾਸ਼ਾ, ਬੇਹਿੰਮਤੀ ਤੇ ਅਫਸੁਰਦਗੀ ਦਾ ਸ਼ਿਕਾਰ ਹੋਕੇ ਨਕਾਰਾ ਖੋਖਲੇ ਮਨੁੱਖ ਬਣ ਜਾਂਦੇ ਹਨ ।

ਸਮਾਜ ਦੀਆਂ ਘਾਟਾਂ ਦਾ ਗਿਆਨ ਹੋਣਾ, ਸੰਸਾਰ ਦੇ ਪਰੀਪੂਰਣ ਨਾ ਹੋਣ ਦਾ ਗ਼ਮ ਹੋਣਾ, ਚੰਗਾ ਜੀਵਨ ਨਾ ਮਾਣ ਸਕਣਾ ਮਨੁਖ ਨੂੰ ਕਿਸੇ ਹੱਦ ਤੱਕ ਅਫਸੁਰਦਾ ਕਰਦਾ ਹੈ । ਪਰ ਅਫਸੁਰਦਗੀ ਆਪਣੇ ਆਪ ਵਿੱਚ ਕੋਈ ਚੰਗਾ ਅਹਿਸਾਸ ਨਹੀਂ :

ਅਫਸੁਰਦਗੀ ਨਹੀਂ ਤਰਬ-ਅਫਸ਼ਾਇ-ਅਲਤਫਾਤ
ਹਾਂ ਦਰਦ ਬਨਕੇ ਦਿਲ ਮੇਂ ਮਗਰ ਜਾ ਕਰੇ ਕੋਈ ।

(ਗ਼ਾਲਬ)

ਦਰਦ ਲਈ ਜ਼ਰੂਰੀ ਹੈ ਕਿ ਉਹ ਮਨੁੱਖੀ ਮਨ ਵਿੱਚ ਆਪਣੀ ਸਥਾਈ ਥਾਂ ਉਲੀਕੇ । ਨਿੱਜੀ ਪੀੜਾ ਜਾਂ ਉਸਕਸਾਹਟ ਤੋਂ ਉੱਠਕੇ ਇਕ ਰਾਹ ਬਣ ਜਾਏ, ਇਕ ਰਵਸ਼ ਬਣ ਜਾਏ ਜਿਸ ਉਤੇ ਤੁਰਨਾ ਗੌਰਵਤਾ ਹੋਵੇ ।

ਹਰਭਜਨ ਸਿੰਘ ਹੁੰਦਲ ਲਈ ਦਰਦ ਇਕ *“ਮਾਰਗ” ਹੈ । ਇਹ ਮਾਰਗ “ਸਾਡੇ

*“ਮਾਰਗ” ਕਾਵਿ ਸੰਗ੍ਰਹਿ—ਹਰਭਜਨ ਸਿੰਘ ਹੁੰਦਲ
ਕੀਮਤ ਤਿੰਨ ਰੁਪਏ
ਪ੍ਰਕਾਸ਼ਕ : ਰਾਜ ਰੂਪ ਪ੍ਰਕਾਸ਼ਨ, ਜਲੰਧਰ

ਵਿਰਸੇ ਤੇ ਮਾਹੌਲ ਦੀਆਂ ਤਲਖ ਹਕੀਕਤਾਂ ਦੀ ਪੈਦਾਵਾਰ" ਹੈ। ਇਹ ਸਾਡੀਆਂ "ਪੀੜਾਂ ਤੇ ਲੋਰਾਂ ਸਮਹੂਕ ਸਮਾਜੀ ਜੀਵਨ ਦੀਆਂ ਹਨ।" (ਮੁਖ ਸ਼ਬਦ ਵਿੱਚ ਮੀਸ਼ਾ)

ਹਰਭਜਨ ਸਿੰਘ ਹੁੰਦਲ ਨੂੰ ਨਾ ਕੇਵਲ ਨਿੱਜੀ ਪੀੜਾਂ ਦਾ ਗਿਆਨ ਹੈ, ਸਗੋਂ ਉਸ ਨੂੰ ਸਾਡੇ ਸਮੇਂ ਦੀਆਂ, ਸਾਡੀ ਪੀਹੜੀ ਦੀਆਂ ਤੇ ਸਾਡੇ ਸਮਾਜ ਦੀਆਂ ਪੀੜਾਂ ਉਤੇ ਅਬੂਰ ਵੀ ਪ੍ਰਾਪਤ ਹੈ। ਉਸ ਦਾ ਚੇਤੰਨ ਦਿਮਾਗ ਤੇ ਦਰਦਮੰਦ ਦਿਲ ਸਮਾਜ ਵਿੱਚ ਰਚੇ ਹੋਏ ਕੋਝ, ਗੰਦ ਅਤੇ ਕੂੜ ਤੋਂ ਖਿਝਦਾ ਹੈ। ਇਹ ਕੂੜ ਉਸ ਦੀ ਨਿੱਜੀ ਤਾਂਘ ਨੂੰ ਬੇਨੂਰ ਤੇ ਨਿਕਾਰਾ ਕਰ ਦਿੰਦਾ ਹੈ। ਮਜਬੂਰੀ ਵਿੱਚ ਉਹ ਕਹਿੰਦਾ ਹੈ :

ਰੋਜ਼ ਸਵੇਰੇ
ਸੱਚ ਦੀ ਭਾਲ 'ਚ ਤੁਰਦਾ ਹਾਂ
ਦਿਨ ਢਲਦੇ ਪਰ
ਕੂੜ ਖੱਟ ਕੇ ਮੁੜਦਾ ਹਾਂ।

ਇਹ ਖੁਸ਼ੀ ਦੀ ਗੱਲ ਹੈ ਕਿ ਹੁੰਦਲ ਨੂੰ ਇਸ ਕੂੜ ਦਾ ਅਹਿਸਾਸ ਨਿਰਾਸ਼ਾ ਦੀ ਝੋਲੀ ਵਿੱਚ ਨਹੀਂ ਸੁਟਦਾ, ਸਗੋਂ ਸੰਘਰਸ਼ ਲਈ ਪਰੇਰਦਾ ਹੈ। ਉਹ ਜਾਣਦਾ ਹੈ ਕਿ :

ਚੁਪ ਕਾਲੀ ਦਾ ਚੁਫੇਰੇ ਰਾਜ ਹੈ

............................................

ਚਾਰੇ ਪਾਸੇ ਦਾ ਹਨੇਰਾ
ਕਿੰਝ ਮੈਨੂੰ ਘੂਰਦਾ ਹੈ।

ਪਰ ਇਸ ਹਨੇਰ ਤੇ ਘੁੱਟਣ ਵਿੱਚ ਉਸ ਦਾ ਇਸ਼ਕ ਹੌਸਲੇ ਤੇ ਰੌਸ਼ਨੀ ਦਾ ਪਰਤੀਕ ਹੈ :

ਹੋਰ ਪੈਂਡੇ ਇਸ਼ਕ ਦੇ ਦੁਸ਼ਵਾਰ ਨੇ
ਜੰਮ ਗਈ ਝੁਲਾਂ ਤੇ ਕੇਹੀ ਸਿੱਕੜੀ।

ਮਹਿਰੂਮੀਅਤ ਤੋਂ ਬਾਦ ਨਿਕੀ ਪਰਾਪਤੀ, ਅਸੀਮਤ ਤੋਟਾਂ ਤੋਂ ਬਾਦ ਨਿਗੂਣੀ ਜਿੱਤ ਦੇ ਸੰਘਰਸ਼ ਵਿਚੋਂ ਹੁੰਦਲ ਇਹ ਸਮਝਣ ਵਿਚ ਸਫਲ ਹੋਇਆ ਹੈ ਕਿ 'ਯਕੀਨ' ਗਮ ਨਾਲੋਂ 'ਕਰੀਮਤਰ' ਤੇ ਹੋਣ ਵਾਲੀ ਸਵੇਰ ਅਜ ਦੀਆਂ ਹਨੇਰੀਆਂ ਰਾਤਾਂ ਤੋਂ 'ਅਜ਼ੀਮਤਰ' ਹੋਵੇਗੀ।

ਬੇਸ਼ਕ ਅੱਜ :

ਕਾਲੀ ਬੋਲੀ ਰਾਤ ਹਨੇਰੀ
ਹਰ ਬੂਹਾ ਹੈ ਮੱਲ ਖਲੋਤੀ

ਪਰ ਅੱਜ ਵੀ :

ਪੌਣਾਂ ਵਿਚ ਤਰਨ ਖੁਸ਼ਬੋਆਂ
ਘੜੀ ਸੁਹਾਣੀ ਹੁੰਦਾ ਜਾਵੇ,

ਸੂਹਾ ਮੁੱਖ ਪਿਆਰ ਦਾ ।
ਅੱਖ ਅੰਬਰ ਦੀ ਸੂਹੇ ਡੋਰੇ
ਹੱਥ ਕਿਸੇ ਦਾ ਰਾਹਾਂ ਉਤੇ,
ਮਹਿਕਾਂ ਪਿਆ ਖਿਲਾਰਦਾ ।
ਆਖਰ ਪੁੱਗੇ ਕੌਲ ਇਸ਼ਕ ਦੇ
ਸੂਰਜ ਧਰਤੀ ਦੇ ਸਿਰ ਉੱਤੋਂ
ਕਿਰਨਾਂ-ਮੋਤੀ ਵਾਰਦਾ ।

"ਪੌਣਾਂ ਵਿੱਚ ਤਰਦੀ ਖੁਸ਼ਬੋ", "ਸੂਹੇ ਫੁੱਲਾਂ ਦੀ ਮਹਿਕ" ਤੇ "ਕਿਰਨਾਂ ਦੀ ਵਰਖਾ" ਦਾ ਸੰਦੇਸ਼ ਦਿੰਦਾ ਹੁੰਦਲ ਦਰਦ ਦੇ ਫਾਸਲੇ ਸੰਖੇਪ ਕਰਦਾ ਨਜ਼ਰ ਆਉਂਦਾ ਹੈ।

ਜੋਗਾ ਸਿੰਘ ਦੇ ਦਰਦ ਦਾ ਨਿਜੀ ਤਸੱਵਰ :
ਰੋਜ਼ ਤੇਰੇ ਮੇਲ ਦੀ
ਇਕ ਆਸ ਲੈ ਕੇ ਆਂਦਾ ਹਾਂ,
ਰੋਜ਼ ਮੁੜ ਕੇ ਜਾਂਵਦਾ ਹਾਂ
ਮੂਲ ਨੂੰ ਸੀਨੇ ਨਿਘਾਰ।

ਵਿਕਸਤ ਹੋਕੇ, ਤਜਰਬੇ ਦੀ ਭੱਠੀ ਵਿਚੋਂ ਲੰਘ ਕੇ ਹੁੰਦਲ ਦੇ ਸ਼ਬਦਾਂ ਵਿੱਚ, ਸਮਾਜੀ ਪਰਕਰਣ ਧਾਰ ਲੈਂਦਾ ਹੈ :

ਰੋਜ਼ ਸਵੇਰੇ
ਸੱਚ ਦੀ ਭਾਲ 'ਚ ਤੁਰਦਾ ਹਾਂ
ਦਿਨ ਢੱਲਦੇ ਪਰ
ਕੂੜ ਖੱਟ ਕੇ ਮੁੜਦਾ ਹਾਂ।

ਮੈਂ ਉਮੀਦ ਰਖਦਾ ਹਾਂ ਕਿ ਜੋਗਾ ਸਿੰਘ ਦੀ ਪੀੜਾ ਆਪਣੇ ਅੰਤਰ ਦੀ ਨਿਰਾਸ਼ਾ ਤੇ ਵਿਸ਼ਾਦ ਦੇ ਸੀਮਤ ਘੇਰੇ ਵਿਚੋਂ ਲੰਘ ਕੇ ਦਰਦ ਦੇ ਮਾਰਗ ਦੀ ਵਿਰਾਸਤ ਨੂੰ ਪਛਾਣ ਸਕੇਗੀ।

ਦਰਦ ਦਾ ਰਿਸ਼ਤਾ ਇੱਕ ਅਥਾਹ ਕੁਰਬ ਤੇ ਸਾਂਝ ਦਾ ਪਰਤੀਕ ਹੈ । ਦਰਦ ਦਾ ਮਾਰਗ ਹਜ਼ਾਰਾਂ ਦਿਲਾਂ, ਜਿਗਰਾਂ ਦੇ ਖ਼ੂਨ ਨਾਲ ਸ਼ਦਾਬ ਹੈ। ਇਸ ਰਾਹ ਤੇ ਹਰ ਜ਼ਖਮ ਖਿੜਦਾ ਹੈ। ਹਰ ਆਹ ਰਸਾਈ ਵੱਲ ਲੈ ਜਾਂਦੀ ਹੈ। ਹਰ ਤਸੀਹਾ ਜ਼ਿੰਦਗੀ ਦੀਆਂ ਅਸੀਮਤ ਉਚਾਈਆਂ ਵੱਲ ਇਸ਼ਾਰਾ ਕਰਦਾ ਹੈ।

# 'ਮੜ੍ਹੀ' ਤੇ 'ਮਿੱਟੀ'

ਰਘਬੀਰ ਸਿੰਘ

'ਮੜ੍ਹੀ* ਦਾ ਦੀਵਾ' ਤੇ 'ਮਿੱਟੀ★ ਦੀ ਢੇਰੀ' ਪੰਜਾਬੀ ਨਾਵਲ ਸਾਹਿੱਤ ਵਿੱਚ ਦੋ ਨੌਜੁਆਨ ਲੇਖਕਾਂ ਦੀਆਂ ਪਲੇਠੀ ਦੀਆਂ ਰਚਨਾਵਾਂ ਹਨ। "ਮੜ੍ਹੀ ਦਾ ਦੀਵਾ" ਲਿਖਣ ਤੋਂ ਪਹਿਲਾਂ ਇਸ ਦਾ ਰਚਨਹਾਰਾ ਗੁਰਦਿਆਲ ਸਿੰਘ ਕਹਾਣੀ ਦੇ ਖੇਤਰ ਵਿਚ ਆਪਣੀ ਰਚਨਾ 'ਸੱਗੀ ਫੁੱਲ' ਰਾਹੀਂ ਕਾਫ਼ੀ ਮਾਨਤਾ ਪ੍ਰਾਪਤ ਕਰ ਚੁਕਾ ਹੈ। ਸੁਰਜੀਤ 'ਹਾਂਸ' ਵਲੋਂ ਕੋਈ ਪੁਸਤਕ ਪ੍ਰਾਪਤੀ ਭਾਵੇਂ ਪੰਜਾਬੀ ਸਾਹਿੱਤ ਨੂੰ ਇਸ ਤੋਂ ਪਹਿਲਾਂ ਨਹੀਂ ਹੋਈ ਪਰੰਤੂ ਉਹ ਵੀ ਅਸਲੋਂ ਅਣਜਾਣਿਆਂ ਲੇਖਕ ਨਹੀਂ। ਮਾਸਕ ਪੱਤਰਾਂ ਵਿੱਚ ਆਪਣੀਆਂ ਪ੍ਰਕਾਸ਼ਤ ਕਹਾਣੀਆਂ ਤੇ ਨਿਬੰਧਾਂ ਦੁਆਰਾ ਉਹ ਵੀ ਇਕ ਹੱਦ ਤਕ ਪੰਜਾਬੀ ਸਾਹਿਤ ਸੰਸਾਰ ਨਾਲ ਪ੍ਰੀਚਤ ਹੈ।

ਇਹਨਾਂ ਦੋਹਾਂ ਨਾਵਲਾਂ ਉੱਪਰ ਰਲਵੀਂ ਵਿਚਾਰ ਅਸਲੋਂ ਹੀ ਇਕ ਅਣਹੋਣੀ ਤੇ ਓਪਰੀ ਜਿਹੀ ਗੱਲ ਜਾਪ ਸਕਦੀ ਹੈ ਕਿਉਂ ਜੁ ਆਪਣੇ ਅਮਲ ਦੇ ਖੇਤਰ, ਬੌਧਿਕ ਦ੍ਰਿਸ਼ਟੀ ਤੇ ਕਲਾਤਮਿਕ ਨਿਭਾਅ ਵਿਚ ਇਹ ਦੋਵੇਂ ਐਨੇ ਜ਼ਿਆਦਾ ਇਕ ਦੂਜੇ ਤੋਂ, ਜੇ ਵਿਪਰੀਤ ਨਹੀਂ ਤਾਂ, ਵੱਖਰੇ ਹਨ ਕਿ ਇਹਨਾਂ ਵਿਚਾਲੇ ਕੋਈ ਜੁੜਵੀਂ ਰੇਖਾ ਨਹੀਂ ਖਿੱਚੀ ਜਾ ਸਕਦੀ। ਇਸ ਲਈ ਇਹਨਾਂ ਦੋਵਾਂ ਦਾ ਮਿਲਵਾਂ ਅਧਿਅਨ ਕਰਨ ਦਾ ਸਾਹਸ ਜੇ ਪੈਂਦਾ ਹੁੰਦਾ ਹੈ ਤਾਂ ਕੇਵਲ ਇਸ ਲਈ ਕਿ ਆਪਣੇ ਜਨਮ ਸਮੇਂ ਅਤੇ ਇਸ ਪਿਛੋਂ ਇਹਨਾਂ ਉਪਰ ਹੋਈ ਚਰਚਾ ਵਿਚ ਦੋਨਾਂ ਨੂੰ ਲਗ ਪਗ ਸਮਾਨਤਾ ਪ੍ਰਾਪਤ ਹੈ।

ਗੁਰਦਿਆਲ ਸਿੰਘ ਆਪਣੀ ਰਚਨਾ ਵਿਚ ਪੰਜਾਬੀ ਨਾਵਲ ਦੀ ਪਰੰਪਰਾ ਦੇ ਚੋਖਟੇ ਵਿਚ ਰਹਿਕੇ ਪ੍ਰਾਪਤੀ ਕਰਨ ਦਾ ਯਤਨ ਕਰਦਾ ਹੈ। ਉਸਦੀ ਕਹਾਣੀ ਚੋਣ ਤੇ ਚੁਣੀ ਗਈ ਕਹਾਣੀ ਦਾ ਨਿਭਾਅ ਉਸ ਕਲਾ ਪੱਧਰ ਤੋਂ ਵੱਖਰਾ ਨਹੀਂ ਜਿਸਨੂੰ ਨਾਨਕ ਸਿੰਘ ਤੇ ਜਸਵੰਤ ਸਿੰਘ

---

*"ਮੜ੍ਹੀ ਦਾ ਦੀਵਾ" (ਨਾਵਲ)—ਗੁਰਦਿਆਲ ਸਿੰਘ
ਕੀਮਤ ਚਾਰ ਰੁਪਏ
ਪ੍ਰਕਾਸ਼ਕ : ਨਵਯੁਗ ਪਰੈਸ, ਚਾਂਦਨੀ ਚੌਕ, ਦਿੱਲੀ

★"ਮਿੱਟੀ ਦੀ ਢੇਰੀ" (ਨਾਵਲ)—ਸੁਰਜੀਤ ਹਾਂਸ
ਕੀਮਤ ਚਾਰ ਰੁਪਏ ਪੰਜਾਹ ਪੈਸੇ
ਪ੍ਰਕਾਸ਼ਕ : ਨਵੀਨ ਸਾਹਿਤ ਪ੍ਰਕਾਸ਼ਨ, ਜਲੰਧਰ

ਕੰਵਲ ਨੇ ਰੂਪ ਬਖਸ਼ਿਆ ਹੈ। ਇਸ ਦ੍ਰਿਸ਼ਟੀ ਤੋਂ ਗੁਰਦਿਆਲ ਸਿੰਘ ਉਨਾ ਨਵੀਨ ਨਹੀਂ ਜਿੰਨਾ ਸੁਰਜੀਤ 'ਹਾਂਸ' ਆਪਣੇ ਨਾਵਲ ਵਿਚ ਹੋ ਸਕਿਆ ਹੈ। ਐਪਰ ਇਸਦੇ ਬਾਵਜੂਦ ਇਹ ਨਾਵਲ ਇੱਕ ਸਰੇਸ਼ਟਤਮ ਪ੍ਰਾਪਤੀ ਹੈ, ਤਾਂ ਇਸ ਲਈ ਕਿ ਨਾਨਕ ਸਿੰਘ-ਕੰਵਲ ਪਰੰਪਰਾ ਨੇ ਆਪਣੀਆਂ ਉਨ੍ਹਾਂ ਸਾਰੀਆਂ ਵਿਚਾਰਆਤਮਿਕ ਤੇ ਕਲਾਤਮਿਕ ਸੰਭਾਵਨਾਵਾਂ ਨੂੰ ਇਸ ਪੱਧਰ ਤੱਕ ਵਰਤੋਂ ਵਿਚ ਨਹੀਂ ਲਿਆਂਦਾ ਕਿ ਉਹ ਆਪਣੀ ਸਮਰੱਥਾ ਗੁਆ ਚੁੱਕੀਆਂ ਹੋਣ। ਗੁਰਦਿਆਲ ਸਿੰਘ ਨਿਸਚੇ ਹੀ ਇਸ ਪਰੰਪਰਾ ਨੂੰ ਇਕ ਸਾਰਥਕ ਸੇਧ ਵਿਚ ਅੱਗੇ ਖੜਦਾ ਹੈ।

ਮੜ੍ਹੀ ਦੇ ਦੀਵੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਸ ਵਿਚ ਕਿਧਰੇ ਵੀ ਪਾਤਰ ਚਿਤਰਨ ਅਤੇ ਘਟਨਾ ਦੇ ਬਿਆਨ 'ਚ ਉਪਭਾਵਕਤਾ ਦਾ ਪ੍ਰਗਟਾ ਨਹੀਂ ਹੁੰਦਾ। ਨਾਵਲ ਦਾ ਮੁੱਖ ਪਾਤਰ ਜਗਸੀਰ ਇਕ ਅਤਿ ਗਰੀਬ ਦਿਹਾਤੀ ਮਜ਼ਦੂਰ ਅਥਵਾ ਚੂਹੜਿਆਂ ਦੀ ਦਲੱਤ ਸ਼ਰੇਣੀ ਦੇ ਅਜਿਹੇ ਪ੍ਰਵਾਰ ਦਾ ਇੱਕ ਸਧਾਰਨ ਜਿਹਾ ਮੈਂਬਰ ਹੈ ਜਿਸਦਾ ਨਿਭਾਅ ਸਾਡੇ ਪੇਂਡੂ ਜ਼ਰਈ ਭਾਈਚਾਰੇ ਵਿਚ ਆਪਣੀ ਕੋਈ ਭੋਂ ਨਾ ਹੋਣ ਕਾਰਨ ਇੱਕ ਭੋਂ-ਪਤੀ ਕਿਸਾਨ ਪਰਵਾਰ ਨਾਲ ਸੀਰ ਕਰਨ ਉੱਤੇ ਨਿਰਭਰ ਹੈ ਅਤੇ ਧਰਮ ਸਿੰਘ ਦੇ ਪਰਵਾਰ ਨਾਲ ਇਹ ਸੀਰ ਉਸਨੇ ਆਪਣੇ ਵੱਡੇ ਵਡੇਰਿਆਂ ਤੋਂ ਵਿਰਸੇ ਵਿਚ ਲਈ ਇੱਕੋ ਇਕ ਪੂੰਜੀ ਹੈ। ਜਗਸੀਰ ਕੋਈ ਅਸਾਧਾਰਨ ਸੂਝ ਸਿਆਣਪ ਦਾ ਸੁਆਮੀ ਨਹੀਂ। ਉਹ ਕੋਈ ਬਹੁਤ ਜ਼ਿਆਦਾ ਸਨੁੱਖਾ ਤੇ ਸੁਹਣਾ ਵੀ ਨਹੀਂ ਭਾਵੇਂ ਕਿ ਉਸਦੇ ਸਰੀਰ ਦੀ ਕਾਠ ਉਸਦੀਆਂ ਹਾਨਣਾਂ ਨੂੰ ਪ੍ਰਭਾਵਿਤ ਕਰ ਸਕਣ ਦੇ ਸਮਰੱਥ ਹੈ। ਇਸ ਤਰ੍ਹਾਂ ਗੁਰਦਿਆਲ ਸਿੰਘ ਨੇ ਬਿਲਕੁੱਲ ਸਧਾਰਨਤਾ ਨੂੰ ਵਿਸ਼ੇਸ਼ਤਾ ਦਾ ਜਾਮਾ ਪੁਆਉਣ ਵਿਚ ਜੋ ਸਾਹਸ ਵਿਖਾਇਆ ਹੈ ਉਹ ਇਸ ਨੂੰ ਸਾਡੇ ਪਹਿਲੇ ਨਾਵਲਕਾਰਾਂ ਦੇ ਵਿਆਪਕ ਔਗੁਣ—ਅਸੁਭਾਵਕਤਾ, ਅਸਾਧਾਰਨਤਾ ਤੇ ਕਿਸੇ ਹੱਦ ਤੱਕ ਉਪਭਾਵੁਕਤਾ ਤੋਂ ਬਚਾਉਣ ਦਾ ਸਾਧਨ ਬਣ ਜਾਂਦਾ ਹੈ, ਜਗਸੀਰ ਦੀ ਆਪਣੇ ਇਸ਼ਕ ਵਿੱਚ (ਜੇ ਇਹ ਸਚਮੁੱਚ ਇਸ਼ਕ ਹੈ ਤਾਂ) ਅਸਫਲਤਾ ਤੇ ਪੀੜ੍ਹੀਆਂ ਤੋ ਚੱਲੇ ਆ ਰਹੇ ਜ਼ਰਈ ਰਿਸ਼ਤੇ ਤੋਂ ਅਲਹਿਦਗੀ, ਉਪਰੰਤ ਆਪਣੇ ਸ਼ਰੇਣਿਕ ਸੰਸਕਾਰਾਂ ਅਨੁਸਾਰ ਸਮਾਜਿਕ ਪੱਖ ਤੋਂ ਉਸਦੇ ਘਰ ਦੀ ਮੰਦਹਾਲੀ ਜਿਸ ਹੱਦ ਤੱਕ ਉਸਨੂੰ ਕੁਝ ਸੋਚਣ ਲਈ ਮਜਬੂਰ ਕਰਦੀ ਹੈ ਉਹ ਲੇਖਕ ਦੀ ਕਿਸੇ ਨਿਸਚਤ ਪਹੁੰਚ ਉਪਰ ਅਧਾਰਤ ਕੱਢੇ ਸਿੱਟਿਆਂ ਦਾ ਭੁਲੇਖਾ ਨਹੀਂ ਪਾਉਂਦੀ ਸਗੋਂ ਨਾਵਲ ਦੀ ਕਹਾਣੀ ਦੇ ਸਮੁੱਚੇ ਤਾਣੇ ਪੇਟੇ ਦਾ ਇਕ ਅੰਗ ਹੋ ਨਿੱਬੜਦੀ ਹੈ। ਧਰਮ ਸਿੰਘ ਦੇ ਪੁੱਤਰ ਭੰਤੇ ਦੁਆਰਾ ਅਪਮਾਨ ਹੋਣ ਉਪਰੰਤ ਅਤੇ "ਆਪਣੇ ਖੇਤ" ਦੀ ਟਾਹਲੀ ਅਤੇ ਉਸ ਦੇ ਹੇਠਾਂ ਬਣੀ ਹੋਈ ਬਜ਼ੁਰਗਾਂ ਦੀ ਮੜ੍ਹੀ ਦੇ ਬੁਰੀ ਤਰ੍ਹਾਂ ਪੁੱਟੇ ਜਾਣ ਤੋਂ ਪਿਛੋਂ ਉਸ ਵਲੋਂ ਆਪਣੇ ਸਾਰੇ ਜੀਵਨ ਵੱਲ ਝਾਤ ਮਾਰਨੀ; ਆਪਣੀ ਮਨੁੱਖਾ ਜੂਨ ਉੱਤੇ ਤਰਸ ਭਰੀ ਨਿਗਾਹ ਸੁੱਟਣੀ; ਆਪਣੇ ਘਰਾਂ ਵਿਚ ਕੁੱਤਿਆਂ ਦੇ ਘੋਰਨਿਆਂ ਵਰਗੀ ਸਮਾਨਤਾ ਵੇਖਣੀ ਅਤੇ ਉੱਤੇ ਕ੍ਰਤੀ ਵਰ੍ਹਿਆਂ ਬੱਧੀ ਢਹਿੰਦੀਆਂ ਕੱਚੀਆਂ ਕੰਧਾਂ ਉੱਤੇ ਲਾਏ ਗਏ ਲਿਆਉੜਾਂ ਵਿਚੋਂ ਕੋਹੜੀ ਦੇ ਫੋੜਿਆਂ ਵਰਗੀ ਸ਼ਕਲ ਵੇਖਣੀ ਬਹੁਤ ਹੱਦ ਤੱਕ ਸੁਭਾਵਕ ਜਾਪਦੀ ਹੈ। ਆਪਣੇ ਸੰਖੇਪ ਜਿਹੇ ਜੀਵਨ ਵਿਚ ਜਿੰਨੀਆਂ ਔਕੜਾਂ ਤੇ ਅਸਫਲਤਾਵਾਂ ਦਾ ਉਸਨੂੰ ਸਾਹਮਣਾ ਕਰਨਾ ਪਿਆ, ਉਹ ਉਸਦੀ ਸੂਝ ਨੂੰ ਇੱਕ ਹੱਦ ਤੱਕ ਪ੍ਰਚੰਡ ਕਰਨ ਦਾ ਮਾਧਿਅਮ ਬਣਦੀਆਂ ਗਈਆਂ ਹਨ। ਪਰੰਤੂ ਸਾਡੇ ਦੂਜੇ ਨਾਵਲਕਾਰਾਂ ਦੇ ਬਿਪ੍ਰੀਤ ਗੁਰਦਿਆਲ ਸਿੰਘ ਇਸ ਅਵਸਥਾ ਤੇ ਜਗਸੀਰ ਨੂੰ ਕੋਈ ਚੇਤਨ, ਕ੍ਰਾਂਤੀਕਾਰੀ

ਜਾਂ ਸੰਗਰਾਮੀਆਂ ਬਨਾਉਣ ਦੀ ਲੋੜ ਮਹਿਸੂਸ ਨਹੀਂ ਕਰਦਾ। ਸਗੋਂ ਵਾਸਤਵਿਕਤਾ ਦੀ ਪੱਧਰ ਤੇ ਉਸਨੂੰ ਆਪਣੀ ਮੰਦਹਾਲੀ ਦੇ ਸਿਖਰ ਤੇ ਅਣਜਾਣੀ ਮੌਤ ਮਰਦਾ ਵਿਖਾਉਂਦਾ ਹੈ। ਆਪਣੇ ਨਾਇਕ ਦਾ ਅਜਿਹਾ ਚਿਤਰਨ ਕਰਕੇ ਲੇਖਕ ਨੇ ਨਿਰਸੰਦੇਹ ਪੰਜਾਬੀ ਨਾਵਲਕਾਰਾਂ ਲਈ ਇੱਕ ਵੱਡੀ ਸਮੱਸਿਆ ਸੁਲਝਾ ਦਿੱਤੀ ਹੈ ਕਿ ਕੀ ਪ੍ਰਗਤੀਵਾਦੀ ਦਿੱਖ ਇਸੇ ਗੱਲ ਵਿੱਚ ਹੈ ਕਿ ਕਹਾਣੀ ਵਿਚ ਮੁੱਖ ਪਾਤਰ ਨੂੰ ਲਾਜ਼ਮੀ ਅਸਾਧਰਨ ਵਿਅਕਤੀਤਵ ਦਾ ਸੁਆਮੀ ਬਣਾ ਕੇ ਇੱਕ ਦ੍ਰਿੜ ਸੰਗਰਾਮੀਏਂ ਦੇ ਰੂਪ ਵਿਚ ਹੀ ਪੇਸ਼ ਕੀਤਾ ਜਾਵੇ ਜਾਂ ਕਿ ਇਸ ਤੋਂ ਬਿਨਾਂ ਵੀ ਅੱਗੇ ਵਧੂ ਲੇਖਕ ਵਜੋਂ ਸਫਲ ਹੋਇਆ ਜਾ ਸਕਦਾ ਹੈ। ਜਗਸੀਰ ਦੀ ਹੋਣੀ ਦਾ ਪ੍ਰਭਾਵ ਜਿਸ ਤੀਖਣਤਾ ਨਾਲ ਪਾਠਕ ਨੂੰ ਇੱਕ ਸਾਰਥਕ ਸੇਧ ਵਿਚ ਸੋਚਣ ਲਈ ਪਰੇਰਦਾ ਹੈ, ਉਹ ਇਸਦੀ ਸਫਲਤਾ ਦੀ ਭਰਪੂਰ ਗਵਾਹੀ ਹੈ।

ਇਸ ਅਸਧਾਰਨ ਪ੍ਰਾਪਤੀ ਦੇ ਬਾਵਜੂਦ ਗੁਰਦਿਆਲ ਸਿੰਘ ਪੂਰਨ ਭਾਂਤ ਆਪਣੇ ਪਹਿਲੀ ਪੀੜ੍ਹੀ ਦੇ ਨਾਵਲਕਾਰਾਂ ਦੀਆਂ ਕਮਜ਼ੋਰੀਆਂ ਤੋਂ ਛੁਟਕਾਰਾ ਹਾਸਲ ਨਹੀਂ ਕਰ ਸਕਿਆ। ਇਕ ਚੰਗਾ ਸਰਦਾ ਪੁੱਜਦਾ ਕਿਸਾਨ, ਘਰ ਦਾ ਮੁਖੀ ਤੇ ਸਰਬ ਅਧਿਕਾਰੀ ਹੋਣ ਦੇ ਬਾਵਜੂਦ ਧਰਮ ਸਿੰਘ ਕਿਉਂ ਏਨਾ ਲਾਚਾਰ ਤੇ ਅਸਮਰਥ ਵਿਖਾਇਆ ਗਿਆ ਹੈ, ਇਸ ਨੂੰ ਕਹਾਣੀ ਦੇ ਤਾਣੇ ਪੇਟੇ ਵਿਚ ਯੋਗ ਭਾਂਤ ਸਿੱਧ ਨਹੀਂ ਕੀਤਾ ਜਾ ਸਕਦਾ। ਇਕ ਦੋ ਅਵਸਥਾਵਾਂ ਵਿਚ ਖ਼ੁਦ ਜਗਸੀਰ ਦੀ ਸਥਿਤੀ ਦੇ ਚਿਤਰਨ ਵਿਚ ਵੀ ਉਪ-ਭਾਵਕਤਾ ਦਾ ਝਲਕਾਰਾ ਨਜ਼ਰ ਆ ਪੈਂਦਾ ਹੈ। ਐਪਰ ਪਾਤਰ ਚਿਤਰਣ ਤੇ ਘਟਨਾਂ ਵਰਨਣ ਦੀਆਂ ਇਹ ਕੁਝ ਤਰੁਟੀਆਂ ਅਸਲੋਂ ਹੀ ਲੁਕਵੀਆਂ ਰਹਿ ਜਾਂਦੀਆਂ ਹਨ ਜਦੋਂ ਪਾਠਕ ਭਾਨੀ ਵਰਗੀ ਜਵਾਂ ਮਰਦ ਔਰਤ, ਰੌਣਕੀ ਵਰਗੇ ਅਮਲੀ, ਸੱਚੇ ਮਿੱਤਰ ਤੇ ਤ੍ਰਿਸਕਾਰੇ ਗਏ ਪਤੀ ਨੂੰ ਪੂਰਨ ਭਾਂਤ ਵਿਗਿਆਨਕ ਤੇ ਕਲਾ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ। ਸੰਤੇ ਵਲੋਂ ਰੌਣਕੀ ਨੂੰ ਛੱਡ ਜਾਣ ਉਪਰੰਤ ਉਸ ਦੀਆਂ ਆਹਾਂ ਤੇ ਠੰਡੇ ਸਾਹਾਂ ਦਾ ਵਰਨਣ ਕਹਾਣੀ ਵਿਚ ਕੋਈ ਵਾਧੂ ਦਾ ਪਲਾਟ ਨਹੀਂ ਜਾਪਦਾ, ਸਮੁੱਚੇ ਪ੍ਰਭਾਵ ਨੂੰ ਉਘਾੜਨ ਲਈ ਇਹ ਘਟਨਾਂ ਵੀ ਸਗੋਂ ਨਿਸਚਿਤ ਰੂਪ ਵਿਚ ਸਹਾਈ ਹੁੰਦੀ ਹੈ।

ਐਪਰ ਮੜ੍ਹੀ ਦੇ ਦੀਵੇ ਦੀ ਸਭ ਤੋਂ ਉਘੜਵੀਂ ਵਿਸ਼ੇਸ਼ਤਾ ਉਸਦੀ ਬੋਲੀ ਵਿਚ ਹੈ। ਪਾਤਰਾਂ ਮੂੰਹੋਂ ਠੇਠ ਮਲਵਈ ਉਚਾਰਨ ਤੇ ਲੇਖਕ ਵਲੋਂ ਆਪਣੇ ਵਰਨਣ ਵਿਚ ਸ਼ੁਧ ਪੰਜਾਬੀ ਦਾ ਪ੍ਰਯੋਗ ਏਨਾ ਸੰਤੁਲਤ ਹੈ ਕਿ ਨਾਵਲ ਨਾਂ ਤਾਂ ਦੁੱਗਲ ਦੀਆਂ "ਆਂਦਰਾਂ" ਵਾਂਗੂ ਨਿਰੋਲ ਇਕ ਵਿਸ਼ੇਸ਼ ਉਪ ਬੋਲੀ ਦੀ ਰਚਨਾ ਹੋ ਨਿਬੜਦਾ ਹੈ ਅਤੇ ਨਾ ਹੀ ਸਥਾਨ ਤੋਂ ਬਾਹਰੀ ਇਕ ਅਨਿਸ-ਚਿਤ ਭਾਂਤ ਦੀ ਰਚਨਾ। ਆਪਣੀ ਸ਼ਬਦ ਚੋਣ, ਸ਼ਬਦਾਂ ਦੀ ਢੁਕਵੀਂ ਜੜ੍ਹਤ ਅਤੇ ਉਨ੍ਹਾਂ ਦੇ ਬਦਲਦੇ ਭਾਵ ਨੂੰ ਉਹ ਬਹੁਤ ਸੁਚੱਜੀ ਭਾਂਤ ਸਮਝਦਾ ਹੈ। ਮਲਵਈ ਦੇ ਪ੍ਰਯੋਗ ਵਿਚ ਤਾਂ ਜਸਵੰਤ ਸਿੰਘ ਕੰਵਲ ਨੇ ਵੀ ਬਹੁਤ ਨਾਮਣਾ ਖੱਟਿਆ ਹੋਇਆ ਹੈ ਪਰੰਤੂ ਉਹ ਮਲਵਈ ਵਰਤੋਂ ਲਈ ਕੁਝ ਵਧੇਰੇ ਹੀ ਚੇਤੰਨ ਹੈ ਜਦ ਕਿ ਗੁਰਦਿਆਲ ਸਿੰਘ ਵਿਚ ਇਹ ਵਰਤੋਂ ਸਹਿਜ-ਸੁਭਾਵਕ ਹੈ। ਉਸਦੀ ਬੋਲੀ ਦੀ ਸੁੰਦਰਤਾ ਦਾ ਨਮੂਨਾ ਭਾਨੀ ਵਲੋਂ ਜਗਸੀਰ ਨੂੰ ਆਖੇ ਗਏ ਇਹਨਾਂ ਸ਼ਬਦਾਂ ਵਿਚ ਪ੍ਰਗਟ ਹੈ :

"ਜੇ ਹੈ ਕਣੀ ਤਾਂ ਸਿੱਧੀ ਅੱਖੀਂ ਮੱਥੇ ਲਗਿਆ ਕਰ,........ਐਂ ਡਰ ਡਰ ਕੇ ਨਹੀਂ ਪੁਗਦੀਆਂ ਹੁੰਦੀਆਂ.........ਚੰਦਰਿਆ ਜਿੰਨਾ ਰੱਬ ਨੇ ਰੂਪ ਦਿੱਤੈ, ਜੇ ਓਨਾ ਮਰਦਉ ਪੁਣਾ ਦਿੱਤਾ

ਹੁੰਦਾ ।........ਪੱਟ ਵੇਖ ਲਹਿ ਜਾਣੇ ਦੇ ਜਿਵੇਂ ਕਿਸੇ ਨੇ ਖਰਾਦ ਕੇ ਬਣਾਏ ਹੁੰਦੇ ਆ । ਜੀ ਕਰਦੈ ਖਰਬੂਜੇ ਵਾਂਗੂ ਦੰਦੀਆ ਵੱਢ ਵੱਢ ਕੇ ਖਾ ਲਾਂ ।"

ਸ਼ੈਲੀ ਦੇ ਸਬੰਧ ਵਿਚ ਗੁਰਦਿਆਲ ਸਿੰਘ ਜਿੰਨਾ ਵਧੇਰੇ ਸਫਲ ਹੈ, ਸੁਰਜੀਤ ਹਾਂਸ ਉਨ੍ਹਾਂ ਹੀ ਅਸਫਲ । ਸੱਚ ਤਾਂ ਇਹ ਹੈ ਕਿ ਨਾਵਲ ਦੀਆਂ ਹੋਰ ਸਾਰੀਆਂ ਖ਼ੂਬਸੂਰਤੀਆਂ ਇਸ ਝੱਜ ਨਾਲ ਬਦਸੂਰਤ ਹੋਈਆਂ ਪਈਆਂ ਹਨ। ਇਹ ਵੇਖਕੇ ਹੈਰਾਨੀ ਹੁੰਦੀ ਹੈ ਕਿ ਖੁਦ ਲੇਖਕ ਤੇ ਨਾਵਲ ਦੀ ਪਰਕਾਸ਼ਨ ਨਾਲ ਸਬੰਧਤ ਸਭ ਵਿਅਕਤੀ ਹੀ ਇਸ ਮਹਾਂ ਨੁਕਸ ਤੋਂ ਅਚੇਤ ਰਹੇ ਹਨ । ਸਾਧਾਰਨ ਰੂਪ ਵਿਚ ਇਕ ਵੀ ਵਾਕ ਪੰਜਾਬੀ ਮੁਹਾਵਰੇ ਅਨੁਸਾਰ ਨਹੀਂ । ਇਹ ਹੈਰਾਨੀ ਹੋਰ ਵੀ ਵਧ ਜਾਂਦੀ ਹੈ ਜਦੋਂ ਉਸ ਦੀਆਂ ਕਹਾਣੀਆਂ ਦੀ ਚੰਗੀ ਭਲੀ ਬੋਲੀ ਦੇ ਟਾਕਰੇ ਇਸ ਨੂੰ ਵੇਖਿਆ ਜਾਂਦਾ ਹੈ । ਬੋਲੀ ਦੀ ਇਸ ਝੱਜ ਤੋਂ ਜੇ ਕੋਈ ਇਸ ਨਾਵਲ ਬਾਰੇ ਕੁਝ ਵਧੇਰੇ ਹੀ ਸੰਕੀਰਣ ਭਾਵ ਬਣਾ ਲਵੇ ਤਾਂ ਕੋਈ ਹੈਰਾਨੀ ਨਹੀਂ ਹੋਵੇਗੀ—ਤੇ ਸ਼ਾਇਦ, ਬਹੁਤ ਹੱਦ ਤਕ ਇਸ ਘਾਟੇ ਵਾਲੀ ਸਥਿਤੀ ਵਿਚ ਨਾਵਲ ਬੋਲੀ ਕਰਕੇ ਹੀ ਹੈ ।

ਪਰੰਤੂ ਬੋਲੀ ਦੀ ਬਦਸੂਰਤੀ ਨੂੰ ਅਖੋਂ ਪਰੋਖਿਆਂ ਕਰ ਕੇ ਇਸ ਵਿਚਲੀਆਂ ਕੁਝ ਅਜਿਹੀਆਂ ਸਿਫਤਾਂ ਦਾ ਝਲਕਾਰਾ ਮਿਲਦਾ ਹੈ ਜੋ ਗੁਰਦਿਆਲ ਸਿੰਘ ਦੇ ਮੜ੍ਹੀ ਦੇ ਦੀਵੇ ਵਿਚ ਵੀ ਨਹੀਂ । ਉਂਜ ਤਾਂ ਇਹਨਾਂ ਦੋਨਾਂ ਪੁਸਤਕਾਂ ਦੇ ਗੁਣਾਂ ਔਗੁਣਾ ਨੂੰ ਟਾਕਰੇ ਵਿਚ ਨਹੀਂ ਲਿਆਂਦਾ ਜਾ ਸਕਦਾ, ਪਰ ਫਿਰ ਵੀ ਆਪਣੇ ਮੁਖ ਪਾਤਰ ਡਾਕਟਰ ਦੇ ਵਿਅਕਤਤੱਵ ਦੇ ਅੰਤਰੀਵ ਦੀਆਂ ਡੂੰਘਾਣਾਂ ਨੂੰ ਦਰਸਾਉਣ ਵਿਚ ਸੁਰਜੀਤ ਹਾਂਸ ਜਿੰਨਾ ਸਫਲ ਹੈ ਉਸਦੀ ਮਿਸਾਲ ਗੁਰਦਿਆਲ ਦੇ ਜਗਸੀਰ ਵਿਚੋਂ ਨਹੀਂ ਲੱਭੀ ਜਾ ਸਕਦੀ । ਉਕਤ ਕਥਨ ਇਕ ਸਚਾਈ ਤਾਂ ਹੈ ਪਰੰਤੂ ਇਸ ਨੂੰ ਇਸ ਰੂਪ ਵਿੱਚ ਸਵੀਕਾਰ ਕਰ ਲੈਣਾ ਵੀ ਗੁਰਦਿਆਲ ਸਿੰਘ ਨਾਲ ਅਨਿਆਂ ਹੋਵੇਗਾ, ਕਿਉਂ ਜੁ ਵਾਸਤਵ ਵਿਚ ਦੋਨਾਂ ਦਾ ਤੱਲ ਹੀ ਹੋਰ ਹੈ ।

ਆਪਣੀ ਅੱਧਖੜ ਉਮਰ ਨੂੰ ਪਹੁੰਚੇ ਡਾਕਟਰ ਰਾਮ ਕ੍ਰਿਸ਼ਨ ਨੂੰ ਸੀਤਾ ਦੀ, ਭਾਵੇਂ ਅਸਮਾਜਕ ਪ੍ਰਸੰਗ ਵਿਚ ਹੀ, ਪ੍ਰਾਪਤੀ ਉਸਦੇ ਜੀਵਨ ਦੀ ਇਕ ਮਹਾਨ ਘਟਨਾ ਹੈ । ਜੁਆਨੀ ਵਾਲਾ ਵੇਗ ਉਸ ਵਿਚ ਹੈ ਨਹੀਂ । ਇਕ ਔਰਤ ਨੂੰ ਪੂਰਨ ਭਾਂਤ ਸੰਤੁਸ਼ਟ ਰੱਖ ਸਕਣ ਦੇ ਵੀ ਉਹ ਸਮਰੱਥ ਨਹੀ, ਪਰੰਤੂ ਫਿਰ ਵੀ ਆਪਣੀਆਂ ਸੀਮਾਵਾਂ ਦੇ ਬਾਵਜੂਦ ਜ਼ਿੰਦਗੀ ਮਾਨਣ ਦੀ ਉਸਦੀ ਰੀਝ ਉਸਨੂੰ ਇਕ ਉਸ ਪੱਧਰ ਤੇ ਲੈ ਜਾਂਦੀ ਹੈ, ਤੇ ਉਸਤੋਂ ਉਹ ਕੁਝ ਕਰਾਉਂਦੀ ਹੈ, ਜਿੰਨ੍ਹਾਂ ਤੋਂ ਪਾਠਕ ਨੂੰ ਉਸ ਉਪਰ ਤਰਸ ਵੀ ਆਉਂਦਾ ਹੈ ਤੇ ਘ੍ਰਿਣਾ ਵੀ । ਬੱਚਿਆਂ ਵਾਂਗ ਪੱਲੇ ਪਈ ਕੁੜੀ ਨੂੰ ਡਾਕਟਰ ਵਲੋਂ ਆਪਣੀ ਹਾਬੜੀ ਹੋਈ ਤ੍ਰਿਪਤੀ ਦਾ ਸਾਧਨ ਬਣਾਉਣਾ ਉਸ ਵਿੱਚ ਆ ਰਹੀ ਗਿਰਾਵਟ ਦੀਆਂ ਉਹਨਾਂ ਡੂੰਘਾਂਣਾ ਵਲ ਸੰਕੇਤ ਕਰਦਾ ਹੈ, ਜਿਥੇ ਉਸਦੀ ਹਡ਼ਾਂ ਵਿਚ ਕੀਤੀ ਲੋਕ ਸੇਵਾ ਤੇ ਉਸ ਦੇ ਉਂਝ ਵੀ ਪਰਉਪਕਾਰੀ ਹੋਣ ਦੀ ਦਿੱਖ ਸਾਧਾਰਨ ਰੂਪ ਵਿਚ ਪਾਠਕ ਨੂੰ ਪਹੁੰਚਣ ਨਹੀਂ ਦਿੰਦੀ ।

ਐਪਰ, ਸੀਤਾ ਨਾਲ ਉਸਦੀਆਂ ਰਚਾਈਆਂ ਖੇਡਾਂ-"ਅੰਗਰੇਜ਼ੀਗੱਲ", 'ਕਪੜੇ', 'ਰਸਮ', 'ਸੀਤਾ ਰਾਵਨ', 'ਵਿਆਹ', 'ਲਾਵਾਂ', 'ਮਿੱਠਾ ਸ਼ਰਬਤ', 'ਸਿਗਰਟਾਂ', ਉਪਰੰਤ ਰਾਤ ਦੇ ਪੱਲੇ ਵਿਚ ਹੋਰ ਕੀਤਾ ਬਹੁਤ ਕੁਝ, ਉਸ ਦੇ ਵਿਅਕਤੱਤਵ ਦੇ ਦੂਸਰੇ ਪਾਸੇ ਵਲ ਝਾਤ ਤਾਂ ਪੁਆਉਂਦਾ ਹੈ, ਪਰ

ਜੋ ਖੂਬਸੂਰਤੀ ਲੇਖਕ ਨੇ ਉਸ ਦੀ ਮਨੋ ਅਵਸਥਾ ਨੂੰ ਚਿਤਰਨ ਵਿਚ ਇਥੇ ਪੇਸ਼ ਕੀਤੀ ਹੈ, ਉਸਦੀ ਮਿਸਾਲ ਟਾਵੀਂ ਟਾਵੀਂ ਹੀ ਮਿਲਦੀ ਹੈ, ਜਿਸ ਹੱਦ ਤਕ ਮਨੁਖ ਦੇ ਅੰਤਰੀਵ ਸੂਖਮ ਤੇ ਸਥੂਲ, ਚੰਗੇ ਮੰਦੇ ਭਾਵਾਂ ਨੂੰ ਚਿਤਰਨਾ ਕਲਾ ਹੈ ਉਸ ਹੱਦ ਤਕ ਸੁਰਜੀਤ ਹਾਂਸ ਵਧੇਰੇ ਹੀ ਸਫਲ ਹੈ।

ਉਂਝ ਵੀ ਡਾਕਟਰ ਦੇ ਵਿਅਕਤੱਤਵ ਦੇ ਵਿਕਾਸ (ਦਰੁਸਤ ਸ਼ਬਦ ਪਤਨ ਹੋ ਸਕਦਾ ਹੈ!) ਨੂੰ ਦਰਸਾਉਣ ਵਿਚ ਲੇਖਕ ਦੀ ਚੇਤਨਤਾ ਨਾਵਲ ਨੂੰ ਇਕ ਸਾਰਥਕ ਮੁਲ ਪਰਦਾਨ ਕਰਦੀ ਹੈ। ਹੜ੍ਹਾਂ ਦੇ ਸਮੇਂ ਲੋਕ ਸੇਵਾ ਦੀ ਭਾਵਨਾ ਵਿਚ ਮਗਨ ਡਾਕਟਰ ਦੀ ਮਿਸ ਵਿਨਸੈਂਟ ਨਾਲ ਹੀ ਸਾਂਝ ਪੈਂਦੀ ਹੈ, ਉਹ ਨੌਕਰਸ਼ਾਹੀ ਦੇ ਨੇੜੇ ਹੋਣ ਲਈ ਵਧੇਰੇ ਉਤਾਵਲਾ ਨਹੀਂ। ਆਪਣੇ ਅੰਦਰਲੇ ਘੋਲ ਵਿੱਚ ਵੀ ਉਹ ਕੁਝ ਵਧੇਰੇ ਸੂਖਮ ਹੈ, ਪਰੰਤੂ ਸਮੇਂ ਦੀ ਤੋਰ ਨਾਲ ਉਸਦਾ ਇਹ ਵਿਅਕਤੱਤਵ ਖਤਮ ਹੁੰਦਾ ਗਿਆ ਹੈ ਤੇ ਜਿਥੇ ਬਾਹਰੀ ਪੱਖ ਵਿਚ ਉਹ ਇਕ ਗਲਤ ਕਿਸਮ ਦੇ ਚੌਧਰੀ ਦਾ ਰੂਪ ਧਾਰਦਾ ਜਾਂਦਾ ਹੈ, ਉਥੇ ਅੰਤਰੀਵ ਪੱਖ ਵਿੱਚ ਵੀ ਉਸਦੀ ਸੋਚਣੀ ਕੋਈ ਘੱਟ ਪਿਛੇ ਖਿੱਚੂ ਨਹੀਂ। ਇਸ ਦੇ ਫਲ ਜੋ ਉਹ ਦੋ ਮਜ਼ਲੂਮ ਰੂਹਾਂ ਕਰਮ ਚੰਦ ਤੇ ਸੀਤਾ ਨੂੰ ਜੀਵਨ ਦੇ ਅੰਤ ਵਲ ਧੱਕਦਾ ਹੈ ਤਾਂ ਆਪਣੇ ਵਿਵਹਾਰਕ ਖੇਤਰ ਵਿਚ ਵੀ ਹੁਣ ਉਸ ਦੀ ਲੋਕ ਸੇਵਾ ਸ਼ਿਵਪੁਰੀ ਉਪਰ ਸੋਨੇ ਦੇ ਕੰਸ ਚੜ੍ਹਾਉਣ ਤਕ ਹੀ ਹੈ, ਹੁਣ ਪਹਿਲੇ ਸਮੇਂ ਦੇ ਲੋਕ ਕੇਵਲ ਡਾਕਟਰ ਦੀ ਸਥਿਤੀ ਵਿਚ ਹੈ ਕਿ ਇਕ ਰਿਕਸ਼ੇ ਤੇ ਉਹ ਸਵਾਰ ਹਨ, ਉਸਨੂੰ ਤੇਜ਼ ਚਾਲ ਚਲਾਉਣ ਲਈ ਰਿਕਸ਼ੇ ਵਾਲੇ ਨੂੰ ਮਜ਼ਬੂਰ ਕਰਨ ਉਪਰੰਤ ਜੇ ਰਿਕਸ਼ੇ ਵਾਲਾ ਜ਼ਖਮੀ ਹੋ ਜਾਂਦਾ ਹੈ ਤਾਂ ਉਸ ਨੂੰ ਉਸ ਨਾਲ ਕੋਈ ਹਮਦਰਦੀ ਨਹੀਂ, ਸਗੋਂ ਉਸ ਕੋਲ ਅਜਿਹੇ ਲੋਕਾਂ ਲਈ ਘ੍ਰਿਣਾ ਭਰੇ ਗੁੱਸੇ ਵਾਲੇ ਅਜਿਹੇ ਸ਼ਬਦ ਹਨ ਕਿ "ਸਾਲੇ ਖਾਂਦੇ ਪੀਂਦੇ ਕੁਝ ਨਹੀਂ।"

ਡਾਕਟਰ ਤੇ ਸੀਤਾ ਦੇ ਪਾਤਰ ਉਪਰੰਤ ਇਕੋ ਇੱਕ ਵਰਨਣ ਯੋਗ ਪਾਤਰ ਸੁਦਰਸ਼ਨ ਹੈ ਜੋ ਸਮੇਂ ਤੋਂ ਮਜ਼ਬੂਰ ਹੋਕੇ ਇਕ ਵਿਸ਼ੇਸ਼ ਪ੍ਰਸਥਿਤੀ ਨੂੰ ਪਹੁੰਚਣ ਦੇ ਬਾਵਜੂਦ ਅਜੇ ਆਪਣੇ ਵਿਚ ਜ਼ਿੰਦਗੀ ਸਮੋਈ ਬੈਠੀ ਹੈ। ਉਂਜ ਨਾਵਲ ਦੇ ਬਹੁਤ ਸਾਰੇ ਪਾਤਰ ਬੇਲੋੜੇ ਹਨ ਤੇ ਬਹੁਤ ਸਾਰਾ ਵੇਰਵਾ ਵੀ।

ਲੇਖਕ ਇਹ ਕਹਿਣ ਵਿਚ ਦਰੁਸਤ ਹੈ ਕਿ ਉਸ ਨੇ ਤਕਨੀਕ ਵਿਚ ਕੁਝ ਨਵੀਨਤਾ ਲਿਆਂਦੀ ਹੈ, ਪਰੰਤੂ ਤਕਨੀਕ ਦੀ ਇਹ ਨਵੀਨਤਾ ਕਿੰਨੀ ਕੁ ਸਾਰਥਕ ਹੈ, ਇਸ ਬਾਰੇ ਸ਼ਾਇਦ ਇਸ ਇਕੱਲੀ ਰਚਨਾ ਤੋਂ ਅਨੁਮਾਨ ਨਹੀਂ ਲਾਇਆ ਜਾ ਸਕਦਾ। ਐਪਰ ਬਿੰਬਾਂ ਤੇ ਅਲੰਕਾਰਾਂ ਵਿਚ ਅੱਧ ਕਹੀ ਤੇ ਅੱਧੀ ਸਮਝੀ ਜਾਣ ਵਾਲੀ ਗੱਲ ਨੂੰ ਸਾਹਿਤੱਕ ਲਿਖਤ ਬਣਾਉਣਾ ਕੋਈ ਐਨਾ ਵੱਡਾ ਗੁਣ ਨਹੀਂ, ਪਰੰਤੂ ਸੁਰਜੀਤ ਹਾਂਸ ਵਿਚ ਤਾਂ ਇਹ ਨੁਕਸ ਦੀ ਹੱਦ ਤਕ ਮੌਜੂਦ ਹੈ।

ਗੁਰਦਿਆਲ ਸਿੰਘ ਵਿਚ ਆਪਣੀ ਰਚਨਾ ਦੁਆਰਾ ਵਧੇਰੇ ਲੋਕ ਪ੍ਰਿਯ ਹੋਣ ਦੀਆਂ ਸੰਭਾਵਨਾਵਾਂ ਹਨ, ਪਰੰਤੂ ਲੋਕ ਪ੍ਰਿਯਤਾ ਦੀ ਲਪੇਟ ਵਿਚ ਕਈ ਵਾਰ ਕਲਾ ਪੱਧਰ ਦਾ ਖੂਨ ਹੋ ਜਾਂਦਾ ਹੈ। ਸੁਰਜੀਤ ਹਾਂਸ ਦੇ ਵਤੀਰੇ ਵਿਚ ਸੰਕੀਰਣਤਾ (ਜੋ ਨਿਸਚੇ ਹੀ ਕਲਾਮਈ ਹੈ) ਉਸ ਨੂੰ ਇਹ ਲੋਕ ਪ੍ਰਿਯਤਾ ਪਰਦਾਨ ਨਹੀਂ ਕਰਦੀ। ਦੋਨਾਂ ਪਹੁੰਚਾਂ ਦੀਆਂ ਵਿਸ਼ਿਸ਼ਤਾਵਾਂ ਸ਼ਾਇਦ ਵਧੇਰੇ ਚੰਗੀ ਤਰ੍ਹਾਂ ਉਘੜ ਆਉਣ ਜੇ ਇਕ ਵਲੋਂ ਦੂਜੀ ਲਈ ਲਾਈਆਂ ਸੀਮਾਵਾਂ ਨੂੰ ਪਰਵਾਨ ਕਰ ਲਿਆ ਜਾਵੇ।

●

# ਕੇਟ ਕੋਲਵਿਟਜ਼

## (ਪ੍ਰਸਿੱਧ ਜਰਮਨ ਚਿਤਰਕਾਰ)



ਸਵੈ ਚਿਤਰ

"ਕਲਾ ਦੀ ਰਚਨਾ ਕਰਦੇ ਹੋਏ ਮੈਂ ਅਨੁਭਵ ਕੀਤਾ ਹੈ ਕਿ ਮੇਰੇ 'ਤੇ ਕਿੰਨੀ ਵੱਡੀ ਜ਼ਿਮੇਵਾਰੀ ਹੈ ! ਮੈਂ ਮਹਿਸੂਸ ਕੀਤਾ ਕਿ ਮੈਂ ਮਨੁਖਤਾ ਦੀ ਵਕਾਲਤ ਕਰਨੀ ਹੈ ਜਾਂ ਮੈਂ ਮਨੁੱਖਤਾ ਦੇ ਦੁਖ ਨੂੰ ਵਿਅਕਤ ਕਰਨਾ ਹੈ—ਦੁੱਖ ਜਿਹੜਾ ਕਦੇ ਖਤਮ ਨਹੀਂ ਹੁੰਦਾ ਅਤੇ ਜੋ ਪਰਬਤ ਵਾਂਗ ਵਿਸ਼ਾਲ ਹੈ।" ਆਪਣੀਆਂ ਕਲਾ ਕਿਰਤਾਂ ਰਾਹੀਂ ਮਨੁੱਖਤਾ ਦੇ ਦੁਖ ਵਿਚ ਹਿੱਸਾ ਲੈਣ ਵਾਲੀ ਜਰਮਨੀ ਕਲਾਕਾਰ ਕੇਟ ਕੋਲਵਿਟਜ਼, ਜਿਸ ਦੀ ਵੀਹਵੀਂ ਬਰਸੀ ਜਰਮਨੀ ਵਿਚ ਮਨਾਈ ਗਈ, ਨੇ 1920 ਵਿਚ ਇਹ ਗਲ ਕਹੀ ਸੀ।

—ਕੋਲਵਿਟਜ਼ ਦਾ ਸਾਰਾ ਜੀਵਨ ਅਤੇ ਸਾਰੀਆਂ ਕਲਾ ਕਿਰਤਾਂ ਜਰਮਨੀ ਦਾ ਅਨਿਖੜਵਾਂ ਅੰਗ ਹਨ ! ਕੋਲਵਿਟਜ਼ ਦੀ ਵਿਸ਼ੇਸ਼ਠਤਾ ਉਸ ਦੀਆਂ ਸੂਖਮ ਰਖਾਵਾਂ ਵਿਚ ਹੈ। ਥੋੜੇ ਕਲਾਕਾਰਾਂ 'ਚ ਹੀ ਅਜਿਹੀ ਕਿਫ਼ਾਇਤ ਹੁੰਦੀ ਹੈ। ਰੇਮਬਰਾਂ, ਰੋਦਾਂ, ਬਾਰਲਖ ਅਤੇ ਹਾਫ਼ਮਾਨ ਉਸ ਨੂੰ ਪਸੰਦ ਸਨ ! ਪਰ ਉਹਨਾਂ ਦੀਆਂ ਰਚਨਾਵਾਂ ਦੀ ਛਾਪ ਉਸ ਦੀਆਂ ਕਲਾ ਕਿਰਤਾਂ ਤੇ ਨਹੀਂ ਹੈ, ਸਗੋਂ ਕੋਲਵਿਟਜ਼ ਦੀਆਂ ਰਚਨਾਵਾਂ ਨੇ ਉਸ ਦੇ ਜੀਵਨ ਕਾਲ ਵਿਚ ਅਤੇ ਮਿਰਤੂ ਤੋਂ ਪਿਛੋਂ ਦੁਨੀਆਂ ਦੇ ਅਨੇਕ ਨਵੋਦਿਤ ਕਲਾਕਾਰਾਂ ਨੂੰ ਅਕਰਸ਼ਿਤ ਅਤੇ ਪ੍ਰਭਾਵਿਤ ਕੀਤਾ ਹੈ।

—ਕੋਲਵਿਟਜ਼ ਨੂੰ, ਜਿਸ ਦਾ ਜਨਮ 1867 'ਚ ਕੋਨਿਸਬਰਗ ਵਿਖੇ ਹੋਇਆ, ਸਭ ਤੋਂ ਪਹਿਲਾਂ ਆਪਣੇ ਚਿਤਰਾਂ "ਕਿਸਾਨਾਂ ਦਾ ਯੁਧ" ਅਤੇ "ਜੁਲਾਹਿਆਂ ਦਾਂ ਵਿਦਰੋਹ" ਕਾਰਨ ਪ੍ਰਸਿੱਧੀ ਮਿਲੀ ਸੀ। ਆਪਣੇ ਸਿਖਿਆਰਥੀ ਜੀਵਨ ਵਿਚ ਹੀ ਕੋਲਵਿਟਜ਼ ਨੇ ਰੋਦਾਂ ਨਾਲ ਵਾਕਫੀਅਤ ਪਰਾਪਤ ਕਰ ਲਈ ਸੀ ਅਤੇ ਰੋਦਾਂ ਦੇ ਵਿਲੱਖਣ ਵਿਅਕਤਿਤਵ ਨੇ ਕੋਲਵਿਟਜ਼ ਨੂੰ ਸਹਿਜੇ ਹੀ ਖਿੱਚ ਲਿਆ ਸੀ।

—ਕੋਲਵਿਟਜ਼ ਦੀ ਕਲਾ ਦੇ ਤਿੰਨ ਪ੍ਰਮੁਖ ਵਿਸ਼ੇ ਹਨ—ਕਲਾਕਾਰ ਦਾ ਆਪਣਾ ਉਹ ਚਿਹਰਾ, ਜਿਸ ਚੋਂ ਜ਼ਮਾਨੇ ਦਾ ਪ੍ਰਤੀਬਿੰਬ ਉਭਰਦਾ ਹੈ, ਮਾਂ ਅਤੇ ਬੱਚੇ ਦਾ ਉਹ ਪ੍ਰੀਤਕਰਮ ਸੰਬੰਧ ਜਿਸ 'ਚੋਂ ਸਾਰੀਆਂ ਮਾਨਵੀ ਭਾਵਨਾਵਾਂ ਕੇਂਦਰਿਤ ਹੋ ਉਠਦੀਆਂ ਹਨ ਅਤ ਮੌਤ, ਜੋ ਸਨਾਤਨ ਸੱਚ ਹੈ ਅਤੇ ਸਦੀਵੀ ਰਹੱਸਯ ਵੀ। ਇਹਨਾਂ ਤਿੰਨ ਵਿਸ਼ਿਆਂ, ਇਹਨਾਂ ਤਿੰਨ ਸਵਰਾਂ ਨਾਲ ਕੋਲਵਿਟਜ਼ ਦੀ ਤੂਲਿਕਾ ਨੇ ਨਾਮਹੀਣ ਜਨਸਾਧਾਰਣ ਦੇ ਜੀਵਨ ਦੀ ਸੰਘਰਸ਼—ਗਾਥਾ ਅੰਕਤ ਕੀਤੀ ਹੈ। ਕੋਲਵਿਟਜ਼ ਨੇ ਇਕ ਵਾਰ ਕਿਹਾ ਕੀ, "ਮਨੁਖੀ ਬਣਤਰ ਅਤੇ ਉਸ ਦੀ ਅੰਗਗਤੀ ਨੇ ਮੈਨੂੰ ਸਦਾ ਖਿੱਚਿਆ ਹੈ। ਲੋਕਾਂ ਦਾ ਚਲਨਾ ਫਿਰਨਾ, ਉੱਠਣਾ ਬੈਠਣਾ, ਹੱਸਣਾ ਬੋਲਣਾ ਮੈਨੂੰ ਅਸੀਮ ਅਚਰਜ ਅਤੇ ਚਿਰਜੀਵੀ ਆਨੰਦ ਦਾ ਵਿਸ਼ਾ ਜਾਪਿਆ ਹੈ। ਉਹੀ ਮੇਰੀ ਕਲਾ ਦੇ ਪਰੇਰਣਾ ਸਰੋਤ ਬਣੇ ਹਨ।" ਕੋਲਵਿਟਜ਼ ਨੂੰ ਸ਼ੁਰੂ ਤੋਂ ਹੀ ਸਮੂੰਹ ਨਾਲ ਹਮਦਰਦੀ ਰਹੀ। ਉਸ ਨੇ ਇਸ ਵਰਗ ਦੇ ਦੁਖ ਨੂੰ ਹੀ ਨਹੀਂ ਵੇਖਿਆ, ਸਗੋਂ ਇਸ ਦੀ ਸ਼ਕਤੀ ਨੂੰ ਵੀ ਪਹਿਚਾਣਿਆ ਹੈ। ਉਸ ਨੇ ਵੀ ਇਹੀ ਸਮਝਿਆ ਹੈ ਕਿ ਸਮੂੰਹ ਦੀ ਸ਼ਕਤੀ ਸੰਸਾਰ 'ਚ ਪ੍ਰੀਵਰਤਨ ਕਰ ਸਕਦੀ ਹੈ। "ਜੁਲਾਹਿਆਂ ਦਾ ਵਿਦਰੋਹ" ਅਤੇ "ਕਿਸਾਨਾਂ ਦੀ ਲੜਾਈ" ਵਰਗੀਆਂ ਚਿਤਰ-ਲੜੀਆਂ 'ਚ ਉਹਨੇ ਇਸ ਕ੍ਰਾਂਤੀਕਾਰੀ ਸ਼ਕਤੀ ਦਾ ਸ਼ਕਤੀਸ਼ਾਲੀ ਨਿਰੂਪਣ ਕੀਤਾ ਹੈ। ਸ਼ੁਰੂ ਸ਼ੁਰੂ ਵਿਚ ਕੋਲਵਿਟਜ਼ ਦੀ ਕਲਾ 'ਤੇ ਗੋਆ, ਦਾਮਯੇ, ਸਟਾਇਨਲਨ, ਮਿਊਨਿਰ ਅਤੇ ਕਿੰਗਲਰ ਵਰਗੇ ਚਿਤਰਕਾਰਾਂ ਤੇ ਜ਼ੋਲਾ ਵਰਗੇ ਪ੍ਰਕਿਰਤੀਵਾਦੀ ਉਪਨਿਆ ਸਕਾਰ ਦਾ ਡੂੰਘਾਪ੍ਰਭਾਵ ਰਿਹਾ, ਪਰ ਛੇਤੀ ਹੀ ਇਹਨਾਂ ਬਾਹਰੀ ਪ੍ਰਭਾਵਾਂ ਤੋਂ ਮੁਕਤੀ ਪਾ ਕੇ ਕੋਲਵਿਟਜ਼ ਆਪਣੀ ਕਲਾ ਦੇ ਆਂਤ੍ਰਿਕ ਵਿਕਾਸ 'ਚ ਜੁਟ ਗਈ। ਕੈਨਵਸ ਉੱਤੇ ਚਿਤਰਾਤਮਕਤਾ ਤੇ ਨਾਟਕੀ ਰੰਗਣ ਦੇ ਰੰਗ ਉਭਾਰਨ ਦੀ ਥਾਵੇਂ, ਉਹਨੇ ਰੇਖਾਵਾਂ ਅਤੇ ਰੰਗ ਵਿਧੀ ਨੂੰ ਸੰਘਣਾ ਅਤੇ ਸੰਤੁਲਤ ਬਨਾਉਣ ਵਲ ਜ਼ਿਆਦਾ ਧਿਆਨ ਦੇਣਾ ਸ਼ੁਰੂ ਕੀਤਾ। ਉਸ ਤੋਂ ਬਾਅਦ ਦੇ ਚਿਤਰਾਂ ਦੀ ਵੇਖਣ 'ਚ ਚਾਣਚਕ ਪਰੰਤੂ ਯਥਾਰਥਕ ਕਿਰਤ ਸਾਧੀ ਸਰਲਤਾ ਬਹੁਤ ਹੀ ਪ੍ਰਭਾਵ ਪੂਰਤ ਅਤੇ ਮਾਨ ਨੂੰ ਛੂਹਣ ਵਾਲੀ ਸਿੱਧ ਹੋਈ। ਇਹਨਾਂ ਚਿਤਰਾਂ ਵਿਚ ਭਵਨ ਨਿਰਮਾਣ (ਰਾਜਗੀਰੀ) ਦੀ ਗੌਰਵਸ਼ੀਲਤਾ ਅਤੇ ਮੂਰਤੀਕਲਾ ਦੀ ਮਹਿਮਾ ਹੈ। ਸੱਚ ਤਾਂ ਇਹ ਹੈ ਕਿ ਕੋਲਵਿਟਜ਼ ਨੂੰ



ਚਿੰਤਾ

ਮੂਰਤੀਕਲਾ ਨਾਲ ਵੀ ਲਗਾਓ ਸੀ ਅਤੇ ਉਸ ਨੇ ਅਰਨਸਟ ਬਰਲਾਖ, ਏਦੁਆਰਦ ਮੁਖ ਤੋਂ ਪਰੇਰਣਾ ਲਈ ਪਰਭਾਵ ਗ੍ਰਹਿਣ ਕਰ ਕੇ ਕਈ ਵਰ੍ਹਿਆਂ ਤਕ ਮੂਰਤੀਆਂ ਵੀ ਬਣਾਈਆਂ। 1898 ਵਿਚ ਉਸ ਦੇ ਚਿਤਰ ਜਰਮਨੀ ਦੇ ਪ੍ਰਗਤੀਸ਼ੀਲ ਅਤੇ ਬੁੱਧੀਜੀਵੀ ਵਰਗਾਂ ਵਿਚ ਚਰਚਾ ਦਾ ਵਿਸ਼ਾ ਬਣੇ ਅਤੇ ਮੇਨਜ਼ਿਲ ਤੇ ਲਿਵਰਮਾਨ ਵਰਗੇ ਵਿਦਵਾਨ ਲੋਕਾਂ ਨੇ ਇਹ ਸੁਝਾ ਦਿਤਾ ਕਿ ਇਸ ਨੌਜਵਾਨ ਕਲਾਕਾਰ ਨੂੰ ਰਾਜ ਦਾ ਪੁਰਸਕਾਰ ਦਿਤਾ ਜਾਇ। ਪਰੰਤੂ ਜ਼ਰਮਨੀ ਦੇ ਸਮਰਾਟ ਨੇ ਕਿਸਾਨਾਂ ਦੇ ਜੀਵਨ ਆਂਕਣ ਵਾਲੀ ਇਸ ਅਨਜ਼ਾਣ ਕਲਾਸਾਧਿਕਾ ਵਲ ਧਿਆਨ ਦੇਣਾ ਜ਼ਰੂਰੀ ਨ ਸਮਝਿਆ। 1918 ਵਿਚ ਜਦ ਜਰਮਨੀ 'ਚ ਗਣਰਾਜ ਦੀ ਸਥਾਪਨਾ ਹੋਈ ਤਾਂ ਪਹਿਲੀ ਵਾਰ ਕੋਲਵਿਟਜ਼ ਨੂੰ, ਜੋ ਉਦੋਂ ਤਕ ਵਿਦੇਸ਼ਾਂ 'ਚ ਜਾਣੀ ਜਾ ਚੁਕੀ ਸੀ, ਦੇਸ਼ ਵਿਚ ਸਰਕਾਰ ਵਲੋਂ ਮਾਨਤਾ ਪ੍ਰਾਪਤ ਹੋਈ। ਉਸ ਨੂੰ ਕਲਾ ਅਕਾਦਮੀ ਦਾ ਮੈਂਬਰ ਬਣਾਇਆ ਗਿਆ ਅਤੇ ਕਲਾ ਵਿਦਿਆਲੇ 'ਚ ਅਧਿਆਪਕ ਨਿਯੁਕਤ ਕੀਤਾ ਗਿਆ। ਪਰ ਕੋਲਵਿਟਜ਼ ਦੀ ਕਲਾ ਇਸ ਸਭ ਨਾਲ ਕੁਰਾਹੇ ਨਹੀਂ ਪਈ ਅਤੇ ਉਹਨੇ ਸਰਕਾਰੀ ਸਮਰਥਨ ਪ੍ਰਾਪਤ ਕਰਨ ਲਈ ਆਪਣੀਆਂ ਲੀਹਾਂ ਕਦੇ ਨਹੀਂ ਛੱਡੀਆਂ। ਨਾਤਸੀਵਾਦ ਦਾ ਜ਼ੋਰ ਹੋਣ ਤੇ ਕੋਲਵਿਟਜ਼ ਨੂੰ ਨਵੇਂ ਸਿਰਿਓਂ ਧੱਕਾ ਵੱਜਾ। ਹਿਟਲਰ ਨੇ ਕਲਾ ਅਕਾਦਮੀ ਅਤੇ ਕਲਾ ਵਿਦਿਆਲੇ ਚੋਂ ਉਸ ਨੂੰ ਅਤੇ ਕਲਾ ਸੰਗ੍ਰਹਿ ਘਰਾਂ 'ਚੋਂ ਉਹਦੇ ਚਿਤਰਾਂ ਨੂੰ ਬਾਹਰ ਕੱਢ ਦਿੱਤਾ। ਇਸ ਦੇ ਬਾਵਜੂਦ ਵੀ ਉਹ ਕਦੇ ਨਿਰਾਸ਼ ਨਹੀਂ ਹੋਈ। ਉਹਨਾਂ ਦਿਨਾਂ ਵਿਚ ਉਸ ਨੇ ਜੋ ਆਪਣੇ ਚਿਤਰ ਅੰਕਤ ਕੀਤੇ ਹਨ ਉਹਨਾਂ ਵਿਚ ਐਸੀ ਉਜਾਗਰ ਜੀਵਨ ਜੋਤ ਹੈ ਜਿਹੋ ਜਿਹੀ ਰੇਮਬਰਾਂ ਦੀਆਂ ਪਰੋੜ ਰਚਨਾਵਾਂ 'ਚ ਹੀ ਦੇਖੀ ਗਈ ਸੀ। ਅਤਿਆਚਾਰ, ਦਬਦਬਾ ਅਤੇ ਜੁੱਧ ਦੀ ਭਿਆਨਕਤਾ ਦੇ ਉਸ ਹਿਟਲਰਸ਼ਾਹੀ ਜ਼ਮਾਨੇ 'ਚ ਕੋਲਵਿਟਜ਼ ਨੇ ਆਪਣੀ ਕਲਾ ਨੂੰ ਇਕ ਮਮਤਾਭਰੀ ਵੀਰਾਂਗਣ ਬਣਾ ਦਿੱਤਾ। ਜੁਧ ਦਾ ਵਿਰੋਧ ਕਰਨ ਵਾਸਤੇ ਉਸ ਦੀ ਤੂਲਿਕਾ ਜੋਧਾ ਬਣੀ। ਦੂਸਰਾ ਜੁੱਧ ਸਮਾਪਤ ਹੋਣ ਤੋਂ ਕੁਝ ਹੀ ਪਹਿਲਾਂ ਕੇਟ ਕੋਲਵਿਟਜ਼ ਦੀ ਜੁਧ ਨਾਲ ਬਰਬਾਦ ਹੋਏ ਡਰੈਸਡਨ ਨਗਰ ਵਿਚ ਮੌਤ ਹੋ ਗਈ।



ਜੰਗ ਤੋਂ ਰਖਿਆ

—ਕੋਲਵਿਟਜ਼ ਦੀਆਂ ਮੂਰਤੀਆਂ ਅਤੇ ਅੰਕੇ ਹੋਏ ਚਿਤਰਾਂ ਵਿਚ ਉਸ ਦੇ ਸਮਾਜਿਕ ਚਿੰਤਨ ਦੀ ਛਾਪ ਹੈ। ਮਨੁਖਤਾ ਵਿਚ ਆਪਣੇ ਵਿਸਵਾਸ਼ ਦੇ ਕਾਰਨ ਉਹਨੂੰ 1945 ਵਿਚ, ਆਪਣੀ ਮੌਤ ਤੋਂ ਪਹਿਲਾਂ ਤਰ੍ਹਾਂ ਤਰ੍ਹਾਂ ਦੇ ਤਸੀਹਿਆਂ ਦਾ ਸਾਹਮਣਾ ਕਰਨਾ ਪਿਆ। ਆਪਣੇ ਵਿਸ਼ਵਾਸ਼ਾਂ ਅਤੇ ਆਦਰਸ਼ਾਂ, ਆਪਣੀ ਕਲਾ ਅਤੇ ਚਿੰਤਨ ਵਾਸਤੇ ਕੋਲਵਿਟਜ਼ ਨੂੰ ਆਪਣੇ ਜੀਵਨ ਕਾਲ ਵਿਚ ਭਿਆਨਕ ਮੁਸ਼ਕਲਾਂ ਝਲਣੀਆਂ ਪਈਆਂ। ਉਸ ਦੇ ਮਿਹਨਤਾਨੇ ਦੇ ਰੂਪ 'ਚ ਉਸ ਨੂੰ ਜੋ ਪਰਸਿੱਧੀ ਮਿਲੀ, ਉਸ ਨੂੰ ਉਹ 'ਵਸੂਲ' ਨਹੀਂ ਸਕੀ। [ਧੰਨਵਾਦ : ਦਿਨਮਾਨ"]

# ਡਾਇਰੀ ਦੀ ਡਾਇਰੀ

ਮਹੀਨੇ ਦੇ ਅੰਤ ਵਿੱਚ ਅੱਜ ਮੇਰੇ ਹੱਥ ਦੋ ਡਾਇਰੀਆਂ (ਤਰੀਕਾਂ ਦਸਣ ਵਾਲੀਆਂ ਨਹੀਂ ਤੇ ਨਾ ਸੀ. ਆਈ. ਡੀ. ਦੀਆਂ ਰੀਪੋਰਟਾਂ ਦੀਆਂ, ਸਗੋਂ ਇਕ ਸਾਹਿੱਤ-ਰਸੀਏ ਦੀਆਂ ਯਾਦਾਸ਼ਤਾਂ ਦੀਆਂ) ਲੱਗ ਗਈਆਂ ਹਨ। ਇਕ 1956 ਦੀ ਸੀ ਤੇ ਦੂਜੀ 1965 ਦੀ। ਸੱਦੀ ਦਾ ਅੰਕ ਛਡ ਕੇ ਬਾਕੀ ਦੋਹਾਂ ਦੇ ਅੰਕ ਇਕੋ ਜਿਹੇ ਹਨ ਕੇਵਲ ਤਰਤੀਬ ਦਾ ਫਰਕ ਹੈ। ਇਨਾਂ ਫਰਕ ਹੀ ਇਨ੍ਹਾਂ ਦੇ ਪੱਨਿਆਂ ਉਤੇ ਅੰਕਤ ਵੇਰਵੇ ਦਾ ਹੈ। ਜਿਥੇ ਪਹਿਲੀ ਦਾ ਦਹਾਕੇ ਦਾ ਅੰਕ ਪੰਜ ਤੋਂ ਛੇ ਹੋ ਗਿਆ ਭਾਵ ਅੱਗੇ ਵੱਧ ਗਿਆ ਉਥੇ ਇਸ ਦਾ ਵੇਰਵਾ ਸੱਜੇ ਹੱਥ ਦੇ ਅੰਕ ਵਾਂਗ (ਛਪੰਜਾ ਤੋਂ ਪੈਂਹਠ ਹੋਣ ਲਈ ਮੂਹਰੇ ਪੰਜ ਆਉਂਦਾ ਹੈ ਜਿੱਥੇ ਪਹਿਲਾਂ ਛੇ ਸੀ) ਪਿਛੇ ਨੂੰ ਗਿਆ ਹੈ।

ਪਹਿਲੀ ਡਾਇਰੀ ਦੇ ਪੰਨੇ ਸਾਹਿੱਤਕ ਸਰਗਰਮੀਆਂ ਨਾਲ ਭਰੇ ਹੋਏ ਹਨ। ਹਰ ਤੀਸਰੀ ਮਿਤੀ ਕਿਸੇ ਸਭਾ ਦੀ ਮੀਟਿੰਗ, ਸਮਾਗਮ ਜਾਂ ਕਵੀ ਦਰਬਾਰ ਦੇ ਵੇਰਵੇ ਨਾਲ ਰੁਝੀ ਹੋਈ ਹੈ। ਸਾਲ ਭਰ ਦੇ ਕਈ ਮਹੀਨੇ ਵੱਡੇ ਸਾਹਿੱਤਕ ਇਕੱਠਾਂ ਨੂੰ ਸਮਰਪਤ ਹਨ। ਲੇਖਕ ਸੰਸਥਾਵਾਂ ਵਲੋਂ ਪ੍ਰਕਾਸ਼ਤ ਪੁਸਤਕਾਂ ਦਾ ਇਸ ਦੇ ਪੰਨਿਆਂ ਉਤੇ ਜ਼ਿਕਰ ਹੈ।

ਇਸ ਸਾਲ ਦੀ ਡਾਇਰੀ ਦੀ ਰੰਗਤ ਜੋ ਅੱਜੇ ਸਾਲ ਦੇ ਪਹਿਲੇ ਅੱਧ ਦਾ ਨਕਸ਼ਾ ਹੀ ਪੇਸ਼ ਕਰਦੀ ਹੈ, ਬਹੁਤ ਫਿੱਕੀ ਹੈ। ਕਿਤੇ ਕਿਤੇ ਸਮਰਾਲਾ, ਜਗਰਾਉਂ, ਮਾਛੀਵਾੜਾ, ਲੁਧਿਆਣਾ, ਸ੍ਰੀ ਜੀਵਨ ਨਗਰ, ਸੁਨਾਮ, ਸਰਹੰਦ, ਬਾਬਾ ਬਕਾਲਾ, ਮਾਨਸਾ ਆਦਿ ਥਾਵਾਂ ਦੇ ਨਾਉਂ ਆਉਂਦੇ ਹਨ। ਬਹੁਤੀ ਵਾਰ ਜ਼ਿਕਰ ਹਰਿਆਣੇ ਵਿੱਚ ਬੈਠੇ ਕੁਝ ਸਾਹਿਤਕਾਰਾਂ ਦੇ ਕੇਂਦਰ ਚਰਖੀ ਦਾਦਰੀ ਦਾ ਆਇਆ ਹੈ। ਪਿਛਲੇ ਨਾਉਂ—ਰਾਮਪੁਰ, ਅੰਮ੍ਰਿਤਸਰ, ਜਲੰਧਰ, ਨਾਭਾ, ਧੂਰੀ ਆਦਿ ਰੜਕੇ ਹੀ ਨਹੀਂ। ਬਰਨਾਲਾ ਦਾ ਨਾਉਂ ਤਾਂ ਕਈ ਪੰਨਿਆਂ ਉਤੇ ਦਿਸਿਆ ਹੈ ਪਰ ਪਹਿਲਾਂ ਜਿਹਾ ਤੇਜ ਨਹੀਂ।

ਇਸ ਦੇ ਨਾਲ ਹੀ ਕੁਝ ਵੱਡੇ ਸਮਾਗਮ ਵੀ ਹੋਏ ਹਨ। ਇਕ ਇਕੱਠ ਪੱਟੀ ਵਿੱਚ ਹੋਇਆ। ਦੂਜਾ ਸੁਨਾਮ ਵਿੱਚ ਸਾਹਿੱਤ ਫੁਲਵਾੜੀ ਨੇ ਚੋਖਾ ਸਮਾਗਮ ਕੀਤਾ ਹੈ। ਜੇ ਸੁਨਾਮ ਲੇਖਕਾਂ ਦੀ ਹਾਜ਼ਰੀ ਪਖੋਂ ਚੰਗੀ ਰੌਣਕ ਸੀ ਤਾਂ ਪੱਟੀ ਵਿੱਚ ਸ਼ਬਦਾਂ ਦਾ ਜਾਲ ਚੰਗਾ ਤਣਿਆਂ ਗਿਆ ਸੀ। ਤੀਸਰਾ ਸਮਾਗਮ ਕਪੂਰਥਲਾ ਵਿੱਚ ਪ੍ਰਯੋਗਵਾਦ ਦੇ ਝੰਡੇ ਬਰਦਾਰਾਂ ਵੱਲੋਂ ਹੋਇਆ। ਇਥੇ

ਚੰਗੇ ਪ੍ਰਬੰਧ ਨੇ ਹਾਜ਼ਰੀ ਚੋਖੀ ਕਰ ਦਿਤੀ। ਬਹਿਸ ਵੀ ਹੋਈ। ਇਸ ਸਮਾਗਮ ਪਿਛੋਂ, ਜਿਥੇ ਪੰਜਾਬੀ ਸਾਹਿੱਤ ਖੇਤਰ ਵਿੱਚ ਸਾਹਿੱਤਕ ਸਰਗਰਮੀਆਂ ਵਿੱਚ ਚਲੀ ਆ ਰਹੀ ਖੜੋਤ ਕੁਝ ਟੁਟੀ ਹੈ ਉਥੇ ਇਹ ਸਮਾਗਮ ਪ੍ਰਯੋਗਵਾਦ ਦਾ ਸ਼ਾਇਦ ਹਰਮਾਂ ਹੀ ਬਣ ਜਾਏ। (ਭਾਵ ਇਸ ਨੂੰ ਦਫਨਾਉਣ ਲਈ ਹੋਰ ਇਕੱਠ ਨਾ ਹੀ ਹੋਵੇ।) ਇਸ ਤੋਂ ਪਿਛੋਂ ਇਸ ਖਾੜੇ ਦੇ ਮੁਖੀਆਂ ਦਾ ਪਰਚਾ ਵੀ ਲੰਗੇ ਢੰਗ ਆਉਣ ਲੱਗ ਪਿਆ ਹੈ। ਜਿਥੋਂ ਤਕ ਸਮਾਗਮ ਦਾ ਸਬੰਧ ਹੈ ਇਹ ਵਿਚਾਰ ਵਟਾਂਦਰੇ ਪਖੋਂ ਸਫਲ ਕਿਹਾ ਜਾ ਸਕਦਾ ਹੈ। ਪ੍ਰਬੰਧਕ ਭਾਵੇਂ ਕਿਸੇ ਵਿਚਾਰ ਦੇ ਸੀ ਬਹਿਸ ਦਾ ਝੁਕਾਉ ਪਰਯੋਗਵਾਦ ਦੇ ਵਿਰੁਧ ਹੀ ਰਿਹਾ।

ਇਸ ਤਰ੍ਹਾਂ ਪਤਰੇ ਫੋਲਦਿਆਂ "ਪੰਜਾਬੀ ਸਾਹਿੱਤ ਅਕਾਡਮੀ" ਦੀ ਯਾਦ ਆ ਗਈ ਪਰ ਇਸ ਦੇ ਪਹਿਲਾਂ ਵਰਗੇ ਸਮਾਗਮ ਦਾ ਕਿਤੇ ਵੇਰਵਾ ਨਹੀਂ ਦਿਸਿਆ। "ਆਲੋਚਨਾ" ਵੀ ਤੀਸਰੇ ਮਹੀਨੇ ਹੀ ਦਰਸ਼ਨ ਦੇਣ ਲਗ ਪਿਆ ਹੈ। ਨਵੀਆਂ ਪੁਸਤਕਾਂ ਦਾ ਵੀ ਕੋਈ ਜ਼ਿਕਰ ਨਹੀਂ। "ਕੇਂਦਰੀ ਲੇਖਕ ਸਭਾ" ਚੋਣ ਦਾ ਐਲਾਨ (ਜਿਸ ਦਾ ਸ਼ਾਇਦ ਸਮਾਗਮ ਨਹੀਂ ਹੋਇਆ) ਕਰਨ ਤੋਂ ਪਿਛੋਂ ਗਿ: ਹੀਰਾ ਸਿੰਘ ਦਰਦ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਾਹਮਣੇ ਆਈ। ਜਿਵੇਂ ਹੁਣ ਇਹ "ਕੇਂਦਰੀ" ਹੀ ਹੋ ਗਈ ਹੈ ਇਸ ਲਈ ਆਪਣੇ ਮੋਢੀ (ਗਿਆਨੀ ਦਰਦ) ਲਈ ਇਨਾਂ ਕੁਝ ਕਰਨਾ, ਕੋਈ ਛੋਟੀ ਗੱਲ ਨਹੀਂ।

ਡਾਇਰੀ ਦੇ ਪੰਨਿਆਂ ਉਤੇ ਪੰਜਾਬ ਯੂਨੀਵਰਸਟੀ ਦਾ ਵੀ ਇਕ ਥਾਂ ਨਾਉਂ ਦਰਜ ਵੇਖਿਆ ਹੈ ਜਿਸ ਪੰਜਾਬੀ ਦੀ 'ਉਨਤੀ' ਵੱਜੋਂ ਪੰਜਾਬੀ ਪ੍ਰੀਖਿਆਵਾਂ ਬੰਦ ਕਰਨੀਆਂ ਮਿਥੀਆਂ ਹਨ। ਉਸ ਦਾ ਕਹਿਣਾ ਹੈ ਕਿ ਇਹ ਕੰਮ "ਪੰਜਾਬੀ ਯੂਨੀਵਰਸਟੀ, ਪਟਿਆਲਾ" ਦਾ ਹੈ।

ਪੰਜਾਬੀ ਯੂਨੀਵਰਸਟੀ ਦੇ ਉੱਦਮ ਉਸ ਨਾਲੋਂ "ਕਿਤੇ" ਚੰਗੇ ਹਨ। ਇਸ ਦੀ ਹਰ ਗੱਲ ਵਿੱਚ ਐਨੀ ਘੋਖ ਪੜਤਾਲ ਹੁੰਦੀ ਹੈ ਕਿ ਸਾਰਾ ਸਮਾਂ ਇਸ ਦੇ ਲੇਖੇ ਹੀ ਲਾ ਦਿੱਤਾ ਜਾਂਦਾ ਹੈ। ਪੰਜਾਬੀ ਲਈ ਪਰੋਫੈਸਰ ਲਾਉਣਾ ਹੋਵੇ ਜਾਂ ਰੀਸਰਚ ਸਕਾਲਰ ਜਾਂ ਕੋਈ ਹੋਰ ਪਦਵੀ ਦੀ ਥਾਂ ਭਰਨੀ ਹੋਵੇ ਤਾਂ ਪੰਜਾਬੀ ਵਿਦਵਾਨਾਂ ਨੂੰ ਨੇੜੇ ਫੜਕਣ ਨਹੀਂ ਦਿੱਤਾ ਜਾਂਦਾ। ਉਹਨਾਂ ਦੀ ਲੋੜ ਵੀ ਕੋਈ ਨਹੀਂ ਹੈ ਕਿਉਂਕਿ ਉਹ ਤਾਂ ਸਿੱਖੇ ਸਿਖਾਏ ਹਨ। ਹੋਰਾਂ ਨੂੰ "ਮੌਕਾ" ਦਿਤਾ ਜਾਵੇ, ਬੋਲੀ ਦਾ "ਪਸਾਰ" ਜੋ ਕਰਨਾ ਹੋਇਆ।

ਡਾਇਰੀ ਵਿੱਚ ਇਸ ਯੂਨੀਵਰਸਟੀ ਦੇ ਕੰਮਾਂ, ਪ੍ਰਬੰਧਕਾਂ ਦੇ ਆਪਣਿਆਂ ਦੇ ਖਿਆਲ ਰਖਣ ਦੇ "ਗੁਣਾ", ਵਿਦਵਾਨਾਂ ਦੀ "ਕਦਰ" ਕਰਨ ਤੇ ਹਰ ਮਜ਼ਮੂਨ ਦਾ ਮਾਧਿਅਮ "ਪੰਜਾਬੀ" ਨੂੰ "ਨੀਅਤ" ਕਰਨ ਤੇ ਆਪਣੇ ਅਦਾਰੇ ਵਿਚ ਨੌਕਰੀਆਂ ਸਮੇਂ "ਪੰਜਾਬੀ ਪੜ੍ਹਾਈ" ਦੀ ਯੋਗਤਾ ਨੂੰ ਪਹਿਲ ਦੇਣ ਦੇ ਕਾਰਨਾਮੇ ਉਭਾਰ ਕੇ ਅੰਕਤ ਕੀਤੇ ਹੋਏ ਹਨ। ਜੇ ਕੋਈ ਭਾਣਾ ਨਾ ਬੀਤਿਆ ਤੇ ਇਹ ਯੂਨੀਵਰਸਟੀ ਇਸੇ ਰਫਤਾਰ ਨਾਲ ਕੰਮ ਕਰਦੀ ਰਹੀ ਤਾਂ ਪੰਜਾਬੀ ਬੋਲੀ ਤੇ ਇਸ ਦਾ ਸਾਹਿੱਤ ਛੇਤੀ "ਉਨਤੀ" ਕਰ ਜਾਵੇਗਾ।

ਪੰਜਾਬੀ ਬੋਲੀ ਤੇ ਸਾਹਿੱਤ ਦੀ ਉਨਤੀ ਵਿੱਚ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦੇ "ਸਰਗਰਮ" ਕੰਮਾਂ ਦਾ ਕੁਝ ਵੇਰਵਾ ਵੀ ਡਾਇਰੀ ਵਿਚ ਨਜ਼ਰੀਂ ਪਿਆ ਹੈ। ਜਿਥੇ ਪਹਿਲੇ ਸਾਲਾਂ ਵਿੱਚ ਲੇਖਕਾਂ ਦੀਆਂ ਸਾਂਝੀਆਂ ਸੰਸਥਾਵਾਂ ਨੂੰ ਕੰਮ ਕਰਨ ਲਈ ਸਹਾਇਤਾ ਦਿਤੀ ਜਾਂਦੀ ਸੀ ਉਹ

ਹੁਣ ਉਹ ਪੈਸਾ ਵਿਭਾਗ ਰਾਹੀਂ ਕਵੀ ਦਰਬਾਰਾਂ ਤੇ ਮੁਕਾਬਲਿਆਂ ਆਦਿ ਰਾਹੀਂ ਲਾਇਆ ਜਾਣ ਲਗ ਪਿਆ ਹੈ। ਇਸ ਨਾਲ ਇਹ ਲਾਭ ਹੋ ਗਿਆ ਹੈ ਕਿ ਕੁਝ ਯੋਗ ਵਿਅਕਤੀਆਂ ਦੇ ਨਾਲ ਅਯੋਗਾਂ ਨੂੰ ਵੀ ਵਿਭਾਗ ਨਿਵਾਜ ਸਕਦਾ ਹੈ—ਸੋਸ਼ਲਿਸਟ ਤਰਜ਼ ਦੇ ਪਰਬੰਧ ਵਿਚ "ਫਰਕ" ਹੋ ਵੀ ਕਿਵੇਂ ਸਕਦਾ ਹੈ!

ਵਿਭਾਗ ਨੇ ਸਰਕਾਰ ਦੇ "ਨਿਯੋਜਤ ਪਰਵਾਰ" ਸਕੀਮ ਉਤੇ ਵੀ ਅਮਲ ਕਰਨਾ ਆਰੰਭ ਦਿਤਾ ਹੈ। ਪੁਸਤਕਾਂ ਦਾ ਪ੍ਰਕਾਸ਼ਨ ਘੱਟ ਕਰ ਦਿਤਾ ਹੈ। ਇਕ ਪੁਸਤਕ ਦਾ ਖਰਚਾ ਪਰਵਾਨ ਕਰਨ ਲਈ—ਹਿੰਦੀ ਵਿਭਾਗ, ਡਰੈਕਟਰਾਂ ਦਾ ਬੋਰਡ, ਸਰਕਾਰ ਦੀ ਅਡਵਾਇਜ਼ਰੀ ਕਮੇਟੀ ਤੇ ਫੇਰ ਸਰਕਾਰ ਦਾ ਸਕੱਤਰੇਤ ਕੰਮ ਕਰਦਾ ਹੈ। ਇਹ "ਨਿਯੋਜਤ ਪਰਵਾਰ" ਲਈ ਅਜਿਹੀ ਦਵਾਈ ਹੈ ਜੋ ਉਪਰੇਸ਼ਨ ਨਾਲੋਂ ਵੱਧ ਕੰਮ ਕਰਦੀ ਹੈ। ਇਹਨਾਂ ਕੰਮਾਂ ਉਤੇ ਉਹ ਸੱਜਣ ਲਾਏ ਹੋਏ ਹਨ ਜੋ ਪੰਜਾਬੀ ਪਾਠਕਾਂ ਨੂੰ ਬਹੁਤੀਆਂ ਪੁਸਤਕਾਂ ਦੇ ਕੇ 'ਤੰਗ' ਨਹੀਂ ਕਰਨਾ ਚਾਹੁੰਦੇ। ਜੇ ਸਭ ਯਤਨਾਂ ਦੇ ਬਾਵਜੂਦ ਕੋਈ ਪੰਜਾਬੀ ਪੁਸਤਕ ਪ੍ਰਕਾਸ਼ਨਾਂ ਲਈ ਉਠ ਤੁਰੇ ਤਾਂ ਉਸ ਦੀ ਅਵਾਰਗੀ ਰੋਕਣ ਲਈ ਫਿਰਕੂ ਪਹਿਰੇਦਾਰਾਂ ਤੋਂ ਸਹਾਇਤਾ ਲਈ ਜਾਂਦੀ ਹੈ।

ਵਿਭਾਗ ਦੇ ਸਾਹਿੱਤਕ ਪਰਚਿਆਂ ਦੇ ਕੰਮ ਖਾਸ ਨੋਟ ਕੀਤੇ ਹੋਏ ਹਨ (ਕਿਉਂਕਿ ਇਹਨਾਂ ਦੀ ਸੇਵਾ ਅੱਖੋਂ ਓਹਲੇ ਕਰਨ ਵਾਲੀ ਨਹੀਂ)। ਜੋ ਲਿਖਤਾਂ ਹੋਰ ਰਸਾਲੇ, ਅਖਬਾਰ ਪਰਤਾ ਦਿੰਦੇ ਹਨ ਉਹ ਇਹ ਪੈਸੇ ਦੇ ਕੇ ਖਰੀਦ ਕੇ ਪੰਜਾਬੀ ਪਾਠਕਾਂ ਤੱਕ ਪੁਚਾਉਂਦੇ ਹਨ। ਇਹ ਪਰਚੇ ਨਾ ਹੁੰਦੇ ਤਾਂ ਪੰਜਾਬੀ ਪਾਠਕ ਕਿੰਨੀਆਂ ਹੀ ਲਿਖਤਾਂ ਪੜ੍ਹਣ ਤੋਂ ਵਿਰਵੇ ਰਹਿੰਦੇ।

ਨਵੀਂ ਵਜ਼ਾਰਤ ਦੇ ਇਸ ਵਿਭਾਗ ਨਾਲ ਸਬੰਧਤ ਮੰਤਰੀ ਬਹੁਤ ਖੁਲ੍ਹ ਦਿਲੇ ਹਨ। ਉਹਨਾਂ ਆਪਣੇ ਹੁਣ ਤੱਕ ਦੇ ਸਾਰੇ ਸਮੇਂ ਵਿੱਚ ਇਧਰ ਕੋਈ ਧਿਆਨ ਨਹੀਂ ਦਿਤਾ। ਉਹਨਾਂ ਦਾ ਵਿਚਾਰ ਹੈ ਕਿ ਉਪਰਲੇ ਅਧਿਕਾਰੀਆਂ ਦੇ ਬਹੁਤਾ ਧਿਆਨ ਦੇਣ ਨਾਲ ਹੇਠਲੇ ਕੰਮ ਨਹੀਂ ਕਰ ਸਕਦੇ।

ਕੁਝ ਪੱਨਿਆਂ ਉਤੇ (ਕੌਮੀਂ) ਸਾਹਿੱਤ ਅਕਾਡਮੀ ਦੇ ਇਨਾਮ ਦੇਣ ਦੇ ਢੰਗ ਦੀ ਵੀ "ਸ਼ਲਾਘਾ" ਨੋਟ ਕੀਤੀ ਹੋਈ ਹੈ। ਚੋਣਕਾਰਾਂ ਦੇ ਨਾਉਂ ਲੋਕਾਂ ਤੋਂ ਲਕੋਕੇ ਇਹ ਜਿਸ "ਨਿਰਪਖਤਾ" ਉਤੇ ਅਮਲ ਕਰਦੇ ਹਨ ਉਹ ਅਮਰੀਕਾ ਸਰਕਾਰ ਦੀ "ਅਮਨ" ਤਾਂਘ ਜਿਹੀ ਹੈ।..........

ਤੇ ਇਸ ਤਰ੍ਹਾਂ ਡਾਇਰੀ ਦੇ ਖਾਲੀ ਵਰਕੇ ਭਰੀਂਦੇ ਜਾ ਰਹੇ ਹਨ।

(31 ਜੁਲਾਈ 65)

ਜਗੀਰ ਸਿੰਘ ਜਗਤਾਰ

# ਸਿਰਜਣਾ ਆਗਮਨ

ਰਘਬੀਰ ਸਿੰਘ ਜੀ !

ਮੈਨੂੰ ਤੁਹਾਡੇ ਵਲੋਂ 'ਸਿਰਜਣਾ' ਦੇ ਪ੍ਰਕਾਸ਼ਨ ਦਾ ਉਦਮ ਕਰਨ ਤੋਂ ਬਹੁਤ ਪ੍ਰਸੰਨਤਾ ਹੋਈ ਹੈ। ਮੈਨੂੰ ਆਸ ਹੈ 'ਸਿਰਜਣਾ' ਸਾਡੇ ਬੁਧੀਜੀਵੀ ਵਰਗ ਨੂੰ ਉਹ ਅਗਵਾਈ ਦੇ ਸਕੇਗਾ ਤੇ ਆਪਣੇ ਵਿਚਾਰ-ਪਰਸਾਰ ਵਿਚ ਉਹ ਸਹਾਇਤਾ ਦੇਵੇਗਾ, ਜੋ ਅੱਜ ਦੀ ਵੱਡੀ ਲੋੜ ਹੈ। ਮੈਂ ਇਸਨੂੰ ਹਰ ਪ੍ਰਕਾਰ ਸਹਿਯੋਗ ਦੇਣ ਦਾ ਯਤਨ ਕਰਾਂਗਾ।

ਸੰਤ ਸਿੰਘ ਸੇਖੋਂ

— ○ —

ਸਿਰਜਣਾ ਵਾਲਾ ਪ੍ਰੋਗਰਾਮ ਮੈਨੂੰ ਬਹੁਤ ਪਸੰਦ ਆਇਆ ਹੈ। ਇਸ ਤਰ੍ਹਾਂ ਦੇ ਪੇਪਰ ਦੀ ਅਤਿਅੰਤ ਲੋੜ ਹੈ। ਤੁਸਾਂ ਸਭ ਸਾਥੀਆਂ ਨੇ ਮਿਲਕੇ, ਸਮੇਂ ਦੇ ਮੁਤਾਬਿਕ ਤੇ ਆਉਣ ਵਾਲੇ ਸਮੇਂ ਲਈ ਕਾਫੀ ਠੀਕ ਵਿਚਾਰਿਆ ਹੈ ਤੇ ਇਹ ਤੁਹਾਡੇ ਸੋਚ ਸਮਝ ਕੇ ਚੁੱਕੇ ਕਦਮ, ਨਵੇਂ ਉਠ ਰਹੇ ਕਲਾਕਾਰਾਂ ਲਈ, 'ਬੁਨਿਆਦੀ ਸੱਚ' ਦੀ ਮੰਜ਼ਲ ਲਈ ਪੂਰਨੇ ਹੋਣਗੇ ਤੇ ਭੁੱਲੇ-ਭਟਕੇ ਕਲਾਕਾਰ ਤੇ ਲਿਖਾਰੀ ਵੀ ਇਸ ਤੋਂ ਰੌਸ਼ਨੀ ਹਾਸਲ ਕਰਕੇ, ਮਾਨਵਤਾ ਦੇ ਸਿੱਧੇ ਮਾਰਗ ਵਲ ਆਉਣਗੇ।...

ਅਸਾਂ ਮਹਾਨ-ਸੱਚ, ਮਾਨਵਤਾ, ਸਮਾਨਤਾ, ਵਿਸ਼ਵ-ਕਲਿਆਣ ਤੇ ਅਮਨ ਦੇ ਮਾਰਗ ਤੇ ਤੁਰਨਾ ਹੈ ਤੇ ਆਪਣੀ ਕਲਮ ਦੁਆਰਾ ਵੱਧ ਤੋਂ ਵੱਧ ਮਨੁਖ ਮਾਤਰ ਦੀ ਸੇਵਾ ਕਰਨੀ ਹੈ। ਮੈਨੂੰ ਆਸ ਹੈ ਕਿ ਸਾਡਾ ਸਾਹਿੱਤ ਜ਼ਿੰਦਗੀ ਨਾਲ ਭਰਪੂਰ ਹੋਵੇਗਾ, ਉਹ ਵਿਸ਼ਵ ਪਿਆਰ ਤੇ ਗ਼ਮਿ-ਦੂਰਾਂ ਨਾਲ ਵੀ ਡੁਲ੍ਹ ਡੁਲ੍ਹ ਪੈ ਰਿਹਾ ਹੋਵੇਗਾ। ਕਲਮ ਦਾ ਸਮਾਜ, ਦੇਸ ਤੇ ਜ਼ਿੰਦਗੀ ਤੋਂ ਦੂਰ ਹੋ ਕੇ ਹਉਮੈਂ ਦੀ ਉਕਾਸੀ ਕਰਨਾ ਬੇਅਰਥ ਹੈ। ਅੱਜ ਤਾਂ ਸਗੋਂ ਅੱਗੇ ਤੋਂ ਵਧ, ਬੁਰਾਈਆਂ, ਜਹਾਲਤਾਂ ਅਤੇ ਖਰਾਬੀਆਂ ਵਿਰੁੱਧ ਜੂਝਣ ਦੀ ਲੋੜ ਹੈ। ਰਾਜਨੀਤਕ ਤੇ ਆਰਥਿਕ ਹਾਲਤ ਕਲਾਕਾਰਾਂ ਤੇ ਪੂਰੀ ਤਰ੍ਹਾਂ ਅਸਰ ਅੰਦਾਜ਼ ਹੁੰਦੇ ਹਨ। ਕਲਾਕਾਰ ਇਨ੍ਹਾਂ ਤੋਂ ਦੂਰ ਕਿਵੇਂ ਰਹਿ ਸਕਦਾ ਹੈ ? ਦੂਰ ਰਹਿਣਾ ਤਾਂ ਬੁਜ਼ਦਿਲੀ ਹੈ। ਫੇਰ ਗੋਰੇ ਹੱਥਾਂ ਦੇ ਕਾਲੇ ਹੱਥਾਂ 'ਚ ਬਦਲਨ ਨਾਲ, ਲੋਕਾਂ ਦੀ ਜ਼ਿੰਦਗੀ ਤਾਂ ਨਹੀਂ ਬਦਲ ਗਈ। ਸੋ ਮੈਂ ਆਸ ਕਰਦਾ ਹਾਂ ਕਿ "ਸਿਰਜਣਾ" ਇਕ ਸਿਹਤਮੰਦ ਤੇ ਮਿਆਰੀ ਪਤ੍ਰਿਕਾ ਦੇ ਰੂਪ ਵਿਚ ਪੰਜਾਬੀ ਪਿਆਰਿਆਂ ਦੇ ਹੱਥਾਂ 'ਚ ਆਏਗਾ। ਮੈਂ ਤਹਿ ਦਿਲ ਤੋਂ "ਸਿਰਜਣਾ" ਦੀ ਕਾਮਯਾਬੀ ਲੋਚਦਾ ਹਾਂ।

ਬਾਵਾ ਬਲਵੰਤ

— ○ —

...ਵਿਰਤੂ ਪੱਤਰ ਵਿਚ ਜੋ ਉਦੇਸ਼ ਆਪ ਜੀ ਨੇ "ਸਿਰਜਣਾ" ਤ੍ਰੈਮਾਸਿਕ ਦੇ ਸਬੰਧ ਵਿਚ ਦੱਸੇ ਹਨ, ਇਨ੍ਹਾਂ ਦੀ ਪੂਰਤੀ ਲਈ ਹੰਭਲਾ ਮਾਰਨਾ ਜ਼ਰੂਰੀ ਹੈ। ਮੇਰੀ ਕਲਮੀ ਸੇਵਾ ਹਾਜਰ ਹੈ। ਆਸ ਹੈ ਕਿ ਤੁਸੀਂ ਇਨ੍ਹਾਂ ਬਹੁਤ ਵਧੀਆ ਤੇ ਲੋੜੀਂਦੇ ਯਤਨਾਂ ਵਿਚ ਫਲੀ ਭੂਤ ਸਫਲ ਹੋਵੋਗੇ। ਉਤਸਾਹ ਨੂੰ ਬਰਕਰਾਰ ਰੱਖਣ ਦੀ ਤੇ ਡਟਣ ਦੀ ਲੋੜ ਹੈ।...

ਗੁਰਚਰਨ ਸਿੰਘ (ਡਾਕਟਰ)

— ○ —

"ਸਿਰਜਣਾ ਬਾਰੇ ਪੜ੍ਹ ਕੇ ਖੁਸ਼ੀ ਹੋਈ ਹੈ। ਮੇਰੀਆਂ ਸ਼ੁਭ ਇਛਾਵਾਂ ਹਨ। ਕਹਾਣੀ ਮੈਂ ਤੁਹਾਨੂੰ ਦੋ ਤਿੰਨ ਦਿਨ ਤਕ ਭੇਜ ਦਿਆਂਗਾ। ਜ਼ਰੂਰ। ਪਰਚਾ ਮਿਲਣ ਤੇ ਅੱਗੋਂ ਲਈ ਆਪਣੇ ਸੁਝਾਅ ਭੇਜਾਂਗਾ।

ਸੁਖਬੀਰ

— o —

ਐਲਾਨ ਨਾਮਾ ਮਿਲ ਗਿਆ ਹੈ। ਆਪ ਦਾ ਪਰਚਾ ਕੋਈ ਬੇਲੋੜਾ ਉਦਮ ਨਹੀਂ। ਸ਼ਾਇਦ ਮੈਂ ਸਿਧਾਂਤਕ ਸਵਾਲਾਂ ਬਾਰੇ ਆਪ ਨਾਲ ਪੂਰਨ ਸਹਿਮਤ ਨਾ ਹੋ ਸਕਾਂ, ਪਰ ਮੇਰੀ ਮਿਲਵਰਤਣ ਆਪ ਲਈ ਹਮੇਸ਼ਾ ਹਾਜ਼ਰ ਹੈ।

ਸੁਰਜੀਤ ਹਾਂਸ

— o —

ਤੁਹਾਡਾ ਇਰਾਦਾ ਤ੍ਰੈਮਾਸਕ ਦੀ ਪ੍ਰਕਾਸ਼ਨਾ ਦਾ ਹੈ, ਨੇਕ ਇਰਾਦਾ ਹੈ। ਮੇਰੀਆਂ ਸ਼ੁਭ ਇਛਾਵਾਂ ਤੁਹਾਡੇ ਨਾਲ ਹਨ। ਕੋਈ ਸੇਵਾ ?

ਐਸ. ਸਵਰਨ

— o —

ਮੈਨੂੰ ਖੁਸ਼ੀ ਹੈ ਤੁਸੀਂ ਇਹ ਬੀੜਾ ਚੁਕਿਆ ਹੈ। ਉਤਸ਼ਾਹ ਵਲੋਂ ਤਾਂ ਮੈਨੂੰ ਸ਼ੱਕ ਨਹੀਂ। ਪ੍ਰੀਤਮ ਸਿੰਘ ਹੋਰਾਂ ਨੂੰ "ਆਲੋਚਨਾ" ਬਾਬਤ ਬਹੁਤ ਉਤਸ਼ਾਹ ਹੈ। ਸਵਾਲ ਹੈ ਲਿਖਣ ਵਾਲਿਆਂ ਦਾ, ਉਨ੍ਹਾਂ ਦੀ ਅਕਲ ਦਾ, ਉਹਨਾਂ ਦੀ ਸਮਰੱਥਾ ਦਾ। ਉਹ ਪਰਚਾ ਪੜ੍ਹਨ ਤੋਂ ਹੀ ਪਤਾ ਲੱਗੇਗਾ। ਜੇ ਤੁਹਾਡਾ ਪਰਚਾ ਨਾਹਿਰਾਬਾਜ਼ੀ ਵਾਸਤੇ ਹੀ ਹੋਇਆ ਤਾਂ ਤੁਹਾਡੀ ਮਰਜ਼ੀ।......

(ਪ੍ਰੋਫੈਸਰ) ਕਿਸ਼ਨ ਸਿੰਘ

— o —

"ਵਧਾਈ ਦਿੰਦਾ ਹਾਂ ਕਿ ਤੁਸੀਂ ਨਵਾਂ ਪਰਚਾ "ਸਿਰਜਣਾ" ਸ਼ੁਰੂ ਕਰ ਰਹੇ ਹੋ। ਜਦੋਂ ਵੀ ਕਹਾਣੀ ਲਿਖੀ, ਜ਼ਰੂਰ ਭੇਜਾਂਗਾ।

ਗੁਰਦਿਆਲ ਸਿੰਘ

— o —

"ਸਿਰਜਣਾ" ਦਾ ਉਦਮ ਚੰਗਾ ਹੈ। ਨਾਉਂ ਦੀ ਲੈਟਰਿੰਗ ਕਰ ਕੇ ਭੇਜ ਰਿਹਾ ਹਾਂ, ਆਸ ਹੈ ਪਸੰਦ ਆਵੇਗੀ। ਸਮਾਂ ਮਿਲਣ ਤੇ ਟਾਇਟਲ ਡੀਜ਼ਾਇਨ ਵੀ ਬਣਾ ਕੇ ਭੇਜਾਂਗਾ।

ਹਰਬੀਰ ਸਿੰਘ ਭੰਵਰ

— o —

......ਕਹਾਣੀ ਭੇਜਣੀ ਸੀ ਪਰ ਤੁਰਤ ਬਾਹਰ ਜਾਣਾ ਪੈ ਗਿਆ ਇਸ ਲਈ ਨਹੀਂ ਭੇਜੀ ਜਾ ਸਕੀ।......

ਐਨ. ਕੌਰ

— o —

......ਇਹੋ ਜਿਹੇ ਪਰਚੇ ਤੇ ਪ੍ਰਗਤਿਵਾਦੀ ਲਹਿਰ ਨੂੰ ਮੁੜ ਸੰਗਠਤ ਕਰਨ ਦੀ ਚਿਰ ਤੋਂ ਲੋੜ ਅਨੁਭਵ ਹੋ ਰਹੀ ਸੀ, ਸੋ ਤੁਹਾਡੇ ਪਰਚੇ ਨੇ ਪੂਰੀ ਕਰ ਦਿੱਤੀ ਹੈ—ਤੁਸੀਂ ਪੰਜਾਬੀ ਨੂੰ ਸਹੀ ਲੀਹਾਂ ਤੇ ਲਿਆ ਰਹੇ ਹੋ। ਇਸ ਲਈ ਜ਼ਰਾ ਦ੍ਰਿੜਤਾ ਤੇ ਲਗਨ ਨਾਲ ਕੰਮ ਕਰਨਾ। ਜਿਹੜਾ

ਉਤਸ਼ਾਹ ਪਹਿਲਾਂ ਹੋਵੇ, ਉਹ ਦਿਨ ਬਦਿਨ ਵਧਦਾ ਜਾਵੇ, ਤਦੇ ਅਸੀਂ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਕਰ ਸਕਾਂਗੇ। ਮੈਂ ਹਰ ਤਰ੍ਹਾਂ ਆਪਜੀ ਨੂੰ ਸਹਿਯੋਗ ਦੇਣ ਲਈ ਤਿਆਰ ਹਾਂ।

ਜੋਗਿੰਦਰ ਸਿੰਘ ਬਿਰਿੰਗ

— o —

"ਸਿਰਜਣਾ" ਦੀ ਸਿਰਜਣਾ ਬਾਰੇ ਪੜ੍ਹਕੇ ਮਨ ਵਿਚ ਕਿਸੇ ਸ਼ਕਤੀ ਨੇ ਅੰਗੜਾਈ ਲਈ ਹੈ। ਕੁਦਰਤ ਕਰੇ ਇਹ ਪਰਚਾ ਆਪਣੀ ਸਿਰਜਣਾ ਰਾਹੀਂ ਮੰਤਵ ਦੀ ਪੂਰਤੀ ਲਈ ਪੂਰੇ ਈਮਾਨ ਨਾਲ ਲੜ ਸਕੇ ਤੇ ਨਿਰਪੱਖ ਸਾਹਿੱਤਕ ਸੇਵਾਵਾਂ ਦਾ ਧਾਰਨੀ ਹੋਵੇ। ਨਾਂ ਬਹੁਤ ਖੂਬਸੂਰਤ ਹੈ।

ਫਤਿਹਜੀਤ

— o —

ਇਹ ਜਾਣਕੇ ਖੁਸ਼ੀ ਹੋਈ ਕਿ ਤੁਸੀਂ ਪ੍ਰਗਤਿਵਾਦੀ ਧਾਰਾ ਦਿਆਂ ਲੇਖਕਾਂ ਦਾ ਨਵ ਸੰਗਠਨ ਕਰਨ ਦਾ ਮਹਾਨ ਕੰਮ "ਸਿਰਜਣਾ" ਦੁਆਰਾ ਅਰੰਭਿਆ ਹੈ। ਵਾਸਤਵ ਵਿਚ ਇਸਦੀ ਲੋੜ ਪਿਛਲੇ ਕਈ ਸਾਲਾਂ ਤੋਂ ਅਨੁਭਵ ਕੀਤੀ ਜਾ ਰਹੀ ਸੀ। ਖ਼ੈਰ, ਹੁਣ ਵੀ ਬਹੁਤੀ ਕੁਵੇਲ ਨਹੀਂ ਹੋਈ।

ਈਸ਼ਰ ਸਿੰਘ ਤਾਂਘ

— o —

ਮਕਰਮੀ ਆਦਾਬ, ਸਿਮਾਹੀ "ਸਿਰਜਣਾ" ਕੇ ਅਜਰਾ ਪਰ ਮੇਰੀ ਜਾਨਬ ਸੇ ਮੁਬਾਰਕਬਾਦ ਕਬੂਲ ਫੁਰਮਾਈਏ। ਮੇਰੀ ਦੁਆ ਹੈ ਕਿ ਸਿਮਾਹੀ 'ਸਿਰਜਣਾ' ਜਿਸ ਮਕਸਦ ਕੋ ਲੇਕਰ ਮੈਦਾਨ ਮੇਂ ਉਤਰਾ ਹੈ, ਉਸ ਮੇਂ ਕਾਮਯਾਬ ਹੋ।

ਮਿਹਰ ਚੰਦ ਕੌਸਰ

— o —

ਅਜਿਹੇ ਪੱਤਰ ਦੀ ਅੱਜ ਪੰਜਾਬੀ ਸਾਹਿਤ ਵਿਚ ਬਹੁਤ ਵੱਡੀ ਲੋੜ ਹੈ। ਆਸ ਹੈ "ਸਿਰਜਣਾ" ਨਵੇਂ ਸਮਾਜ ਨੂੰ ਸਿਰਜਣ ਵਿਚ ਸਹਾਈ ਹੋਵੇਗਾ।

ਅਮਰ ਹਾਂਡਾ

— o —

"......ਮੇਰਾ ਵਿਸ਼ਵਾਸ਼ ਹੈ ਕਿ "ਸਿਰਜਣਾ" ਆਪਣੇ ਆਸ਼ੇ ਵਿਚ ਪੂਰਨ ਸਫਲਤਾ ਹਾਸਲ ਕਰੇਗਾ। "ਸਿਰਜਣਾ" ਦੀ ਸੇਵਾ ਕਰਨ ਵਿਚ ਮੈਨੂੰ ਖੁਸ਼ੀ ਮਿਲੇਗੀ।"

ਅਜਮੇਰ ਸਿੰਘ ਔਲਖ

— o —

......ਬੜੀ ਦੇਰ ਤੋਂ ਮੈਂ ਨਵੀਨ ਪ੍ਰਗਤਿਵਾਦੀ ਧਾਰਾ ਦੇ ਪ੍ਰਤੀਨਿਧ ਪਰਚੇ ਦੀ ਘਾਟ ਨੂੰ ਮਹਿਸੂਸ ਕਰ ਰਿਹਾ ਸਾਂ। ਅਖੌਤੀ ਪ੍ਰਯੋਗਸ਼ੀਲ ਧਾਰਾ ਦੇ ਕਵੀਆਂ ਵਿਚ ਨਾ ਕੋਈ ਸੇਧ ਹੈ ਤੇ ਨਾਂ ਕੋਈ ਆਦਰਸ਼। ਐਸੀ ਪੰਜਾਬੀ ਮੰਤਵਹੀਣ ਫਰਾਰੀ ਤੇ ਰੂਪਵਾਦੀ ਬਣਾਵਟੀ ਕਵਿਤਾ ਬੰਗਾਲੀ ਦੀ ਨਵੀਨ ਹੰਗਰੀ ਜੈਨਰੇਸ਼ਨ ਜਾਂ ਬੀਟ ਕਵਿਤਾ ਦੀ ਅਸ਼ਲੀਲਤਾ ਤੇ ਆਦਰਸ਼ਹੀਣਤਾ ਨਾਲ ਮੇਲ ਖਾਂਦੀ ਹੈ। ਐਸੀ ਕਵਿਤਾ ਦਾ ਸਮਾਜਕ, ਸਦਾਚਰਕ ਜਾਂ ਭਾਈਚਾਰਕ ਕੋਈ ਮਹਤਵ ਨਹੀਂ। "ਸਿਰਜਣਾ" ਨੂੰ ਮੈਂ ਜੀਅ ਆਇਆਂ ਕਹਿੰਦਾ ਹਾਂ।

ਹਮਦਰਦਵੀਰ ਨੁਸ਼ਹਿਰਵੀ

— o —

......ਪ੍ਰਗਤਿਵਾਦੀ ਧਾਰਾ ਨੂੰ ਅੱਗੇ ਖੜਨ ਲਈ ਚੁਕਿਆ ਤੁਹਾਡਾ ਇਹ ਕਦਮ ਬੜਾ ਉਸਾਰੂ, ਹੌਸਲੇ ਭਰਿਆ ਤੇ ਵਕਤ ਦੀ ਲੋੜ ਪੂਰੀ ਕਰਨ ਵਾਲਾ ਹੈ।

ਦਰਸ਼ਨ ਨੱਤ

— ○ —

"ਸ਼ੁਭ ਇਛਾਵਾਂ ਤੁਹਾਡੇ ਨਾਲ ਹਨ। ਤੁਸੀਂ ਸੁਯੋਗ ਵਿਅਕਤੀਆਂ ਦਾ ਗਰੁਪ ਬਣਾਕੇ ਚੱਲੇ ਹੋ, ਸਫਲਤਾ ਤੁਹਾਡੇ ਰਾਹ ਮੱਥਾ ਨਿਵਾਏਗੀ।"

ਮੋਹਨਜੀਤ

— ○ —

......ਜਿਹਲ ਵਿੱਚ "ਸਿਰਜਣਾ" ਦਾ ਪਤਾ ਲਗਿਆ। ਅਸੀਂ ਬੰਦੀ ਸਿਰਜਣਾ ਵਿੱਚ ਹੋਰ ਹੱਥ ਭਾਵੇਂ ਨਾ ਹੀ ਵਟਾ ਸੱਕੀਏ, ਸ਼ੁਭ ਇਛਾਵਾਂ ਤਾਂ ਭੇਜ ਹੀ ਸਕਦੇ ਹਾਂ। ਮੈਂ ਤੇ ਹੋਰ ਸਾਥੀ ਪਰਚੇ ਦੀ ਸਫਲਤਾ ਲੋੜਦੇ ਹਾਂ।

ਹਰਨਾਮ ਸਿੰਘ ਚਮਕ<br>(ਨਾਭਾ ਜਿਹਲ)

— ○ —

......"ਸਿਰਜਣਾ" ਵਾਲਾ ਕੰਮ ਚੰਗਾ ਹੀ ਕੀਤਾ ਹੈ। ਇਸ ਤਰ੍ਹਾਂ ਦੇ ਪਰਚੇ ਦੀ ਲੋੜ ਸੀ ਪਰ ਪਤਾ ਨਹੀਂ ਹੁਣ ਤਾਈਂ ਤੁਸੀਂ ਕਿਉਂ ਚੁਪ ਬੈਠੇ ਰਹੇ। ਸਫਲਤਾ ਬਾਰੇ ਤਾਂ ਗਲ ਕੀ ਕਹਿਣੀ ਹੈ ਰਲਕੇ ਹੰਭਲਾ ਮਾਰ ਹੀ ਲਵਾਂਗੇ।

ਜਰਨੈਲਪੁਰੀ

— ○ —

......"ਸਿਰਜਣਾ" ਕੀ ਬਾਤ ਸ਼ੁਭ ਹੈ। ਪੰਜਾਬੀ ਮੇਂ ਅੱਛੇ ਸਾਹਿੱਤਕ ਪੱਤਰ ਕੀ ਅਵਸ਼ਕਤਾ ਅਨੁਭਵ ਹੋ ਰਹੀ ਥੀ। ਮੈਂ ਵੈਸੇ ਤੋ ਹਿੰਦੀ ਮੇਂ ਹੀ ਲਿਖਤਾ ਹੂੰ। ਆਪ ਕੇ ਲੀਏ ਪੰਜਾਬੀ ਮੇਂ ਭੀ ਲਿਖਨੇ ਕਾ ਪ੍ਰਯਤਨ ਕਰੂੰਗਾ।

ਕੇਵਲ ਸੂਦ<br>ਸੰਪਾਦਿਕ "ਧੂਪ ਛਾਂਵ"

— ○ —

......"ਸਿਰਜਣਾ ਦਾ ਉਦਮ ਚੰਗਾ ਹੈ। ਅਸੀਂ ਦੇਸ ਤੇ ਜਨਮਭੂਮੀ ਤੋਂ ਹਜ਼ਾਰਾਂ ਮੀਲ ਦੂਰ ਬੈਠੇ ਮਾਤ-ਬੋਲੀ ਲਈ ਤਾਂਘਦੇ ਰਹਿੰਦੇ ਹਾਂ। ਅਜਿਹੇ ਪਰਚੇ ਦੀ ਲੋੜ ਸੀ ਜੋ ਸਮੁਚੇ ਪੰਜਾਬੀ ਸਾਹਿੱਤ ਦੀ ਝਲਕ ਦੇਵੇ।...

ਅਵਤਾਰ ਜੋਹਲ<br>ਸੰਪਾਦਕ "ਨਵਾਂ ਚਾਨਣ"<br>ਸਮੈਥਵਿਕ (ਬਰਤਾਨੀਆਂ)

— ○ —

ਆਧੁਨਿਕ ਸਾਹਿੱਤ ਦਾ ਪ੍ਰਤੀਨਿਧ ਮਾਸਿਕ

# ਪ੍ਰੀਤਮ

ਜਿਸ ਦੇ ਹਰ ਅੰਕ ਵਿੱਚ :

- ਪੰਜ ਪੰਜਾਬੀ ਤੇ ਇਕ ਸਮਕਾਲੀ ਭਾਸ਼ਾ ਦੀ, ਕਹਾਣੀਆਂ
- ਪੰਜਾਬੀ ਤੇ ਦੂਜੀਆਂ ਬੋਲੀਆਂ ਦੇ ਆਧੁਨਿਕ ਕਵੀਆਂ ਦੀਆਂ ਕਵਿਤਾਵਾਂ
- ਨਵ-ਚੇਤਨਾ ਸਬੰਧੀ ਲੇਖ
- ਪੁਸਤਕਾਂ ਦੇ ਰੀਵੀਉ ਤੇ
- ਹਰ ਵਾਰ ਨਵਾਂ ਫੀਚਰ

ਸੰਪਾਦਕ : ਅਮਰਜੀਤ ਸਿੰਘ

ਚੰਦਾ ਸਾਲਾਨਾ—ਦੇਸ 6 ਰੁਪੈ, ਪਰਦੇਸ 10 ਰੁਪੈ

**ਪ੍ਰੀਤਮ** ਮਾਸਿਕ, ੧੫ ਅਨਸਾਰੀ ਮਾਰਕੀਟ, ਦਿਲੀ-੬

—:0:—

ਪੰਜਾਬੀ ਦਾ ਚੰਗਾ ਤ੍ਰੈਮਾਸਿਕ ਪੱਤਰ

# ਸੁਰਤਾਲ

ਸੰਪਾਦਕ : ਰਣਧੀਰ ਸਿੰਘ ਚੰਦ

ਚੰਗੀਆਂ—

★ ਕਹਾਣੀਆਂ

★ ਕਵਿਤਾਵਾਂ

★ ਲੇਖ ਤੇ ਅਨੁਵਾਦ ਪੜ੍ਹਣ ਲਈ ਆਪਣੇ ਏਜੰਟ ਤੋਂ ਮੰਗੋ

ਜਾਂ

ਸਾਨੂੰ ਲਿਖੋ

ਚੰਦਾ ਵਾਰਸ਼ਕ—5 ਰੁਪੈ

**ਸੁਰਤਾਲ,** ਸੈਂਟਰਲ ਟਾਊਨ, ਜਲੰਧਰ

ਐਡੀਟਰ, ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸ੍ਰੀ ਰਘਬੀਰ ਸਿੰਘ ਨੇ ਅਨੂਪਮ ਪ੍ਰੀਟਿੰਗ ਪ੍ਰੈਸ, ਜਲੰਧਰ ਤੋਂ ਛਪਵਾਕੇ 225 B, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਪ੍ਰਕਾਸ਼ਨ ਮਿਤੀ : 8 ਅਗਸਤ 1965